
ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਪ੍ਰੋ. ਐਚ. ਐਲ. ਕਪੂਰ ਜੀ ਅਤੇ ਸੰਤੋਖ ਸਿੰਘ ਸੰਧੂ ਦਾ ਲੇਖ ਦੇਖੋ (ਸਫਾ 7 ਅਤੇ 15 'ਤੇ)

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 16
July 22, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਨੇ ਉਤਸ਼ਾਹ ਨਾਲ ਮਨਾਇਆ ਡਾ. ਅੰਬੇਦਕਰ ਜੀ ਦਾ ਜਨਮ ਦਿਨ (ਖਬਰ ਅਗਲੇ ਅੰਕ ਵਿਚ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਨੇ ਬਾਬਾ ਸਾਹਿਬ ਡਾ. ਅੰਬੇਦਕਰ ਦਾ ਜਨਮ ਦਿਨ ਉਤਸ਼ਾਹ ਨਾਲ ਮਨਾਇਆ



ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਵੱਲੋਂ ਡਾ. ਅੰਬੇਦਕਰ ਦੇ ਮਨਾਏ 124ਵੇਂ ਜਨਮ ਦਿਨ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਐਚ. ਐਲ. ਕਪੂਰ ਅਤੇ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰਾਂ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੂੰ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਵਿਸਥਾਰ ਵਿਚ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ।

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵੱਲੋਂ ਤੀਸਰਾ ਮਹਾਨ ਨਗਰ ਕੀਰਤਨ ਅਮਿੱਟ ਛਾਪ ਛੱਡ ਗਿਆ



**ਨਿਊਯਾਰਕ-** ਗੁਰੂ ਸਿਧਾਂਤ ਅਤੇ ਗੁਰਬਾਣੀ ਨੂੰ ਪਿਆਰ ਕਰਨ ਵਾਲਾ ਮਨੁੱਖ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਗਿਆ, ਜਿੱਥੇ ਜਾ ਕੇ ਉਸਨੇ ਹੱਡ ਭੰਨਵੀਂ ਮਿਹਨਤ ਨਾਲ ਜਿੱਥੇ ਆਪ, ਆਪਣੇ ਪਰਿਵਾਰ, ਨਗਰ ਨੂੰ ਖੁਸ਼ਹਾਲ ਕੀਤਾ, ਉਥੇ ਨਾਲ ਹੀ ਸਤਿਗੁਰੂ ਨੇ ਕਿਰਪਾ ਕਰਕੇ ਉਸਦੀ ਦਸਾਂ ਨਹੁੰਆਂ ਦੀ ਕਿਰਤ ਨੂੰ ਸਫਲ ਕਰਦਿਆਂ ਉਸ ਤੋਂ ਰੱਬ ਦਾ ਘਰ (ਗੁਰੂ ਘਰ) ਵੀ ਥਾਪਤ ਕਰਵਾਇਆ। ਜਿਹਾਂ ਵਿਚ ਅਮਰੀਕਾ ਦਾ ਦਿਲ ਕਹੀ ਜਾਣ ਵਾਲੀ ਸਟੇਟ ਨਿਊਯਾਰਕ ਦੇ ਕੁਈਨਜ਼ ਇਲਾਕੇ ਵਿਚ 25 ਸਾਲ ਪਹਿਲਾਂ (ਪ੍ਰਬੰਧਕਾਂ ਦੇ ਦੱਸਣ ਮੁਤਾਬਕ) ਸਨਾਨਿਤ ਸਜ਼ੁਰਗਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਪ੍ਰਚਾਰਨ ਲਈ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਇਕ ਵਿਰਾਸਤ ਰੂਪ ਵਿਚ ਗੁਰੂ ਰਵਿਦਾਸ ਗੁਰੂ ਘਰ ਦੀ ਸਥਾਪਨਾ ਕੀਤੀ। ਜਿਸਨੇ ਸਮੇਂ ਸਮੇਂ ਤੇ ਮਨੁੱਖਤਾ ਦੀ ਭਲਾਈ ਦੇ ਖੇਤਰ ਵਿਚ ਆਪਣਾ ਵਿਲੱਖਣ ਯੋਗਦਾਨ ਪਾ ਕੇ ਸੰਗਤਾਂ ਦੇ ਦਿਲਾਂ ਵਿਚ ਵੱਖਰੀ ਪਹਿਚਾਣ ਬਣਾਈ। ਨਿਊਯਾਰਕ ਵਿਚ ਇਸ ਗੁਰੂ ਘਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਦੇ ਰਚਨਹਾਰ ਪਵਿੱਤਰ ਰੂਹਾਂ ਦੇ ਦਿਨ ਮਨਾਏ ਜਾਂਦੇ ਹਨ। ਇਹਨਾਂ ਤੋਂ ਇਲਾਵਾ ਇਸ ਸਿਧਾਂਤ ਤੋਂ ਆਪਾ ਵਾਰਨ ਵਾਲੇ ਮਹਾਨ ਗੁਰਸਿੱਖਾਂ ਭਾਈ ਜੈਤਾ ਜੀ, ਬਾਬਾ ਸਾਹਿਬ ਡਾ. ਅੰਬੇਦਕਰ, ਗਿਆਨੀ ਦਿੱਤ ਸਿੰਘ, ਭਾਈ ਮਰਦਾਨਾ ਅਤੇ ਸ਼ਹੀਦਾਂ ਦੀ ਯਾਦ ਵਿਚ

(ਬਾਕੀ ਖਬਰ ਸਫਾ 4 ਤੇ ਅਤੇ ਤਸਵੀਰਾਂ ਸਫਾ 13 ਤੇ)


Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com


AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar 510-755-2132
510- 733- 2222
1421 Industrial PKWY West#F Hayward, CA 94544
Harmandeep Singh

BEST AUTO DEALS
Eye It!! Try it!! Buy it!!
Mike Hothi
(916) 991- 1778
(530) 218- 5137

649 W Elkhorn Blvd Ste 101
Rio Linda, CA 95673
ਜਪਾਨੀ ਕਾਰਾਂ ਖਰੀਦਣ ਲਈ ਮਿਲੋ
bestautodeals15@gmail.com

KSR AUTO REPAIR
Complete Auto Repair Import & Domestic
Honda & Acura Specialist Toyta, Lexus, Nissan, Mazda Mercedes Benz, BMW, Volvo, Volkswager

50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674


SANDHU IMMIGRATION CONSULTANT
Passports, Visas, Green Cards, Notary, Immigration Forms Citizenship, Study Visas, Family Immigration Visas
"Sandhu Tours And Travels", (CST# 2122162-50)
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)

GR Video Production
Where precious moments are captured

Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138

PARMINDER SINGH
REALTOR
JAIN REALTY
COMMERCIAL AND RESIDENTIAL REAL ESTATE
ਸੈਕਰਾਮੈਂਟੋ, ਨਤੋਮਸ, ਰੋਜਵਿਲ, ਐਲਕ ਗਰੋਵ, ਸਟਾਕਟਨ ਅਤੇ ਬੇ-ਏਰੀਏ ਵਿਚ ਵਪਾਰਕ ਅਤੇ ਹਰ ਕਿਸਮ ਦਾ ਘਰ ਖਰੀਦਣ-ਵੇਚਣ ਲਈ ਸੰਪਰਕ ਕਰੋ

BRE LIC# 1469392
916 410 0711


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539













Printer : Barapind Printing Press, Email: bpp467@gmail.com

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਹਫਤਾਵਾਰੀ ਦੀਵਾਨ ਤਹਿਤ ਧਾਰਮਿਕ ਕਵੀ ਦਰਬਾਰ ਸੈਕਰਾਮੈਂਟੋ ਵਿਖੇ ਕਰਵਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਯੂ. ਐਸ. ਏ.) (ਪ੍ਰਮਿੰਦਰ ਸਿੰਘ ਪ੍ਰਵਾਨਾ)–** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਜੀਵਨ ਨੂੰ ਸਮਰਪਿਤ ਇਕ ਧਾਰਮਿਕ ਕਵੀ ਦਰਬਾਰ ਸੈਕਰਾਮੈਂਟੋ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਪ੍ਰਮਿੰਦਰ ਸਿੰਘ 'ਰਾਏ ਖਾਨ ਖਾਨਾ', ਤਰਸੇਮ ਸਿੰਘ 'ਸੁਮਨ', ਗੁਰਦਿਆਲ ਸਿੰਘ 'ਨੂਰਪੁਰੀ', ਚਰਨ-ਜੀਤ ਸਿੰਘ 'ਪੰਨੂ', ਪ੍ਰਮਿੰਦਰ ਸਿੰਘ 'ਪ੍ਰਵਾਨਾ', ਅਵਤਾਰ ਸਿੰਘ ਆਦਿ ਕਵੀ ਸ਼ਾਮਲ ਹੋਏ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਅਜਿਹੇ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਦਾ ਮਨੋਰਥ ਗੌਰਵਮਈ ਵਿਲੱਖਣ ਸਿੱਖ ਇਤਿਹਾਸ ਅਤੇ ਵਿਰਸੇ ਨੂੰ ਪ੍ਰਚਾਰਨਾ ਹੈ। ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਇਕ ਨਵਾਂ ਮੋੜ ਦਿੱਤਾ।



ਗੁਰੂ ਜੀ ਦੇ ਰੂਹਾਨੀ ਦਰਬਾਰ ਵਿਚ ਗੁਣੀਆਂ, ਵਿਦਵਾਨਾਂ, ਕਲਮਕਾਰਾਂ ਅਤੇ ਕਵੀਆਂ ਦਾ ਚੋਖਾ ਸੰਗਠਨ ਹੋ ਗਿਆ ਸੀ ਜੋ ਗੁਰੂ ਜੀ ਦੀ ਸਰਪ੍ਰਸਤੀ ਹੇਠ ਰਹੇ, ਜਿਹਨਾਂ ਵਿਚੋਂ 52 ਦਰਬਾਰੀ ਰਤਨ ਕਵੀ ਸਨ। ਗੁਰੂ ਜੀ ਨੇ ਹਮੇਸ਼ਾ ਉਹਨਾਂ ਨੂੰ ਸਨਮਾਨ ਨਾਲ ਨਿਵਾਜਿਆ। ਪ੍ਰਬੰਧਕਾਂ ਵੱਲੋਂ ਅਜਿਹੇ ਧਾਰਮਿਕ ਕਵੀ ਦਰਬਾਰ ਇਯੇ ਗੁਰਦੁਆਰੇ ਵਿਚ ਸਜਾਏ ਜਾਣ ਦਾ ਹੁੰਗਾਰਾ ਦਿੱਤਾ ਗਿਆ। ਕਵੀਆਂ ਦਾ ਸਨਮਾਨ ਕੀਤਾ ਗਿਆ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋ ਗਿਆ।

# ਧਰਤੀ ਦੀ ਸਭ ਤੋਂ ਮਹਿੰਗੀ ਜਗ੍ਹਾ



ਵਿਸ਼ਵ ਦੀ ਸਭ ਤੋਂ ਮਹਿੰਗੀ ਥਾਂ ਸਰਹਿੰਦ (ਫਤਿਹਗੜ੍ਹ ਸਾਹਿਬ) ਵਿਖੇ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰੀ ਜੀ ਦਾ ਅੰਤਿਮ ਸੰਸਕਾਰ ਹੋਇਆ ਸੀ। ਦੀਵਾਨ ਟੋਡਰ ਮੱਲ ਨੇ ਇਹ ਥਾਂ 78000 ਸੋਨੇ ਦੇ ਸਿੱਕੇ ਜ਼ਮੀਨ ਤੇ ਵਿਛਾ ਕੇ ਖਰੀਦੀ ਸੀ। ਦੱਸਦੇ ਹਨ ਕਿ ਸੋਨੇ ਦੀ ਕੀਮਤ ਮੁਤਾਬਕ ਇਸ 4 ਸਕੁਏਅਰ ਮੀਟਰ ਧਰਤੀ ਦੀ ਕੀਮਤ 2500000000 (ਦੋ ਅਰਬ ਪੰਜਾਹ ਕਰੋੜ) ਬਣਦੀ ਹੈ। ਦੁਨੀਆਂ ਦੀ ਸਭ ਤੋਂ ਮਹਿੰਗੀ ਜਗ੍ਹਾ ਖਰੀਦਣ ਦਾ ਰਿਕਾਰਡ ਸਿੱਖ ਧਰਮ ਦੇ ਇਤਿਹਾਸ ਵਿਚ ਦਰਜ ਹੈ ਕਿਉਂਕਿ ਅੱਜ ਤੱਕ ਐਨੀ ਜ਼ਿਆਦਾ ਕੀਮਤ ਤੇ ਐਨੀ ਘੱਟ ਜਗ੍ਹਾ ਕਿਸੇ ਨੇ ਵੀ ਨਹੀਂ ਖਰੀਦੀ।

# ਪੀਸੀਏ ਫਰਿਜ਼ਨੋ ਵੱਲੋਂ ਜੈਕਾਰਾ ਮੂਵਮੈਂਟ ਲਈ ਫੰਡ ਇਕੱਤਰ ਕਰਨ ਲਈ ਸਰਤਾਜ ਦਾ ਅਖਾੜਾ 8 ਅਗਸਤ ਨੂੰ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–**ਸਥਾਨਿਕ ਜੈਕਾਰਾ ਮੂਵਮੈਂਟ ਦੇ ਨੌਜਵਾਨ ਬੱਚੇ ਬੱ-ਚੀਆਂ ਵੱਲੋਂ ਆਪਣੀ ਸੰਸਥਾ ਲਈ ਪੀਸੀਏ ਫਰਿਜ਼ਨੌਂ ਦੇ ਸਹਿਯੋਗ ਨਾਲ ਇੱਕ ਫੰਡ ਰੇਜਰ ਪ੍ਰੋਗ੍ਰਾਮ ਦਾ ਅਯੋਜਨ ਵੁਡਵਰਡ ਪਾਰਕ ਵਿੱਚ ਅੱਠ ਅਗਸਤ ਦਿਨ ਐਤਵਾਰ ਨੂੰ ਕੀਤਾ ਗਿਆ ਹੈ। ਇਸ ਫੰਡ ਰੇਜਰ ਸਮਾਗਮ ਵਿੱਚ ਲੋਕਾ ਦਾ ਮਨੋਰੰਜਨ ਕਰਨ ਲਈ ਉਘੇ ਲੋਕ ਗਾਇਕ ਸਤਿੰਦਰ ਸਰਤਾਜ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਇਸ ਮੌਕੇ ਪੱਤਰਕਾਰਾ ਨਾਲ ਗੱਲਬਾਤ ਕਰਦਿੰਆ ਪੀਸੀਏ ਮੈਂਬਰ ਮਿੱਕੀ ਸਰਾਂ ਨੇ ਕਿਹਾ ਕਿ ਇਸ ਪ੍ਰੋਗਰਾਮ ਦੌਰਾਨ ਇਕੱਤਰ



ਹੋਈ ਪਾਈ ਪਾਈ ਜੈਕਾਰਾ ਮੂਵਮਿੰਟ ਦੇ ਕਾਰਕੁਨਾ ਹਵਾਲੇ ਕੀਤੀ ਜਾਵੇਗੀ..!

ਉਹਨਾਂ ਕਿਹਾ ਕਿ ਸਾਡੀ ਨਵੀਂ ਪਨੀਰੀ ਨੂੰ ਸਾਡੇ ਧਰਮ ਅਤੇ ਵਿਰਸੇ ਨਾਲ ਜੋੜਨ ਲਈ ਜੋ ਉਪਰਾਲੇ ਇਹ ਸੰਸਥਾ ਕਰ ਰਹੀ ਹੈ ਇਹਦੀ ਜਿਨ੍ਹੀਂ ਵੀ ਸਲਾਹੁਤਾ ਕੀਤੀ ਜਾਵੇ ਘੱਟ ਹੈ ।

ਉਹਨਾਂ ਹਰੇਕ ਮਾਈ ਭਾਈ ਨੂੰ ਜੈਕਾਰਾ ਦੀ ਦਿਲ ਖੋਲ੍ਹਕੇ ਮੱਦਦ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਪਰਿਵਾਰਾ ਦੀ ਸੁਰੱਖਿਆ ਨੂੰ ਮੁੱਖ ਰੱਖਕੇ ਸਕਿਉਰਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਹੋਰ ਵਧੇਰੇ ਜਾਣਕਾਰੀ ਲਈ ਫੋਨ ਕਰੋ (408) 966-7019 ਜਾ (510) 709-8000....!

# ਪੰਜਾਬ ਵਿੱਚ ਛੇ ਮਹੀਨਿਆਂ ਵਿੱਚ ਹੋਏ 358 ਕਤਲ

**ਚੰਡੀਗੜ੍ਹ–** ਪੰਜਾਬ ਸਰਕਾਰ ਭਾਵੇਂ ਜੋ ਮਰਜ਼ੀ ਕਹੇ ਪਰ ਪੰਜਾਬ ਵਿੱਚ ਅਪਰਾਧ ਘਟਣ ਦਾ ਨਾਂ ਨਹੀਂ ਲੈ ਰਿਹਾ। ਰਾਜ ਵਿੱਚ ਜਿਥੇ ਰੋਜ਼ਾਨਾ ਚੋਰੀਆਂ ਤੇ ਲੁੱਟਾਂ ਖੋਹਾਂ ਦੀਆਂ 23 ਘਟਨਾਵਾਂ ਵਾਪਰ ਰਹੀਆਂ ਹਨ ਉਥੇ ਹਰ ਦੋ ਦਿਨਾਂ ਵਿੱਚ ਜਬਰਨਾਹ ਦੇ ਪੰਜ ਕੇਸ ਦਰਜ ਹੋ ਰਹੇ ਹਨ। ਇਸ ਵਰ੍ਹੇ ਦੇ ਅੱਧ ਤੱਕ ਰਾਜ ਵਿੱਚ 358 ਕਤਲ ਹੋਏ ਹਨ।

ਪੰਜਾਬ ਪੁਲੀਸ ਹੈੱਡਕੁਆਰਟਰ ਤੋਂ ਹਾਸਲ ਕੀਤੇ ਅੰਕੜਿਆਂ ਮੁਤਾਬਕ ਅਗਵਾ, ਜਬਰ ਜਨਾਹ, ਚੋਰੀਆਂ, ਲੁੱਟਾਂ ਅਤੇ ਠੱਗੀਆਂ ਦੇ ਕੇਸਾਂ ਵਿੱਚ ਵਾਧਾ ਹੋਇਆ ਹੈ। ਪੰਜਾਬ ਪੁਲੀਸ ਵੱਲੋਂ ਹੁਣ ਪਹਿਲਾਂ ਵਾਂਗ ਐਨਡੀਪੀਐਸ ਐਕਟ ਤਹਿਤ ਧੜਾਧੜ ਕੇਸ ਦਰਜ ਕਰਨ ਦੀ ਥਾਂ ਰਫ਼ਤਾਰ ਘਟਾਈ ਜਾਪਦੀ ਹੈ। ਇਸ ਸਾਲ ਦੇ ਪਹਿਲੇ ਅੱਧ ਦੇ ਅੰਕੜਿਆਂ ਮੁਤਾਬਕ ਰਾਜ ਵਿੱਚ ਅਗਵਾ ਕਰਨ ਅਤੇ ਉਧਾਲਣ ਦੇ ਮਾਮਲਿਆਂ ਵਿੱਚ 27 ਫ਼ੀਸਦ ਵਾਧਾ ਹੋਇਆ ਹੈ।

ਰੋਜ਼ਾਨਾ ਔਸਤਨ ਅਗਵਾ ਦੀਆਂ ਪੰਜ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਰਾਜ ਦੇ ਸਮੂਹ ਥਾਣਿਆਂ ਵਿੱਚ ਇਸ ਸਬੰਧੀ 908 ਕੇਸ ਦਰਜ ਕੀਤੇ ਗਏ ਹਨ।

# ਭਾਰੀ ਮੀਂਹ ਕਾਰਨ ਫਰੀਵੇਅ 10 ਦਾ ਪੁਲ੍ਹ ਰੁੜ੍ਹਿਆ!

**ਡੈਜ਼ਰਟ ਸੈਂਟਰ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਉਤਰੀ ਕੈਲੇਫੋਰਨੀਆਂ ਵਿੱਚ ਭਾਰੀ ਮੀਂਹ ਕਾਰਨ ਜਨ-ਜੀਵਨ ਬੁਰੀ ਤਰਾਂ ਨਾਲ ਪ੍ਰਭਾਵਿਤ ਹੋਇਆ ਹੈ.. ਕਈ ਥਾਵਾਂ ਤੇ ਬਿਜਲੀ ਡਿੱਗਣ ਅਤੇ ਪਾਵਰ ਆਉਟਿਜ਼ ਦੀਆਂ ਖਬਰਾਂ ਵੀ ਆਈਆ ਹਨ। ਇਸੇ ਤਰਾਂ ਕੈ-ਲੇਫੋਰਨੀਆਂ ਅਤੇ ਐਰੀਜ਼ੋਨਾਂ ਸਟੇਟ ਬਾਰਡਰ ਤੇ ਲੰਘੇ ਐਤਵਾਰ ਯਾਤਰੀਆਂ ਨੂੰ ਉਸ ਵਕਤ ਫਰੀਵੇਅ 10 ਤੇ ਘੰਟਿਆ ਬੱਧੀ ਬਹਿਣਾ ਪਿਆ ਜਦੋਂ ਭਾਰੀ ਮੀਂਹ ਕਾਰਨ ਇੱਕ ਡਰੇਨ ਦਾ ਪੁਲ੍ਹ ਮੀਂਹ ਦੇ ਪਾਣੀ ਵਿੱਚ ਹੜ੍ਹ ਗਿਆ ਅਤੇ ਕੈ-ਲੇਫੋਰਨੀਆਂ ਸਟੇਟ ਦਾ ਐਰੀਜ਼ੋਨਾਂ ਸਟੇਟ ਨਾਲੋਂ ਸੜਕੀ ਸੰਪਰਕ ਟੁਟ ਗਿਆ। ਲੋਕਾ ਨੂੰ ਆਪਣੀ ਮੰਜਲ ਤੱਕ ਪਹੁੰਚਣ ਲਈ ਸੈਕੜੇ ਮੀਲਾਂ ਦਾ ਵਲ੍ਹ ਪਾਕੇ ਜਾਣਾ ਪਿਆ।

ਇਹ ਪੁਲ੍ਹ ਇੰਡਿਓ ਸ਼ਹਿਰ ਤੋ 50 ਮੀਲ ਪੂਰਵ ਵਾਲੀ ਸਾਇਡ ਤੇ ਵਸੇ ਸ਼ਹਿਰ ਡੈਜਰਟ ਸੈਂਟਰ ਵਿੱਚ ਪੈਂਦਾ ਹੈ। ਇਸ ਪੁਲ੍ਹ ਦੇ ਹੜਨ ਕਾਰਨ ਇੱਕ ਪਿੱਕਅੱਪ ਟਰੱਕ ਇਸ ਡਰੇਨ ਵਿੱਚ ਡਿੱਗ ਗਿਆ ਜਿਸ ਕਰਕੇ ਇਸ ਵਿੱਚ ਸਵਾਰ ਦੋ ਵਿਅੱਕਤੀਆ ਨੂੰ ਅੱਗ ਬੁਝਾਊ ਅਮਲੇ ਦੇ ਮੈਂਬਰਾ ਨੇ ਆਮ ਲੋਕਾ ਦੀ ਮੱਦਦ ਨਾਲ ਬਾਹਰ ਕੱਢਿਆ ਇਸ ਹਾਦਸੇ ਵਿੱਚ ਡਰਾਇਵਰ ਨੂੰ ਕਾਫੀ ਸੱਟਾ ਲੱਗੀਆ ਅਤੇ ਉਸਨੂੰ ਲਾਗਲੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਇਸ ਪੁਲ੍ਹ ਦੇ ਹੜਨ ਕਾਰਨ ਫਰੀਵੇਅ ਦਸ ਈਸਟ ਬੌਂਡ ਪੂਰੀ ਤਰਾਂ ਨਾਲ ਅਗਾਊਂ ਨੋਟਿਸ ਤੱਕ ਬੰਦ ਕਰ ਦਿੱਤਾ ਗਿਆ ਹੈ, ਜਦੋਂ ਕਿ ਇਤਿਹਾਦ ਦੇ ਤੌਰ ਤੇ ਵਿਸਟ ਬੌਂਡ ਵੀ ਅਣ ਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਹੈ। ਕੈਲੇਫੋਰਨੀਆਂ ਤੋਂ ਐਰੀਜ਼ੋਨਾਂ ਜਾਣ ਲਈ ਡਰਾਇਵਰ ਹੁਣ ਹਾਈਵੇਅ 40 ਤੋਂ 95 ਜਾ 111 ਅਤੇ 86 ਤੋਂ 8 ਲੈਕੇ ਆਪਣੀ ਮੰਜਲ ਤੱਕ ਪਹੁੰਚ ਸਕਦੇ ਹਨ।



# ਬਾਪੂ ਸੂਰਤ ਸਿੰਘ ਖਾਲਸਾ ਨੇ ਪਾਣੀ ਦਾ ਵੀ ਕੀਤਾ ਤਿਆਗ

**ਲੁਧਿਆਣਾ–** ਜੇਲ੍ਹਾਂ ਤੋਂ ਬੰਦੀਆਂ ਦੀ ਰਿਹਾਈ ਲਈ ਪਿਛਲੇਂ 189 ਦਿਨਾਂ ਤੋਂ ਭੁੱਖ ਹੜਤਾਲ ਕਰ ਰਹੇ ਬਾਪੂ ਸੂਰਤ ਸਿੰਘ ਖਾਲਸਾ ਨੇ ਸਰਕਾਰੀ ਧੱਕੇਸ਼ਾਹੀ ਅਤੇ ਜੁਲਮ ਦਾ ਟਾਕਰਾ ਸਬਰ ਨਾਲ ਕਰਦਿਆਂ ਪਾਣੀ ਪੀਣਾਂ ਵੀ ਬੰਦ ਕਰ ਦਿੱਤਾ ਹੈ। ਉਨ੍ਹਾਂ ਨੇ ਸੋਮਵਾਰ ਸ਼ਾਮ ਸਾਢੇ ਚਾਰ ਵਜੇ ਤੋਂ ਬਾਅਦ ਪਾਣੀ ਦੀ ਇੱਕ ਵੀ ਬੂੰਦ ਵੀ ਨਹੀਂ ਪੀਤੀ। ਉਹ ਨਾ ਤਾਂ ਡਾਕਟਰਾਂ ਤੋਂ ਆਪਣਾ ਇਲਾਜ ਕਰਵਾ ਰਹੇ ਹਨ ਅਤੇ ਨਾ ਹੀ ਦਵਾਈ ਲੈ ਰਹੇ ਹਨ। ਖਾਲਸਾ ਦੀ ਇਸ ਨਾਰਾਜ਼ਗੀ ਕਾਰਨ ਪ੍ਰਸ਼ਾਸਨ ਦੀ ਸਿਰਦਰਦੀ ਕਾਫ਼ੀ ਵੱਧ ਗਈ ਹੈ। ਸਿਵਲ ਹਸਪਤਾਲ 'ਚ ਖਾਲਸਾ ਦੇ ਕਮਰੇ ਦੇ ਆਲੇ ਦੁਆਲੇ ਪੁਲੀਸ ਦਾ ਸਖ਼ਤ ਪਹਿਰਾ ਹੈ। ਕਿਸੇ ਨੂੰ ਵੀ ਅੰਦਰ ਜਾਣ ਦੀ ਆਗਿਆ ਨਹੀਂ। ਸੋਮਵਾਰ ਸਵੇਰੇ ਬਾਪੂ ਨੂੰ ਮਿਲਣ ਲਈ ਹਸਪਤਾਲ ਪੁੱਜੇ ਉਸਦੇ ਪੁੱਤਰ ਅਤੇ ਧੀ ਨੂੰ ਵੀ ਪੁਲੀਸ ਨੇ ਮਿਲਣ ਤੋਂ ਮਨ੍ਹਾਂ ਕਰ ਦਿੱਤਾ ਸੀ। ਕਾਫ਼ੀ ਬਹਿਸਬਾਜ਼ੀ ਤੋਂ ਬਾਅਦ ਹੀ ਉਹ ਮਿਲਣ ਵਿੱਚ ਕਾਮਯਾਬ ਹੋਏ। ਖਾਲਸਾ ਨੇ ਕਿਹਾ ਕਿ ਉਨ੍ਹਾਂ ਦੀ ਬਿਮਾਰੀ ਦਾ ਇਲਾਜ ਸਿਰਫ਼ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕੋਲ ਹੈ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਲਿਖਤੀ ਤੌਰ ਉੱਤੇ ਇਹ ਮੰਗ ਕੀਤੀ ਹੈ। ਬਾਪੂ ਨੇ ਇਹ ਵੀ ਸਾਫ਼ ਕੀਤਾ ਹੈ ਕਿ ਜਦੋਂ ਤੱਕ ਐਤਵਾਰ ਅਤੇ ਸੋਮਵਾਰ ਨੂੰ ਹਿਰਾਸਤ 'ਚ ਲਏ ਸਾਰੇ ਲੋਕ ਛੱਡੇ ਨਹੀਂ ਜਾਂਦੇ, ਉਦੋਂ ਤੱਕ ਪ੍ਰਸ਼ਾਸਨ ਨਾਲ ਕੋਈ ਗ਼ੱਲਬਾਤ ਨਹੀਂ ਕੀਤੀ ਜਾਵੇਗੀ। ਬਾਪੂ ਦੀ ਬੇਟੀ ਸਰਵਿੰਦਰ ਕੌਰ ਨੇ ਕਿਹਾ ਕਿ ਸੰਘਰਸ਼ ਕਮੇਟੀ ਹੁਣ ਅੱਗੇ ਦੀ ਰਣਨੀਤੀ ਤਿਆਰ ਕਰੇਗੀ। ਬਾਪੂ ਖਾਲਸਾ ਨੇ ਹਸਪਤਾਲ ਵਿੱਚ ਕਿਹਾ ਕਿ ਸਿੱਖ ਬੰਦੀਆਂ ਦੀ ਰਿਹਾਈ ਲਈ ਡੀਜੀਪੀ ਸੁਮੇਧ ਸੈਣੀ ਨੇ ਐਸਐਸਪੀ ਰਵਚਰਨ ਸਿੰਘ ਬਰਾੜ ਦੇ ਟੈਲੀਫੋਨ 'ਤੇ ਕਿਹਾ ਹੈ ਕਿ ਉਹ ਸਿੱਖ ਬੰਦੀਆਂ ਦੀ ਰਿਹਾਈ ਜਲਦ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਟੈਲੀਫੋਨ 'ਤੇ ਵਿਸ਼ਵਾਸ ਨਹੀਂ ਹੈ, ਜੋ ਵੀ ਗੱਲ ਕਰਨੀ ਹੈ ਉਹ ਆ ਕੇ ਕਰਨ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733
Yuba City Ph: 530-419-5058



1816 Main Ave.,
Secramento CA, 95838

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵੱਲੋਂ ਤੀਸਰਾ ਮਹਾਨ ਨਗਰ ਕੀਰਤਨ ਅਮਿੱਟ ਛਾਪ ਛੱਡ ਗਿਆ

## ਰਾਕੇਸ਼ ਕੁਮਾਰ ਲੁਧਿਅਣਾ ਵੱਲੋਂ 2 ਨਵੇਂ ਵਰਲਡ ਰਿਕਾਰਡ ਸਥਾਪਤ ਕੀਤੇ ਗਏ

ਸ਼ਹੀਦੀ ਦਿਹਾੜੇ ਸਭ ਚੜ੍ਹਦੀ ਕਲਾ ਵਿਚ ਗੁਰੂ ਘਰ ਤੋਂ ਲਾਈਵ ਪ੍ਰੋਗਰਾਮ ਕਰਕੇ ਮਨਾਏ ਜਾਂਦੇ ਹਨ।

ਪਿਛਲੇ ਸਾਲਾਂ ਤੋਂ ਜਦੋਂ ਸ. ਨਿਰਮਲ ਸਿੰਘ ਦੀ ਪ੍ਰਧਾਨਗੀ ਹੇਠ ਮੌਜੂਦਾ ਪ੍ਰਬੰਧਕ ਕਮੇਟੀ ਸੰਗਤ ਨੇ ਗੁਰੂ ਘਰ ਦੀ ਸਾਂਭ ਸੰਭਾਲ ਵਿਚ ਲਿਆਂਦੀ ਹੈ, ਉਦੋਂ ਤੋਂ ਕਮੇਟੀ ਨੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਚ ਕਈ ਨਵੇਂ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ, ਜਿਹਨਾਂ ਵਿਚ ਇਸ ਪਾਵਨ ਅਸਥਾਨ ਤੇ ਪਹਿਲੀ ਵਾਰ ਨਗਰ ਕੀਰਤਨ ਦੀ ਸ਼ੁਰੂਆਤ ਕਰਨਾ, ਮੁਫਤ ਮੈਡੀਕਲ ਚੈਕਅਪ ਕੈਂਪ, ਮੁਫਤ ਖ਼ੂਨਦਾਨ ਕੈਂਪ, ਬੱਚਿਆਂ ਨੂੰ ਆਪਣੇ ਅਮੀਰ ਪੰਜਾਬੀ ਵਿਰਸੇ ਅਤੇ ਮਾਂ ਬੋਲੀ ਨਾਲ ਜੋੜਨ ਲਈ ਵਿਸ਼ੇਸ਼ ਕਲਾਸਾਂ ਦਾ ਪ੍ਰਬੰਧ ਕਰਨਾ, ਪ੍ਰਭਾਤ ਫੇਰੀਆਂ ਦੀ ਸ਼ੁਰੂਆਤ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਰਾਗਾਂ ਵਿਚ ਗਾਉਣ ਲਈ ਰਾਗ ਦਰਬਾਰ, ਕਵੀ ਦਰਬਾਰ, ਢਾਡੀ ਦਰਬਾਰ ਅਤੇ ਗੁਰੂ ਘਰ ਤੋਂ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਸਪੋਰਟਸ ਗਰੁੱਪ ਆਦਿ ਸਥਾਪਤ ਕਰਵਾਏ ਗਏ। 11 ਜੁਲਾਈ ਦਿਨ ਸ਼ਨਿਚਰਵਾਰ ਨੂੰ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਤੇ ਸਤਿਗੁਰੂ ਦੀ ਕਿਰਪਾ ਨਾਲ ਇਹ ਤੀਸਰੇ ਮਹਾਨ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿਚ 3 ਜੁਲਾਈ ਤੋਂ 12 ਜੁਲਾਈ ਤੱਕ ਹਰ ਰੋਜ਼ ਸ਼ਾਮ ਨੂੰ ਵਿਸ਼ੇਸ਼ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਅਮਰੀਕ ਸਿੰਘ ਚੰਡੀਗੜ੍ਹ ਵਾਲੇ, ਕੀਰਤਨੀਏ ਭਾਈ ਹਰਪ੍ਰੀਤ ਸਿੰਘ, ਸ੍ਰੀ ਦਰਬਾਰ ਸਾਹਿਬ ਵਾਲੇ, ਭਾਈ ਤਰਲੋਕ ਸਿੰਘ ਸ੍ਰੀ ਪਾਉਂਟਾ ਸਾਹਿਬ ਵਾਲੇ, ਢਾਡੀ ਹਰਬੰਸ ਸਿੰਘ ਬਿਲਗਾ ਵਾਲੇ ਅਤੇ ਸੁਲੱਖਣ ਸਿੰਘ ਦਾ ਕਵੀਸ਼ਰੀ ਜਥਾ ਸੰਗਤਾਂ ਨਾਲ ਗੁਰੂ ਦੇ ਸ਼ਬਦ ਦੀ ਸਾਂਝ ਕਰ ਰਹੇ ਸਨ।

12 ਜੁਲਾਈ ਨੂੰ ਦੂਸਰਾ ਮੁਫਤ ਖ਼ੂਨਦਾਨ ਕੈਂਪ ਗੁਰੂ ਘਰ ਵਿਚ ਬੱਚਿਆਂ ਦੇ ਗਰੁੱਪ (ਗੁਰੂ ਕੇ ਪਿਆਰੇ ਵੱਲੋਂ) ਲਗਾਇਆ ਗਿਆ ਜਿਸ ਵਿਚ ਸੰਗਤਾਂ ਨੇ ਵੱਧ ਚੜ੍ਹ ਕੇ ਖ਼ੂਨਦਾਨ ਕੀਤਾ। ਇਹ ਕੈਂਪ ਨਿਊਯਾਰਕ ਹੈਲਥ ਡਿਪਾਰਟਮੈਂਟ ਦੇ ਸਹਿਯੋਗ ਨਾਲ ਲਗਾਇਆ ਗਿਆ ਸੀ। ਨਗਰ ਕੀਰਤਨ ਅਤੇ ਦੀਵਾਨਾਂ ਵਿਚ ਸੰਗਤਾਂ ਨੇ ਵੱਧ ਚੜ੍ਹ ਕੇ ਹਾਜ਼ਰੀ ਭਰ ਕੇ ਗੁਰੂ ਦੀਆਂ ਰਹਿਮਤਾਂ ਨੂੰ ਆਪਣੀ ਝੋਲੀ ਵਿਚ ਪੁਆਇਆ। ਪ੍ਰਬੰਧਕਾਂ ਦੇ ਦੱਸਣ ਅਨੁਸਾਰ ਭਾਵੇਂ ਕਿ ਕੁਝ ਲੋਕ ਜੋ ਗੁਰੂ ਘਰ ਵਿਚ ਹੁੰਦੀ ਸਿਧਾਂਤ ਦੀ ਗੱਲ ਨੂੰ ਬੰਦ ਕਰਨਾ ਚਾਹੁੰਦੇ ਹਨ, ਨਗਰ ਕੀਰਤਨ ਵੀ ਬੰਦ ਕਰਵਾਉਣਾ ਚਾਹੁੰਦੇ ਹਨ, ਉਹਨਾਂ ਦੀਆਂ ਸਾਰੀਆਂ ਸਕੀਮਾਂ ਸੰਗਤ ਗੁਰੂ ਦੀ ਕਿਰਪਾ ਨਾਲ ਨਕਾਰਦੀ ਹੋਈ ਹਜ਼ਾਰਾਂ ਦੀ ਤਦਾਦ ਵਿਚ ਪਿਛਲੇ ਨਗਰ ਕੀਰਤਨ ਤੋਂ ਵੀ ਵੱਧ ਹਾਜ਼ਰੀ ਵਿਚ ਪਹੁੰਚੀ।

ਇਹਨਾਂ ਲੋਕਾਂ ਦੀ ਇਸ ਹਰਕਤ ਦਾ ਸੰਗਤ ਵੱਲੋਂ ਬੁਰਾ ਮਨਾਇਆ ਗਿਆ ਕਿ ਇਹਨਾਂ ਨੇ ਗੁਰੂ ਘਰ ਤੇ ਇਕ ਰਸੀਵਰ ਤੇ ਇਕ ਇਕ ਰੈਫਰੀ ਲਗਾ ਕੇ ਗੁਰੂ ਘਰ ਵਿਚ ਸੰਗਤਾਂ ਵੱਲੋਂ ਦਿੱਤੀ ਮਾਇਆ ਦਾ ਦੁਰਉਪਯੋਗ ਕਰਵਾ ਰਹੇ ਹਨ। ਆਪ ਸਭ ਨੂੰ ਯਾਦ ਹੋਵੇਗਾ ਕਿ ਪਿੰਦਰਪਾਲ ਵੱਲੋਂ ਗੁਰੂ ਘਰ ਤੇ ਰਸੀਵਰ ਲਗਵਾਉਣ ਲਈ ਕੋਰਟ ਵਿਚ ਮੋਸ਼ਨ ਪਾਇਆ ਗਿਆ ਸੀ ਜਿਸ ਤਹਿਤ ਇਹ ਰਸੀਵਰ ਤੇ ਰੈਫਰੀ ਗੁਰੂ ਘਰ ਵਿਚ ਆ ਰਹੇ ਹਨ।

ਨਗਰ ਕੀਰਤਨ ਗੁਰੂ ਘਰ ਪੰਜ ਪਿਆਰਿਆਂ ਤੇ ਧੰਨ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਆਰੰਭ ਹੋਇਆ। ਅੱਗੇ ਨਗਾਰੇ ਵਾਲਾ ਤੇ ਫਲੋਟ ਤੇ ਇਕ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਕੈਡਮੀ ਦੇ ਨੌਜਵਾਨ ਤੇ ਬੱਚੇ ਗਤਕਾ ਖੇਡ ਰਹੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦੇ ਫਲੋਟ ਤੋਂ ਪਿੱਛੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਸਮਰਪਿਤ ਫਲੋਟ ਚੱਲ ਰਿਹਾ ਸੀ। ਉਸ ਪਿੱਛੇ ਸਤਿਗੁਰੂ ਕਬੀਰ ਤੇ ਸਰਬ ਸਾਂਝੀਵਾਲਤਾ ਨੂੰ ਦਰਸਾਉਂਦੇ ਫਲੋਟ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਉਂਦੇ ਹੋਏ ਪ੍ਰਬੰਧਕਾਂ ਦੀ ਦੂਰ ਅੰਦੇਸ਼ੀ ਦਾ ਪ੍ਰਗਟਾਵਾ ਕਰ ਰਹੇ ਸਨ।

ਤੀਸਰੇ ਮਹਾਨ ਨਗਰ ਕੀਰਤਨ ਵਿਚ ਨਿਊਯਾਰਕ, ਨਿਊਜਰਸੀ, ਕਨੈਕਟੀਕੱਟ, ਪੈਨਸਲਵੇਨੀਆ, ਵਾਸ਼ਿੰਗਟਨ ਡੀ. ਸੀ., ਵਰਜੀਨੀਆ, ਨੌਰਥ ਕੈਰੋਲਿਨਾ, ਕੈਲੇਫੋਰਨੀਆ, ਕਨੇਡਾ, ਇੰਗਲੈਂਡ, ਇੰਡੀਆ ਅਤੇ ਪੰਜਾਬ ਤੋਂ ਸੰਗਤਾਂ ਪੁੱਜੀਆਂ ਹੋਈਆਂ ਸਨ।

ਇਸ ਵਿਸ਼ੇਸ਼ ਪ੍ਰੋਗਰਾਮ ਵਿਚ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ, ਸਿੱਖ ਕਲਚਰਲ ਸੁਸਾਇਟੀ ਗੁਰੂ ਘਰ, ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ, ਸਿੱਖ ਸੈਂਟਰ ਫਲੱਸ਼ਿੰਗ ਗੁਰੂ ਘਰ, ਰਾਮਗੜ੍ਹੀਆ ਸਿੱਖ ਸੈਂਟਰ ਗੁਰੂ ਘਰ, ਬਾਬਾ ਬਾਲਕ ਨਾਥ ਮੰਦਰ, ਭਗਵਾਨ ਬਾਲਮੀਕ ਸੁਸਾਇਟੀ, ਗੁਰੂ ਘਰ ਸਟੇਟਨ ਆਈਲੈਂਡ, ਸੰਤ ਸਾਗਰ ਗੁਰੂ ਘਰ, ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ, ਸ਼ਹੀਦ ਕਰਤਾਰ ਸੁਸਾਇਟੀ, ਭਾਈ ਲਾਲੋ ਸਿੱਖ ਸੁਸਾਇਟੀ, ਬਾਬਾ ਮਾਝਾ ਸਿੰਘ ਗੁਰੂ ਘਰ, ਖਾਲਸਾ ਸਕੂਲ ਕੁਈਨਜ਼ ਵਿਲਇਜ਼, ਸਿੰਘ ਸਭਾ ਗੁਰੂ ਘਰ ਕਾਰਟੇਰਟ, ਦਸਮੇਸ਼ ਦਰਬਾਰ ਗੁਰੂ ਘਰ ਕਾਰਟੇਰਟ, ਸਿੱਖ ਯੂਥ ਆਫ ਅਮਰੀਕਾ, ਸਾਕਾ ਜਥੇਬੰਦੀ, ਪੰਥਕ ਸਿੱਖ ਸੁਸਾਇਟੀ, ਅਮੈਰਿਕਨ ਸਿੱਖ ਅਵੇਅਰਨੈਸ ਸੁਸਾਇਟੀ ਆਦਿ ਦੇ ਪ੍ਰਬੰਧਕ ਸਾਹਿਬਾਨ ਤੇ ਸੰਗਤ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਤੋਂ ਵਿਸ਼ੇਸ਼ ਤੌਰ ਤੇ ਸਭਾ ਦੇ ਸਕੱਤਰ ਪਹੁੰਚੇ ਹੋਏ ਸਨ।

ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵੱਲੋਂ ਇਸ ਨਗਰ ਕੀਰਤਨ ਨੂੰ ਵਿਸ਼ੇਸ਼ ਕਵਰੇਜ਼ ਕਰਨ ਲਈ ਆਪਣੀਆਂ ਟੀਮਾਂ ਭੇਜੀਆਂ ਜਿਹਨਾਂ ਵਿਚ ਪੀ ਟੀ ਸੀ ਪੰਜਾਬੀ, ਗਲੋਬਲ ਪੰਜਾਬ, ਜੱਸ ਪੰਜਾਬੀ ਵੱਲੋਂ ਹਰ ਸਾਲ ਦੀ ਤਰ੍ਹਾਂ ਵਿਸ਼ੇਸ਼ ਕਵਰੇਜ਼ ਕੀਤੀ ਗਈ ਤੇ ਇਸਨੂੰ ਪੂਰੀ ਦੁਨੀਆਂ ਵਿਚ ਦਿਖਾਇਆ ਜਾਣਾ ਹੈ। ਨਿਊਯਾਰਕ ਦੀਆਂ ਸੰਗਤਾਂ, ਕਮੇਟੀਆਂ, ਜਿੱਥੇ ਇਸ ਨਗਰ ਕੀਰਤਨ ਵਿਚ ਸਿੱਖ ਡੇਅ ਪਰੇਡ ਤੋਂ ਬਾਅਦ ਇੰਨੀ ਵੱਡੀ ਹਾਜ਼ਰੀ ਵਿਚ ਪਹੁੰਚੀਆਂ ਹਨ, ਉਥੇ ਨਿਊਯਾਰਕ ਵਿਚ ਆਪਣੀ ਪੰਜਾਬੀ ਕਮਿਊਨਿਟੀ ਦੇ ਬਿਜਨਸਮੈਨ ਵੀ ਵਿਸ਼ੇਸ਼ ਸ਼ਿਰਕਤ ਕਰਦੇ ਹਨ। ਪੀ. ਟੀ. ਸੀ. ਪੰਜਾਬੀ ਟੀ. ਵੀ. ਦਾ ਸਾਰਾ ਖਰਾ ਸਤਪਾਲ ਸ਼ਾਹ ਫੈਮਲੀ, ਜੱਸ ਪੰਜਾਬੀ ਦਾ ਚਰਨਜੀਤ ਸਿੰਘ ਝੱਲੀ, ਪਰਵੀਨ ਕੁਮਾਰ ਲੱਡੂ ਅਤੇ ਮਨੋਜ ਕੁਮਾਰ ਹੈਪੀ ਵੱਲੋਂ ਅਤੇ ਗਲੋਬਲ ਪੰਜਾਬ ਟੀ. ਵੀ. ਦਾ ਖਰਚਾ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ, ਡਾ. ਗੁਰਨਾਮ ਦਾਸ ਅਤੇ ਗੁਰਨਾਮ ਸਿੰਘ ਵਿਰਦੀ ਵੱਲੋਂ ਕੀਤਾ ਗਿਆ। ਗੁਰੂ ਘਰ ਵੱਲੋਂ ਇਸ ਨਗਰ ਕੀਰਤਨ ਵਿਚ ਵੱਖ ਵੱਖ ਸੇਵਾਵਾਂ ਨਿਭਾਉਣ ਵਾਲੇ ਸਾਰੇ ਪ੍ਰੇਮੀਆਂ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਗਿਆ।

ਸੰਗਤਾਂ ਦੀ ਹਰ ਸੁਵਿਧਾ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਸਟਾਲਾਂ ਵਿਚ ਗੰਨੇ ਦਾ ਰਸ, ਜਿਸਦੀ ਸੇਵਾ ਸੂਰਜ ਪ੍ਰਕਾਸ਼, ਜਸਵਿੰਦਰ ਸਿੰਘ ਵੱਲੋਂ, ਤਾਜ਼ਾ ਜੂਸ ਜਿਸਦੀ ਸੇਵਾ ਚਰਨਜੀਤ ਸਿੰਘ, ਮਨੋਜ ਹੈਪੀ, ਪਰਵੀਨ ਕੁਮਾਰ ਲੱਡੂ, ਛੋਲੇ ਭਟੂਰੇ ਦੀ ਸੇਵਾ ਵਿਜੇ ਮੁਕੰਦਪੁਰ, ਸ਼ਿੰਗਾਰਾ ਸਿੰਘ ਸਾਰੇ ਸਾਥੀਆਂ ਵੱਲੋਂ, ਪੀਜ਼ੇ ਦੀ ਸੇਵਾ ਭਜਨ ਸਿੰਘ ਸਹੋਤਾ ਪਰਿਵਾਰ, ਠੰਡੇ ਪਾਣੀ ਦੀ ਸੇਵਾ ਬਲਜਿੰਦਰ ਕੌਰ ਅਤੇ ਰਤਨ ਸਿੰਘ, ਗੁਰੂ ਮਹਾਰਾਜ ਜੀ ਦੇ ਬਸਤਰਾਂ ਦੀ ਸੇਵਾ ਚਰਨਜੀਤ ਸਿੰਘ ਬਸਰਾ ਪਰਿਵਾਰ ਵੱਲੋਂ, ਹਦਵਾਣਿਆਂ ਦੀ ਸੇਵਾ ਸਿੰਘ ਫਾਰਮ ਅਵਤਾਰ ਸਿੰਘ, ਸੰਗਤ ਲਈ ਪ੍ਰਸ਼ਾਦ ਦੀ ਸੇਵਾ ਫਰੈਸ਼ ਫਾਰਮ ਬਲਵਿੰਦਰ ਸਿੰਘ ਵੱਲੋਂ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੰਗਤ ਨੂੰ ਵਧਾਈ ਦੇਣ ਲਈ ਨਿਊਯਾਰਕ ਸਿਟੀ ਦੇ ਨੁਮਾਇੰਦੇ ਵੀ ਪਹੁੰਚੇ। ਨਗਰ ਕੀਰਤਨ ਵਿਚ ਕਿਸੇ ਵੀ ਤਰ੍ਹਾਂ ਦੀ ਸੰਗਤ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ, ਉਸਦਾ ਵਿਸ਼ੇਸ਼ ਪ੍ਰਬੰਧ ਪੁਲਿਸ ਨਾਲ ਗੁਰੂ ਘਰ ਦੇ ਵਲੰਟੀਅਰਾਂ ਵੱਲੋ ਕੀਤਾ ਗਿਆ।

ਤੀਜੇ ਮਹਾਨ ਨਗਰ ਕੀਰਤਨ ਤੋਂ ਰਾਕੇਸ਼ ਕੁਮਾਰ ਲੁਧਿਆਣਾ ਜੋ ਕਿ ਵਿਸ਼ੇਸ਼ ਖਿੱਚ ਦਾ ਕੇਂਦਰ ਸਨ, ਜਿਹਨਾਂ ਨੇ ਪਹਿਲਾਂ ਵੀ ਕਈ ਵਰਲਡ ਰਿਕਾਰਡ ਬਣਾਏ ਹਨ ਪਰ ਉਸ ਦਿਨ ਉਹਨਾਂ ਨੇ ਦੋ ਨਵੇਂ ਰਿਕਾਰਡ ਬਣਾਇਆ।

ਗੁਰੂ ਘਰ ਦੇ ਪ੍ਰਬੰਧਕਾਂ, ਸੇਵਾਦਾਰਾਂ ਅਤੇ ਸਟਾਫ ਦੀ ਕਈ ਦਿਨਾਂ ਦੀ ਭੱਜ ਦੌੜ ਅਤੇ ਬੇਅਰਾਮੀ ਅਤੇ ਥਕਾਵਟ ਉਦੋਂ ਖੁਸ਼ੀਆਂ ਵਿਚ ਬਦਲ ਗਏ, ਜਦੋਂ ਪਹਿਲਾਂ ਹੀ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਨਗਰ ਕੀਰਤਨ ਵਿਚ ਸ਼ਾਮਲ ਹੋਇਆ। ਪ੍ਰਬੰਧਕਾਂ ਵੱਲੋਂ ਨਗਰ ਕੀਰਤਨ, ਬਲੱਡ ਕੈਂਪ ਅਤੇ ਪੂਰੇ ਦੀਵਾਨਾਂ ਦੌਰਾਨ ਹੋਈਆਂ ਭੁੱਲਾਂ ਦੀ ਖਿਮਾ ਮੰਗਦਿਆਂ ਰਹੀਆਂ ਕਮੀਆਂ ਲਈ ਸੰਗਤ ਤੋਂ ਸਹਿਯੋਗ ਲਈ ਬੇਨਤੀ ਕੀਤੀ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਜੀਂਦ ਦੇ ਇਕ ਪਿੰਡ ਦੇ ਹਾਲਾਤ ਬੇਕਾਬੂ, ਦਲਿਤਾਂ ਦੇ ਘਰਾਂ ਤੇ ਜਿੰਦਰੇ

**ਜੀਂਦ–** ਜ਼ਿਲ੍ਹੇ ਦੇ ਪਿੰਡ ਧਰੌਂਦੀ ਵਿਚ ਬੀ. ਪੀ. ਐਲ ਪਰਿਵਾਰਾਂ ਦੇ ਲਈ ਪਲਾਟਾਂ ਦੇ ਕਬਜ਼ੇ ਨੂੰ ਲੈ ਕੇ ਹੋਏ ਦਲਿਤਾਂ ਅਤੇ ਬਦਮਾਸ਼ਾਂ ਵਿਚਕਾਰ ਸੰਘਰਸ਼ ਕਾਰਨ ਹਾਲਾਤ ਹਾਲੇ ਵੀ ਬੇਕਾਬੂ ਹਨ। ਇਸ ਮਾਮਲੇ ਵਿਚ ਪੁਲਿਸ ਨੇ ਟਕਰਾਅ ਵਿਚ ਮਾਰੇ ਗਏ ਨੌਜਵਾਨ ਦੀ ਹੱਤਿਆ ਦੇ ਦੋਸ਼ ਵਿਚ ਪਿੰਡ ਦੇ ਸਰਪੰਚ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਸਰਪੰਚ ਨੂੰ ਨਰਵਾਣਾ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਤੇ ਲਿਆ ਹੈ।

ਹੁਣ ਤੱਕ ਦਲਿਤਾਂ ਦੇ ਘਰਾਂ ਤੇ ਜਿੰਦਰੇ ਲੱਗੇ ਹੋਏ ਹਨ। ਪਿੰਡ ਵਿਚ ਕੋਈ ਵੀ ਦਲਿਤ ਪਰਿਵਾਰ ਝਗੜੇ ਤੋਂ ਬਾਅਦ ਵਾਪਸ ਨਹੀਂ ਪਰਤਿਆ। ਮਾਮਲੇ ਦੇ ਤੀਜੇ ਦਿਨ ਵੀ ਪਿੰਡ ਵਿਚ ਪੁਲਿਸ ਤਾਇਨਾਤ ਸੀ, ਜਿਸਦਾ ਮੁਆਇਨਾ ਕਰਨ ਲਈ ਡੀ. ਐਸ. ਪੀ. ਪੱਧਰ ਦਾ ਅਫਸਰ ਲਗਾਇਆ ਗਿਆ ਹੈ।

ਇੱਥੋਂ ਦੇ ਲੋਕਾਂ ਦਾ ਕਹਿਣਾ ਹੈ ਕਿ ਪਰਿਵਾਰ ਅਤੇ ਕੁਝ ਲੋਕਾਂ ਨੇ ਦਲਿਤ ਪਰਿਵਾਰ ਨੂੰ ਵਾਪਸ ਘਰ ਮੁੜਨ ਦੇ ਲਈ ਕਿਹਾ ਹੈ। ਮ੍ਰਿਤਕ ਪਰਿਵਾਰ ਦੇ ਲੋਕਾਂ ਨੇ ਕਿਹਾ ਕਿ ਸਾਡੀ ਕਿਸੇ ਦੇ ਨਾਲ ਕੋਈ ਦੁਸ਼ਮਣੀ ਨਹੀਂ ਹੈ ਪਰ ਹੱਤਿਆ ਦੇ ਦੋਸ਼ੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਇਹ ਮੁੱਦਾ ਕਿਸੇ ਜਾਤੀ ਨੂੰ ਲੈ ਕੇ ਨਹੀਂ ਸੀ। ਧਰੌਦੀ ਪਿੰਡ ਭਾਈਚਾਰੇ ਦੇ ਲਈ ਜਾਣਿਆ ਜਾਂਦਾ ਹੈ। ਇੱਥੇ ਸਾਰੀਆਂ ਜਾਤੀਆਂ ਦੇ ਲੋਕ ਪ੍ਰੇਮ ਨਾਲ ਰਹਿੰਦੇ ਹਨ। ਸਰਪੰਚ ਤੇ ਇਲਜ਼ਾਮ ਲਗਾਉਂਦੇ ਹੋਏ ਉਹਨਾਂ ਨੇ ਕਿਹਾ ਕਿ ਰਾਜਨੀਤਿਕ ਰੋਟੀਆਂ ਸੇਕਣ ਦੇ ਚੱਕਰ ਵਿਚ ਸਰਪੰਚ ਨੇ ਇਹ ਡਰਾਮਾ ਰਚਿਆ ਸੀ, ਜਿਸ ਵਿਚ ਉਹ ਖੁਦ ਫਸ ਗਿਆ ਹੈ।

ਇਸੇ ਵਿਚਕਾਰ ਪਿੰਡ ਦੇ ਕਈ ਲੋਕਾਂ ਨੇ ਦੱਸਿਆ ਕਿ ਪਿੰਡ ਵਿਚ ਪਲਾਟਾਂ ਨੂੰ ਲੈ ਕੇ ਹੋਏ ਝਗੜੇ ਵਿਚ ਹੋਈ ਨੌਜਵਾਨ ਦੀ ਹੱਤਿਆ ਤੋਂ ਬਾਅਦ ਡਰ ਦੇ ਮਾਰੇ ਪਿੰਡ ਛੱਡਣ ਵਾਲੇ ਕੁਝ ਪਰਿਵਾਰ ਮੁੜ ਆਏ ਹਨ। ਹਾਲਾਂਕਿ ਇਸਦੀ ਸਹੀ ਜਾਣਕਾਰੀ ਨਹੀਂ ਮਿਲੀ। ਪਿੰਡ ਦੇ ਦਲਿਤ 70 ਸਾਲਾ ਸਰਦਾਰਾ ਨੇ ਦੱਸਿਆ ਕਿ ਮੇਰੇ ਤਿੰਨ ਲੜਕੇ ਹਨ ਜੋ ਆਪਣੇ ਪਰਿਵਾਰ ਸਮੇਤ ਰਿਸ਼ਤੇਦਾਰਾਂ ਦੇ ਘਰੇ ਹਨ। ਸਰਦਾਰਾ ਨੇ ਕਿਹਾ ਕਿ ਮਾਮਲਾ ਸ਼ਾਂਤ ਹੋ ਰਿਹਾ ਹੈ ਅਤੇ ਜਲਦੀ ਹੀ ਪੂਰਾ ਪਰਿਵਾਰ ਫਿਰ ਤੋਂ ਇਕੱਠਾ ਹੋਵੇਗਾ।

# ਕੇਂਦਰ ਸਰਕਾਰ ਦੇ ਡਿਪਟੀ ਸੈਕਰੇਟਰੀ ਗ੍ਰੇਡ ਅਹੁਦਿਆਂ ਤੇ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਅਤੇ ਪੱਛੜੇ ਵਰਗ ਦੇ ਰਿਜ਼ਰਵੇਸ਼ਨ ਦੀ ਕੋਈ ਵਿਵਸਥਾ ਨਹੀਂ

**ਨਵੀਂ ਦਿੱਲੀ–** ਆਰ. ਟੀ. ਆਈ. ਵਰਕਰ ਮਹਿੰਦਰ ਪ੍ਰਤਾਪ ਸਿੰਘ ਨੂੰ 16 ਮਾਰਚ 2015 ਨੂੰ ਕੰਮਕਾਜ ਅਤੇ ਟਰੇਨਿੰਗ ਵਿਭਾਗ, ਲੋਕ ਸ਼ਿਕਾਇਤ ਅਤੇ ਪੈਨਸ਼ਨ ਮੰਤਰਾਲੇ ਨੇ ਇਹ ਸਪਸ਼ਟ ਕੀਤਾ ਕਿ ਸੀ. ਐਸ. ਐਸ. (ਸੈਂਟਰਲ ਸੈਕਟਰੀਏਟ ਸਰਵਿਸਿਜ਼) ਦੇ ਡਿਪਟੀ ਸੈਕ-ਟਰੀ ਗਰੇਡ ਅਹੁਦਿਆਂ ਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੇ ਵਰਗ ਦੇ ਰਿਜ਼ਰਵੇਸ਼ਨ ਦੀ ਕੋਈ ਵਿਵਸਥਾ ਜਾਂ ਨਿਯਮ ਨਹੀਂ ਹੈ। ਇਸੇ ਕਰਕੇ ਜਾਤੀ ਵਾਰ ਇਹ ਗਿਣਤੀ ਵਿਭਾਗ ਵਿਚ ਮੈਨਟੇਨ ਨਹੀਂ ਹੈ।

ਇਸ ਵਕਤ ਇਹ ਅਹੁਦੇ 608 ਹਨ ਅਤੇ 8 ਖਾਲੀ ਹਨ। ਵਰਣਨਯੋਗ ਹੈ ਕਿ ਇਸ ਵਿਭਾਗ ਵੱਲੋਂ ਭਰਤੀ, ਟਰੇਨਿੰਗ, ਕੈਰੀਅਰ, ਵਿਕਾਸ ਅਤੇ ਸਟਾਫ ਕਲਿਆਣ ਨਾਲ ਸਬੰਧਤ ਮੁੱਦਿਆਂ ਵਿਚ ਕੇਂਦਰ ਸਰਕਾਰ ਦਾ ਇਕ ਮਹੱਤਵਪੂਰਨ ਟ੍ਰਿਬਿਊਨਲ ਹੈ। ਇਸ ਮੰਤਰਾਲੇ ਦਾ ਸੰਪੂਰਨ ਚਾਰਜ ਇਸ ਵਕਤ ਪ੍ਰਧਾਨ ਮੰਤਰੀ ਦੇ ਹੱਥ ਵਿਚ ਹੈ ਅਤੇ ਸਹਾਇਤਾ ਦੇ ਲਈ ਇਕ ਰਾਜ ਮੰਤਰੀ ਹੈ।

# ਕਾਗਜ਼ੀ ਟਰੈਕਟਰਾਂ ਦੇ ਕਰਜ਼ੇ ਕਈ ਮਜ਼ਦੂਰਾਂ ਲਈ ਬਣੇ ਉਜਾੜੇ ਦਾ ਸਬੱਬ

**ਸ੍ਰੀ ਮੁਕਤਸਰ ਸਾਹਿਬ–** ਮੁਕਤਸਰ ਖੇਤਰ ਵਿੱਚ ਇੱਕ ਅਜਿਹਾ ਗਰੋਹ ਸਰਗਰਮ ਹੈ ਜਿਹੜਾ ਗਰੀਬ ਅਤੇ ਮਜ਼ਦੂਰ ਲੋਕਾਂ ਨੂੰ ਬੈਂਕ ਵਿੱਚੋਂ ਘਰ ਦੀਆਂ ਲੋੜਾਂ ਵਾਸਤੇ ਇੱਕ ਲੱਖ ਰੁਪਏ ਤਕ ਦਾ ਪਰਸਨਲ ਕਰਜ਼ਾ ਦਿਵਾਉਣ ਦੇ ਨਾਂ ’ਤੇ 7-8 ਲੱਖ ਰੁਪਏ ਦੇ ਨਵੇਂ ਟਰੈਕਟਰਾਂ ਦੇ ਕਰਜ਼ੇ ਕੱਢਵਾ ਕੇ ਖ਼ੁਦ ਹੜੱਪ ਕਰ ਰਿਹਾ ਹੈ। ਇਸ ਠੱਗੀ ਦਾ ਭਾਂਡਾ ਉਸ ਵੇਲੇ ਭੱਜਾ ਜਦੋਂ ਬੈਂਕ ਨੇ ਮਜ਼ਦੂਰਾਂ ਕੋਲੋਂ ਟਰੈਕਟਰਾਂ ਦੀਆਂ ਕਿਸ਼ਤਾਂ ਮੰਗੀਆਂ। ਅਜਿਹੀ ਠੱਗੀ ਦਾ ਸ਼ਿਕਾਰ ਹੋਏ ਦਰਜਨ ਤੋਂ ਵੱਧ ਪੀੜਤਾਂ ਵੱਲੋਂ ਹੁਣ ਇਸ ਕਥਿਤ ਠੱਗ ਟੋਲੇ ਵਿੱਚ ਸ਼ਾਮਲ ਦੋ ਸਾਬਕਾ ਸਰਪੰਚਾਂ, ਦੋ ਦਲਾਲਾਂ, ਇੱਕ ਪ੍ਰਾਈਵੇਟ ਬੈਂਕ ਮੁਲਾਜ਼ਮ ਅਤੇ ਟਰੈਕਟਰ ਏਜੰਸੀ ਦੇ ਕੁੱਝ ਕਰਮਚਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਮੁਕਤਸਰ ਦੇ ਡਿਪਟੀ ਕਮਿਸ਼ਨਰ ਦਫਤਰ ਤੋਂ ਚਾਰ ਕਰਮਾਂ ਦੀ ਦੂਰੀ ਉੱਤੇ ਸਥਿੱਤ ਚੱਕ ਬੀੜ ਸਰਕਾਰ ਦੀ ਬਸਤੀ ਬੂਟਾ ਗਿੱਲ ਦਾ ਰੁਲਦੂ ਸਿੰਘ ਇੱਕ ਸਾਬਕਾ ਸਰਪੰਚ ਦੀ ਕੋਠੀ ਵਿੱਚ ਮਜ਼ਦੂਰੀ ਕਰਦਾ ਸੀ ਤੇ ਉਸਨੇ ਧੀ ਦੇ ਵਿਆਹ ਲਈ ਸਰਪੰਚ ਤੋਂ ਵਿਆਜੂ ਪੈਸੇ ਮੰਗੇ। ਸਰਪੰਚ ਨੇ ਉਸਨੂੰ ਬੈਂਕ ’ਚੋਂ ਇੱਕ ਲੱਖ ਰੁਪਏ ਦਾ ਕਰਜ਼ਾ ਦਿਵਾਉਣ ਲਈ ਉਸ ਕੋਲੋਂ ਰਾਸ਼ਨ ਕਾਰਡ, ਵੋਟਰ ਕਾਰਡ ਤੇ ਆਧਾਰ ਕਾਰਡ ਦੀ ਫੋਟੋ ਸਟੈਟ ਲੈ ਲਈ ਅਤੇ ਮਲੋਟ ਰੋਡ ਸਥਿੱਤ ਇੱਕ ਟਰੈਕਟਰ ਏਜੰਸੀ ਵਿੱਚ ਲੈ ਗਿਆ। ਰੁਲਦੂ ਸਿੰਘ ਦਸਤਖ਼ਤ ਕਰਨੇ ਨਹੀ ਜਾਣਦਾ ਸੀ। ਟਰੈਕਟਰ ਏਜੰਸੀ ਦੇ ਇੱਕ ਮੁਲਾਜ਼ਮ ਨੇ ਉਸਨੂੰ ਟੁੱਟੇ ਭੱਜੇ ਦਸਤਖ਼ਤ ਕਰਨੇ ਸਿਖਾ ਦਿੱਤੇ ਅਤੇ ਨਿਜੀ ਬੈਂਕ ਦੇ ਕਰਮਚਾਰੀ ਨੇ ਏਜੰਸੀ ਵਿੱਚ ਹੀ ਉਸ ਪਾਸੋਂ ਕਰਜ਼ਾ ਫਾਈਲ ਉਪਰ ਦਸਤਖ਼ਤ ਕਰਵਾ ਲਏ। ਕੁੱਝ ਦਿਨਾਂ ਬਾਅਦ ਸਰਪੰਚ ਨੇ ਰੁਲਦੂ ਸਿੰਘ ਨੂੰ ਟਰੈਕਟਰ ਏਜੰਸੀ ਵਿੱਚ ਬੁਲਾ ਕੇ 40 ਹਜ਼ਾਰ ਰੁਪਏ ਦੇ ਦਿੱਤੇ ਤੇ ਕਿਹਾ ਕਿ ਬਾਕੀ ਦੇ 60 ਹਜ਼ਾਰ ਰੁਪਏ ਕੁਝ ਦਿਨਾਂ ਤੱਕ ਮਿਲ ਜਾਣਗੇ। ਬੈਂਕ ਦੇ ਕਰਮਚਾਰੀ ਨੇ ਰੁਲਦੂ ਸਿੰਘ ਦੀ ਏਜੰਸੀ ਵਿੱਚ ਖੜ੍ਹੇ ਨਵੇਂ ਟਰੈਕਟਰ ਕੋਲ ਖੜ੍ਹਾ ਕੇ ਫੋਟੋ ਖਿੱਚ ਲਈ ਤੇ ਰੁਲਦੂ ਸਿੰਘ ਘਰ ਆ ਗਿਆ। ਲੜਕੀ ਦਾ ਵਿਆਹ ਕਰ ਦਿੱਤਾ। ਪਰ ਕੁੱਝ ਦਿਨਾਂ ਬਾਅਦ ਉਸਨੂੰ ਬੈਂਕ ਵਿਚੋਂ ਫੋਨ ਆਇਆ ਕਿ ਉਹ ਟਰੈਕਟਰ ਦੀ 20 ਹਜ਼ਾਰ ਰੁਪਏ ਦੀ ਕਿਸ਼ਤ ਭਰ ਦੇਵੇ। ਟਰੈਕਟਰ ਦਾ ਕਰਜ਼ਾ ਸੁਣ ਕੇ ਉਸਦੇ ਹੋਸ਼ ਉਡ ਗਏ ਤੇ ਉਸਨੇ ਫੌਰੀ ਤੌਰ ’ਤੇ ਸਾਬਕਾ ਸਰਪੰਚ, ਬੈਂਕ ਦੇ ਕਰਮਚਾਰੀ ਤੇ ਏਜੰਸੀ ਵਾਲੇ ਨੂੰ ਦੱਸਿਆ ਕਿ ਪਰ ਕਿਸੇ ਨੇ ਪੈਰਾਂ ਉੱਤੇ ਪਾਣੀ ਨਹੀਂ ਪੈਣ ਦਿੱਤਾ ਤੇ ਕਿਹਾ ‘ਤੇਰੇ ਨਾਮ ਉੱਤੇ ਟਰੈਕਟਰ ਦਾ ਕਰਜ਼ਾ ਬੋਲਦਾ ਹੈ ਤੂੰ ਜਾਣੇ ਤੇ ਬੈਂਕ ਜਾਣੇ’।

ਰੁਲਦੂ ਸਿੰਘ ਨੇ ਦੱਸਿਆ ਹੀ ਹਕੀਕਤ ਸਾਹਮਣੇ ਆਉਣ ’ਤੇ ਉਸਨੇ ਇਹ ਸਾਰਾ ਮਾਮਲਾ ਐਸ ਐਸ ਪੀ ਮੁਕਤਸਰ ਤੋਂ ਲੈ ਕੇ ਮੁੱਖ ਮੰਤਰੀ ਤੱਕ ਦੇ ਧਿਆਨ ਵਿੱਚ ਲਿਆਂਦਾ। ਇਹੀ ਕਹਾਣੀ ਪਿੰਡ ਚੱਕ ਬੀੜ ਸਰਕਾਰ ਢਾਣੀ ਬੂਟਾ ਗਿੱਲ ਦੇ ਤਰਸੇਮ ਸਿੰਘ, ਬਿੰਦਰੀ ਅਤੇ ਭਿੰਦਰ ਸਿੰਘ , ਪਿੰਡ ਅਕਾਲਗੜ੍ਹ ਦੇ ਉਪਕਾਰ ਸਿੰਘ, ਮੁਕਤਸਰ ਦੇ ਗੁਰਪ੍ਰੀਤ ਸਿੰਘ ਤੇ ਤਰਸੇਮ ਸਿੰਘ, ਕ੍ਰਿਸ਼ਨ ਸਿੰਘ, ਧਰਮਿੰਦਰ ਸਿੰਘ ਤੇ ਨਿੰਦਰ ਸਿੰਘ ਵਾਸੀ ਚਿੱਬੜਾਂਵਾਲੀ, ਪਿੰਡ ਧਿਗਾਣਾ ਦੇ ਪ੍ਰਗਟ ਸਿੰਘ , ਪਿੰਡ ਲੱਖੇਵਾਲੀ ਦੇ ਡੀਸੀ ਸਿੰਘ ਤੇ ਮੰਦਰ ਸਿੰਘ, ਪਿੰਡ ਤਾਮਕੋਟ ਦੇ ਦਲਜੀਤ ਸਿੰਘ ਸਮੇਤ ਕਰੀਬ ਦਰਜਨ ਭਰ ਹੋਰ ਗਰੀਬ ਲੋਕਾਂ ਦੀ ਹੈ ਜਿਨ੍ਹਾਂ ਨਾ ਟਰੈਕਟਰ ਦਾ ਕਰਜ਼ਾ ਲੈਣ ਵਾਸਤੇ ਅਰਜ਼ੀ ਦਿੱਤੀ ਤੇ ਨਾ ਟਰੈਕਟਰ ਲਿਆ ਪਰ ਹੁਣ ਉਨ੍ਹਾਂ ਪਾਸੋਂ ਬੈਂਕ ਕਰਜ਼ੇ ਦੀਆਂ ਕਿਸ਼ਤਾਂ ਮੰਗ ਰਿਹਾ ਹੈ। ਇਨ੍ਹਾਂ ਪੀੜਤ ਲੋਕਾਂ ਨੇ ਐਸਐਸਪੀ ਮੁਕਤਸਰ ਪਾਸੋਂ ਠੱਗ ਟੋਲੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਮੁਕਤਸਰ ਖੇਤਰ ’ਚ ਟਰੈਕਟਰ ਕਰਜ਼ੇ ਕਰਾਉਣ ਲਈ ਐਚ ਡੀ ਐਫ ਸੀ ਬੈਂਕ ਵੱਲੋਂ ਅਧਿਕਾਰਤ ਅਧਿਕਾਰੀ ਸੁਖਮੰਦਰ ਸਿੰਘ ਨੇ ਦੱਸਿਆ ਕਿ ਟਰੈਕਟਰ ਕਰਜ਼ਿਆਂ ਦੇ ਇਹ ਸਾਰੇ ਕੇਸ ਉਨ੍ਹਾਂ ਬਿਨੈਕਾਰਾਂ ਦੇ ਕਹਿਣ ਅਤੇ ਬੈਂਕ ਦੇ ਨਿਯਮਾਂ ਅਨੁਸਾਰ ਕੀਤੇ ਗਏ ਹਨ ਅਤੇ ਕਿਸ਼ਤਾਂ ਭਰਨ ਦੀ ਜ਼ਿੰਮੇਵਾਰੀ ਕਰਜ਼ਾਧਾਰੀਆਂ ਦੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਸ ਵਰ੍ਹੇ 40 ਤੋਂ ਵੱਧ ਅਜਿਹੇ ਟਰੈਕਟਰਾਂ ਦੇ ਕਰਜ਼ੇ ਦਵਾਏ ਹਨ ਜਿਨ੍ਹਾਂ ਕੋਲ ਕੋਈ ਜ਼ਮੀਨ ਜਾਇਦਾਦ ਨਹੀ ਹੈ।

ਬੈਂਕ ਅਧਿਕਾਰੀ ਵੀ ਸਕਤੇ ’ਚ: ਐਚ ਡੀ ਐਫ ਸੀ ਦੀਆਂ ਮੁਕਤਸਰ ਸਥਿੱਤ ਦੋ ਸ਼ਾਖਾਵਾਂ ਦੇ ਮੈਨੇਜਰਾਂ ਮਹੇਸ਼ ਗਰਗ ਅਤੇ ਆਸ਼ੂਤੋਸ਼ ਬਜਾਜ ਨੇ ਕਿਹਾ ਕਿ ਟਰੈਕਟਰ ਦੇ ਕਰਜ਼ੇ ਸਬੰਧੀ ਸਾਰੀ ਕਾਰਵਾਈ ਬਠਿੰਡਾ ਸਥਿੱਤ ਖੇਤੀਬਾੜੀ ਬਰਾਂਚ ਵੱਲੋ ਕੀਤੀ ਜਾਂਦੀ ਹੈ।

ਬਠਿੰਡਾ ਸਥਿੱਤ ਐਚ ਡੀ ਐਫ ਸੀ ਬੈਂਕ ਦੇ ਖੇਤੀਬਾੜੀ ਸ਼ਾਖਾ ਦੇ ਸੇਲਜ਼ ਮੈਨੇਜਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਬੈਂਕ ਵੱਲੋਂ ਬਿਨਾਂ ਡਾਊਨ ਪੇਮੈਂਟ ਲਿਆਂ ਜਾਂ ਖੇਤੀਬਾੜੀ ਯੋਗ ਜ਼ਮੀਨ ਦੇ ਨਵੇਂ ਟਰੈਕਟਰ ਵਾਸਤੇ ਕੋਈ ਕਰਜ਼ਾ ਨਹੀ ਦਿੱਤਾ ਜਾਂਦਾ। ਉਨ੍ਹਾਂ ਕਿਹਾ ਕਿ ਬੈਂਕ ਦੇ ਧਿਆਨ ਵਿੱਚ ਮੁਕਤਸਰ ਖੇਤਰ ਦੇ ਕਈ ਅਜਿਹੇ ਕਰਜ਼ਾ ਕੇਸ ਆਏ ਹਨ ਜਿਨ੍ਹਾਂ ਦੇ ਬਿਨੈਕਾਰਾਂ ਨੇ ਬੈਂਕ ਵੱਲੋਂ ਕਿਸ਼ਤਾਂ ਮੰਗਣ ’ਤੇ ਟਰੈਕਟਰ ਕਰਜ਼ਾ ਲਿਆ ਹੋਣ ਤੋਂ ਕੋਰੀ ਨਾਂਹ ਕੀਤੀ ਹੈ। ਉਨ੍ਹਾਂ ਕਿਹਾ ਕਿ ਬੈਂਕ ਇਨ੍ਹਾਂ ਮਾਮਲਿਆਂ ’ਤੇ ਗੌਰ ਕਰ ਰਿਹਾ ਹੈ।

ਬੈਂਕ ਨੂੰ ਉਗਰਾਹੀ ਦਾ ਪਿਆ ਫ਼ਿਕਰ: ਐਚ ਡੀ ਐਫ ਸੀ ਦੀ ਕਰਜ਼ਾ ਉਗਰਾਹੀ ਬਰਾਂਚ ਨਾਲ ਸਬੰਧਤ ਕਰਮਚਾਰੀ ਨਿਰਮਲ ਸਿੰਘ ਨਿੰਮਾ, ਗੁਰਪ੍ਰੀਤ ਸਿੰਘ ਤੇ ਸਿਕੰਦਰ ਸਿੰਘ ਹੋਰਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਮੁਕਤਸਰ ਖੇਤਰ ਦੇ ਕਰੀਬ ਦੋ ਦਰਜਨ ਅਜਿਹੇ ਟਰੈਕਟਰਾਂ ਦੀ ਉਗਰਾਹੀ ਦੇ ਮਾਮਲੇ ਲਮਕ ਰਹੇ ਹਨ ਜਿਨ੍ਹਾਂ ਦੇ ਕਰਜ਼ਾ ਧਾਰੀਆਂ ਨੇ ਇਹ ਕਹਿ ਕੇ ਕਿਸ਼ਤਾਂ ਦੇਣ ਤੋਂ ਨਾਂਹ ਕਰ ਦਿੱਤੀ ਹੈ ਕਿ ਉਨ੍ਹਾਂ ਨੇ ਤਾਂ ਅਜਿਹਾ ਕੋਈ ਕਰਜ਼ਾ ਲਿਆ ਹੀ ਨਹੀ ਤੇ ਹੁਣ ਬੈਂਕ ਲਈ ਇਨ੍ਹਾਂ ਕਰਜ਼ਿਆਂ ਦੀ ਉਗਰਾਹੀ ਕਰਨਾ ਜੀਅ ਦਾ ਜੰਜਾਲ ਬਣ ਗਿਆ ਹੈ ਕਿਉਂਕਿ ਇਨ੍ਹਾਂ ਵਿਅਕਤੀਆਂ ਕੋਲੇ ਕੋਈ ਜ਼ਮੀਨ ਜਾਇਦਾਦ ਨਹੀਂ ਹੈ ਤੇ ਨਾ ਹੀ ਟਰੈਕਟਰ ਹਨ। ਉਨ੍ਹਾਂ ਦੱਸਿਆ ਕਿ ਜ਼ਿਆਦਾ ਕਰਜ਼ੇ ਸਵਰਾਜ ਅਤੇ ਫਾਰਮਟ੍ਰੈਕ ਟਰੈਕਟਰਾਂ ਦੇ ਹਨ।

# ਸਪਾ ਲੀਡਰ ਦੇ ਲੜਕੇ ਨੇ ਲੜਕੀ ਨੂੰ ਅਗਵਾ ਕਰਕੇ ਕੀਤਾ ਗੈਂਗਰੇਪ

**ਬਦਾਯੂੰ:** ਉਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਵਿਚ ਖੇਤਾਂ ਵਿਚ ਗਈ ਇਕ ਲੜਕੀ ਨੂੰ ਅਗਵਾ ਕਰਕੇ ਉਸ ਨਾਲ ਕਥਿਤ ਸਮੂਹਿਕ ਦਰਿੰਦਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਮੁੱਖ ਪੁਲਿਸ ਅਧਿਕਾਰੀ ਸੌਮਿਤਰ ਯਾਦਵ ਨੇ ਇੱਥੇ ਦੱਸਿਆ ਕਿ ਕਾ-ਦਰਚੌਂਕ ਥਾਣਾ ਖੇਤਰ ਸਥਿਤ ਇਕ ਪਿੰਡ ਵਿਚ ਦਲਿਤ ਪਰਿਵਾਰ ਦੀ ਇਕ ਲੜਕੀ ਸ਼ਨੀਵਾਰ ਦੀ ਰਾਤ ਨੂੰ ਜੰਗਲ ਪਾਣੀ ਦੇ ਲਈ ਖੇਤ ਜਾ ਰਹੀ ਸੀ। ਦੋਯ ਹੈ ਕਿ ਰਸਤੇ ਵਿਚ ਸਮਾਜਵਾਦੀ ਪਾਰਟੀ ਦੇ ਪੱਛੜਾ ਵਰਗ ਵਰਗ ਦੇ ਜ਼ਿਲ੍ਹਾ ਪ੍ਰਧਾਨ ਟੇਕਚੰਦ ਪਾਲ ਦੇ ਲੜਕੇ ਓਮੇਂਦਰ ਨੇ ਆਪਣੇ ਸਾਥੀਆਂ ਨਰਿੰਦਰ ਅਤੇ ਸੁਰਿੰਦਰ ਦੀ ਮਦਦ ਨਾਲ ਲੜਕੀ ਨੂੰ ਜਬਰਦਸਤੀ ਮੋਟਰ ਸਾਈਕਲ ਤੇ ਬਿਠਾ ਲਿਆ ਅਤੇ ਇਕ ਬਾਗ ਵਿਚ ਲਿਜਾ ਕੇ ਤਿੰਨਾਂ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਉਹਨਾਂ ਨੇ ਦੱਸਿਆ ਕਿ ਦੋਸ਼ੀਆਂ ਦੇ ਚੁੰਗਲ ਤੋਂ ਛੁਟ ਕੇ ਘਰ ਪਹੁੰਚੀ ਲੜਕੀ ਨੇ ਪਰਿਵਰ ਵਾਲਿਆਂ ਨੂੰ ਆਪਬੀਤੀ ਸੁਣਾਈ।

ਸਪਾ ਲੀਡਰ ਦੇ ਮੁੰਡੇ ਨਾਲ ਜੁੜਿਆ ਮਾਮਲਾ ਹੋਣ ਕਾਰਨ ਪੁਲਿਸ ਨੇ ਪਹਿਲੇ ਦਿਨ ਤਾਂ ਰਿਪੋਰਟ ਦਰਜ ਨਹੀਂ ਕੀਤੀ ਪਰ ਜ਼ਿਆਦਾ ਜ਼ੋਰ ਦੇਣ ਤੇ ਓਮੇਂਦਰ, ਨਰਿੰਦਰ ਅਤੇ ਸੁਰਿੰਦਰ ਦੇ ਖਿਲਾਫ ਅਗਵਾ ਅਤੇ ਬਲਾਤਕਾਰ ਦਾ ਦੋਸ਼ ਲਗਾ ਕੇ ਪਰਚਾ ਦਰਜ ਕਰ ਲਿਆ। ਇਯ ਮਾਮਲੇ ਵਿਚ ਦੋਸ਼ੀ ਸੁਰਿੰਦਰ ਨੂੰ ਗ੍ਰਿਫਤਾਰ ਕਰ ਲਿਆ ਹੈ।

# ਗੈਂਗਰੇਪ ਤੋਂ ਬਾਅਦ ਲਾਸ਼ ਦੇ ਟੁਕੜੇ ਕਰਕੇ ਸਾੜ ਦਿੱਤੀ

**ਆਗਰਾ–** ਆਗਰਾ ਵਿਚ ਇਕ ਦਿਲ ਦਹਿਲਾ ਦੇਣ ਵਾਲੀ ਵਾਰਦਾਤ ਸਾਹਮਣੇ ਆਈ ਹੈ। ਇਕ ਸਥਾਨਕ ਗੁੰਡੇ ਨੇ ਦਲਿਤ ਔਰਤ ਨਾਲ ਗੈਂਗਰੇਪ ਕਰਨ ਤੋਂ ਬਾਅਦ ਉਸਦੀ ਹੱਤਿਆ ਕਰਕੇ ਲਾਸ਼ ਦੇ ਟੁਕੜੇ ਕੀਤੇ ਅਤੇ ਫਿਰ ਉਹਨਾਂ ਨੂੰ ਸਾੜ ਦਿੱਤਾ। ਕਿਹਾ ਜਾ ਰਿਹਾ ਹੈ ਕਿ ਸਾਰੇ ਸ਼ੱਕੀ ਮਾਲਪੁਰਾ ਵਿਚ ਇਕ ਪਿੰਡ ਦੇ ਸਰਪੰਚ ਦੇ ਪਰਿਵਾਰ ਨਾਲ ਜੁੜੇ ਹਨ।

ਘਟਨਾਂ ਪੁਲਿਸ ਚੌਂਕੀ ਤੋਂ ਕਰੀਬ 200 ਮੀਟਰ ਦੂਰ ਹੋਈ। ਮਾਮਲੇ ਦੀ ਜਾਂਚ ਕਰ ਰਹੀ ਪੁਲਿਸ ਨੂੰ ਔਰਤ ਦੀ ਲਾਸ਼ ਦੇ ਟੁਕੜੇ ਮਿਲੇ ਜੋ ਅੱਧੇ ਸੜੇ ਸਨ। ਘਟਨਾ ਸਥਾਨ ਤੇ ਕਈ ਕੰਡੋਮ ਵੀ ਮਿਲੇ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੋਸ਼ੀਆਂ ਦੇ ਖਿਲਾਫ ਕਾਰਵਾਈ ਹੋਵੇਗੀ, ਕੋਈ ਬਖਸ਼ਿਆ ਨਹੀਂ ਜਾਵੇਗਾ।

ਪਿੰਡ ਦੇ ਸਰਪੰਚ ਅਤੇ ਹੋਰ ਲੋਕਾਂ ਨੇ ਔਰਤ ਦੇ ਪਤੀ ਨੂੰ ਪੁਲਿਸ ਦੇ ਕੋਲ ਜਾਣ ਤੋਂ ਰੋਕਿਆ। ਇਸ ਤੋਂ ਬਾਅਦ ਔਰਤ ਦੀ ਲਾਸ਼ ਦੇ ਟੁਕੜੇ ਕਰਕੇ ਉਹਨਾਂ ਨੂੰ ਸਾੜਿਆ। ਇਸ ਵਿਚ ਪਿੰਡ ਦੇ ਸਰਪੰਚ ਸਮੇਤ ਦਸ ਲੋਕਾਂ ਦੇ ਨਾਂ ਹਨ।

# ਪੰਜਾਬ ਵਿੱਚ ਤਿੰਨ ਲੱਖ ਅਯੋਗ ਬੁਢਾਪਾ ਪੈਨਸ਼ਨਾਂ ਕੱਟੀਆਂ

**ਬਠਿੰਡਾ–** ਪੰਜਾਬ ਸਰਕਾਰ ਨੇ ਰਾਜ ਭਰ ਵਿੱਚ ਕਰੀਬ ਤਿੰਨ ਲੱਖ ਅਯੋਗ ਬੁਢਾਪਾ ਪੈਨਸ਼ਨਾਂ ’ਤੇ ਲਕੀਰ ਫੇਰ ਦਿਤੀ ਹੈ। ਇਸ ਨਾਲ ਸਰਕਾਰੀ ਖ਼ਜ਼ਾਨੇ ਦੇ ਸਾਲਾਨਾ 87.90 ਕਰੋੜ ਰੁਪਏ ਬਚਣਗੇ। ਇਹ ਪਹਿਲੀ ਵਾਰੀ ਹੈ ਕਿ ਅਕਾਲੀ- ਭਾਜਪਾ ਗਠਜੋੜ ਵੱਲੋਂ ਐਨਾ ਵੱਡਾ ਫ਼ੈਸਲਾ ਕੀਤਾ ਗਿਆ ਹੈ। ਅਯੋਗ ਪੈਨਸ਼ਨਾਂ ਕਾਰਨ ਖ਼ਜ਼ਾਨੇ ਨੂੰ ਹਰ ਮਹੀਨੇ 7.32 ਕਰੋੜ ਰੁਪਏ ਦੀ ਮਾਲੀ ਸੱਟ ਵੱਜ ਰਹੀ ਸੀ।

ਪੰਜਾਬ ਸਰਕਾਰ ਤਰਫੋਂ ਬਜ਼ੁਰਗਾਂ ਨੂੰ ਢਾਈ ਸੌ ਰੁਪਏ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ ਦਿੱਤੀ ਜਾ ਰਹੀ ਹੈ। ਇਸ ਸਾਲ ਅਪਰੈਲ ਮਹੀਨੇ ਤੋਂ ਮਗਰੋਂ ਇਹ ਬੁਢਾਪਾ ਪੈਨਸ਼ਨ ਵੰਡੀ ਨਹੀਂ ਗਈ । ਪੰਜਾਬ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਜਨਵਰੀ ਤੋਂ ਮਾਰਚ ਮਹੀਨਿਆਂ ਦੀ ਆਖਰੀ ਬੁਢਾਪਾ ਪੈਨਸ਼ਨ 28 ਮਈ ਨੂੰ ਜਾਰੀ ਕੀਤੀ ਹੈ। ਇਸ ਨੂੰ ਭੇਜਣ ਤੋਂ ਪਹਿਲਾਂ ਹੀ ਅਯੋਗ ਪੈਨਸ਼ਨਰਾਂ ਨੂੰ ਸੂਚੀ ’ਚੋਂ ਮਨਫੀ ਕਰ ਦਿੱਤਾ ਗਿਆ ਸੀ।

ਪੰਜਾਬ ਸਰਕਾਰ ਨੇ 4 ਦਸੰਬਰ 2014 ਨੂੰ ਰਾਜ ਭਰ ਵਿੱਚ ਬੁਢਾਪਾ ਪੈਨਸ਼ਨਾਂ ਦੀ ਜਾਂਚ ਸ਼ੁਰੂ ਕੀਤੀ ਸੀ ਜੋ 31 ਮਈ 2015 ਤੱਕ ਮੁਕੰਮਲ ਹੋਈ ਹੈ। ਇਹ ਪੜਤਾਲ 30 ਨਵੰਬਰ 2014 ਤੱਕ ਲੱਗੀਆਂ ਬੁਢਾਪਾ ਪੈਨਸ਼ਨਾਂ ਦੀ ਹੋਈ ਹੈ। ਹੈਰਾਨੀ ਹੈ ਕਿ ਬਹੁਤ ਸਾਰੇ ਜਿਉਂਦੇ ਬਜ਼ੁਰਗਾਂ ਨੂੰ ਮਰਿਆ ਦਿਖਾ ਕੇ ਪੈਨਸ਼ਨ ਕੱਟ ਦਿੱਤੀ ਗਈ ਹੈ। ਬਠਿੰਡਾ ਦੇ ਪਿੰਡ ਬੁੱਗਰ ਵਿੱਚ ਦਰਜਨਾਂ ਔਰਤਾਂ ਅਤੇ ਬਜ਼ੁਰਗਾਂ ਨੂੰ ਮ੍ਰਿਤ ਦਿਖਾਇਆ ਗਿਆ ਹੈ। ਪੰਜਾਬ ਸਰਕਾਰ ਤਰਫੋਂ, ਜੋ ਆਖਰੀ ਪੈਨਸ਼ਨ ਵੰਡੀ ਗਈ ਹੈ,ਉਸ ’ਚੋਂ ਅਯੋਗ ਲਾਭਪਾਤਰੀਆਂ ਨੂੰ ਬਾਹਰ ਕਰ ਦਿੱਤਾ ਗਿਆ ਹੈ।

ਰਾਜ ਵਿੱਚ ਇਸ ਵੇਲੇ 13.69 ਲੱਖ ਬੁਢਾਪਾ ਪੈਨਸ਼ਨਾਂ ਹਨ, ਜਿਨ੍ਹਾਂ ’ਚੋਂ 2.93 ਲੱਖ ਅਯੋਗ ਬੁਢਾਪਾ ਪੈਨਸ਼ਨਾਂ ਕੱਟ ਦਿੱਤੀਆਂ ਗਈਆਂ ਹਨ ਤੇ ਹੁਣ 10.76 ਲੱਖ ਯੋਗ ਲਾਭਪਾਤਰੀ ਰਹਿ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹੇ ਮੁਕਤਸਰ ਵਿੱਚ 13832 ਪੈਨਸ਼ਨਾਂ ਕੱਟ ਦਿੱਤੀਆਂ ਗਈਆਂ ਹਨ। ਸਭ ਤੋਂ ਜ਼ਿਆਦਾ ਸਬ ਡਵੀਜ਼ਨ ਗਿੱਦੜ੍ਹਬਾਹਾ ਵਿੱਚ ਕਰੀਬ ਛੇ ਹਜ਼ਾਰ ਬੁਢਾਪਾ ਪੈਨਸ਼ਨਾਂ ਕੱਟੀਆਂ ਹਨ। ਬਲਾਕ ਲੰਬੀ ਵਿੱਚ 2200 ਪੈਨਸ਼ਨਾਂ ਕੱਟੀਆਂ ਹਨ। ਪਿੰਡ ਬਾਦਲ ਵਿੱਚ ਵੀ 37 ਅਯੋਗ ਪੈਨਸ਼ਨਾਂ ਕੱਟ ਦਿੱਤੀਆਂ ਗਈਆਂ ਹਨ।

ਬਠਿੰਡਾ ਜ਼ਿਲ੍ਹੇ ਵਿੱਚ ਕਰੀਬ 9600 ਬੁਢਾਪਾ ਪੈਨਸ਼ਨਾਂ ਕੱਟੀਆਂ ਗਈਆਂ ਹਨ। ਸੰਗਰੂਰ ਜ਼ਿਲ੍ਹੇ ਵਿੱਚ 24,500 ਅਤੇ ਬਰਨਾਲਾ ਜ਼ਿਲ੍ਹੇ ਵਿੱਚ ਕਰੀਬ 6 ਹਜ਼ਾਰ ਪੈਨਸ਼ਨਾਂ ਬੰਦ ਕਰ ਦਿੱਤੀਆਂ ਗਈਆਂ ਹਨ। ਰਾਜ ਸਰਕਾਰ ਨੇ ਪੈਨਸ਼ਨ ਲੈ ਰਹੇ ਘੱਟ ਉਮਰ ਵਾਲੇ ਅਤੇ ਵੱਧ ਜਾਇਦਾਦ ਵਾਲਿਆਂ ਦੀ ਸ਼ਨਾਖਤ ਕੀਤੀ ਸੀ । ਨਿਯਮਾਂ ਅਨੁਸਾਰ ਬੁਢਾਪਾ ਪੈਨਸ਼ਨ ਲਈ ਪੁਰਸ਼ ਲਈ 65 ਸਾਲ ਅਤੇ ਔਰਤ ਲਈ 58 ਸਾਲ ਦੀ ਉਮਰ ਦੀ ਸ਼ਰਤ ਰੱਖੀ ਗਈ ਹੈ। ਇਸੇ ਤਰ੍ਹਾਂ ਪ੍ਰਤੀ ਵਿਅਕਤੀ ਆਮਦਨ ਪ੍ਰਤੀ ਮਹੀਨਾ ਦੋ ਹਜ਼ਾਰ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ ਜਦੋਂ ਕਿ ਦੋਵਾਂ ਜੀਆਂ ਦੀ ਆਮਦਨ ਹੱਦ ਤਿੰਨ ਹਜ਼ਾਰ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਤਰਫੋਂ ਸਭ ਤੋਂ ਪਹਿਲਾਂ ਬੁਢਾਪਾ ਪੈਨਸ਼ਨਾਂ ਦੀ ਪੜਤਾਲ ਕਰਨ ਲਈ ਵੋਟਰ ਸੂਚੀਆਂ ਦਰਜ ਉਮਰ ਨੂੰ ਅਧਾਰ ਬਣਾਇਆ ਗਿਆ ਸੀ।

# ਬੌਬੀ ਜਿੰਦਲ ਨੂੰ ਆਇਓਵਾ ਸੂਬੇ ਵਿੱਚ ਮਿਲੀ ਹਮਾਇਤ

**ਵਾਸ਼ਿੰਗਟਨ–** ਤਾਜ਼ਾ ਚੋਣ ਸਰਵੇਖਣ ਅਨੁਸਾਰ ਰਿਪਬਲਿਕਨ ਪਾਰਟੀ ਵੱਲੋਂ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਦੇ ਚਾਹਵਾਨ ਉਮੀਦਵਾਰ ਬੌਬੀ ਜਿੰਦਲ ਦੀ ਆਇਓਵਾ ਸੂਬੇ ਵਿੱਚ ਹਰਮਨ- ਪਿਆਰਤਾ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ ਜਦੋਂ ਕਿ ਕੁਲ ਮਿਲਾਕੇ ਅਮਰੀਕਾ ਵਿੱਚ ਉਹ ਅਜੇ ਵੀ ਪਿੱਛੇ ਹੀ ਹੈ। ਰਾਸ਼ਟਰਪਤੀ ਦੀ ਚੋਣ ਸਬੰਧੀ ਤਾਜ਼ਾ ਅੰਕੜੇ ਜਾਰੀ ਕਰਦਿਆਂ ਮੋਨਮਾਊਥ ਯੂਨੀਵਰਸਿਟੀ ਦੀ ਚੋਣ ਸੰਸਥਾ ਦੇ ਡਾਇਰੈਕਟਰ ਪੈਟਰਿਕ ਮਰੇ ਨੇ ਕਿਹਾ ਕਿ ਇਹ ਵਿਸ਼ੇਸ਼ ਤੌਰ ’ਤੇ ਨੋਟ ਕੀਤਾ ਗਿਆ ਕਿ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਰੀਪਬਲਿਕਨ ਪਾਰਟੀ ਦਾ ਉਮੀਦਵਾਰ ਬਣਨ ਦੇ ਚਾਹਵਾਨ



ਬੌਬੀ ਜਿੰਦਲ ਨੂੰ ਦੇਸ਼ ਭਰ ਦੇ ਮੁਕਾਬਲੇ ਲੋਆ ਸੂਬੇ ਵਿੱਚ ਜ਼ਬਰਦਸਤ ਹਮਾਇਤ ਮਿਲੀ ਹੈ। ਉਹ ਪਹਿਲੇ ਦਸ ਤਰਜੀਹੀ ਉਮੀਦਵਾਰਾਂ ਵਿੱਚ ਸ਼ਾਮਲ ਹੋ ਗਿਆ ਹੈ ਪਰ ਇਸਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰਾਂ ਵਿੱਚ ਹੋਣ ਵਾਲੀ ਪਹਿਲੀ ਬਹਿਸ ਵਿੱਚ ਉਸ ਵੱਲੋਂ ਹਿੱਸਾ ਲੈਣ ਦੀ ਸੰਭਾਵਨਾ ਬੇਹੱਦ ਘੱਟ ਹੈ ਅਜੇ ਉਹ ਅੰਕਾਂ ਦੇ ਮਾਮਲੇ ਵਿੱਚ ਥੋੜਾ ਪਛੜਿਆ ਹੋਇਆ ਹੈ।

ਦੇਸ਼ ਦੁਆਬਾ

# ਜਾਤ ਆਧਾਰਿਤ ਅੰਕੜਿਆਂ ਦਾ ਭੇਦ

ਭਾਰਤ ਵਿਚ ਹਾਲ ਹੀ ਵਿਚ ਜਾਤੀ ਆਧਾਰਿਤ ਮਰਦਮਸ਼ੁਮਾਰੀ ਦੇ ਅੰਕੜੇ ਜਨਤਕ ਕਰਨ ਦੇ ਲਈ ਬਹਿਸ ਆਰੰਭ ਹੋਈ ਹੈ। ਜਾਤੀ ਆਧਾਰਿਤ ਅੰਕੜੇ ਕੀ ਹਨ ਅਤੇ ਇਹ ਜਨਤਕ ਕਰਨੇ ਕਿਉਂ ਜ਼ਰੂਰੀ ਹਨ, ਇਸ ਬਾਰੇ ਆਮ ਲੋਕਾਂ ਦੀ ਜਾਣਕਾਰੀ ਬਹੁਤ ਥੋੜ੍ਹੀ ਹੈ। ਜਾਤੀ ਆਧਾਰਿਤ ਅੰਕੜੇ ਭਾਰਤ ਵਿਚ ਅੱਜ ਤੱਕ ਜਨਤਕ ਨਹੀਂ ਕੀਤੇ ਗਏ। ਇਸ ਦਾ ਕਾਰਨ ਹੈ ਸਰਕਾਰਾਂ ਦੇ ਮੂਹਰੇ ਭਾਰਤ ਸੰਵਿਧਾਨ ਦੀ ਪ੍ਰਸਤਾਵਨਾ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਭਾਰਤ ਨੂੰ ਬਰਾਬਰੀ ਆਧਾਰਿਤ, ਕਲਿਆਣਕਾਰੀ ਅਤੇ ਹਰ ਵਰਗ ਨੂੰ ਭਾਰਤ ਦੇ ਪ੍ਰਸ਼ਾਸਨ ਵਿਚ ਯੋਗ ਨੁਮਾਇੰਦਗੀ ਦੇਣ ਦੀ ਵਕਾਲਤ ਕਰਦੀ ਹੈ। ਪਰ ਜਾਤੀਵਾਦੀ ਤੌਰ ਤੇ ਭਾਰਤ ਦਾ ਮੌਜੂਦਾ ਪ੍ਰਸ਼ਾਸਨਿਕ, ਸਿੱਖਿਆ ਅਤੇ ਸਮਾਜਿਕ ਪੱਧਰ ਬਿਲਕੁਲ ਉਲਟ ਹੈ। ਭਾਰਤੀ ਮੀਡੀਆ ਅਨੁਸਾਰ ਭਾਰਤ ਵਿਚ 30 ਫੀਸਦੀ ਤੋਂ ਜ਼ਿਆਦਾ ਦਲਿਤ ਆਬਾਦੀ ਹੈ, 15 ਫੀਸਦੀ ਤੋਂ ਜ਼ਿਆਦਾ ਆਦਿਵਾਸੀ ਜਾਂ ਜੰਗਲਾਂ ਵਿਚ ਰਹਿਣ ਵਾਲੇ ਲੋਕਾਂ ਦੀ ਆਬਾਦੀ ਹੈ, 25 ਫੀਸਦੀ ਦੇ ਕਰੀਬ ਸਭਿਆ ਸਮਾਜ ਵਿਚ ਰਹਿਣ ਵਾਲੇ ਕਮਜ਼ੋਰ ਵਰਗ ਹਨ ਅਤੇ 20 ਫੀਸਦੀ ਤੋਂ ਜ਼ਿਆਦਾ ਉਹ ਗਰੀਬ ਵਰਗ ਹੈ, ਜਿਹੜਾ ਅਮੀਰ ਹੋਣ ਲਈ ਜ਼ੋਰ ਲਗਾ ਰਿਹਾ ਹੈ ਪਰ ਹੋ ਨਹੀਂ ਪਾ ਰਿਹਾ, ਯਾਨਿ ਕਿ ਹੇਠਲੇ ਪੱਧਰ ਦਾ ਮੱਧ ਵਰਗ। 8 ਫੀਸਦੀ ਦੇ ਕਰੀਬ ਭਾਰਤ ਵਿਚ ਉਹ ਵਰਗ ਵੱਸ ਰਿਹਾ ਹੈ, ਜਿਹੜਾ ਹੈ ਤਾਂ ਉਚ ਜਾਤੀ ਨਾਲ ਸਬੰਧਤ, ਪਰ ਗਰੀਬੀ ਦਾ ਜੂਲਾ ਲਾਹੁਣ ਲਈ ਪੂਰਾ ਤਾਣ ਲਗਾ ਰਿਹਾ ਹੈ। ਯਾਨਿ ਕਿ 98 ਫੀਸਦੀ ਭਾਰਤ ਦੀ ਆਬਾਦੀ ਆਪਣੀ ਰੋਜ਼ੀ-ਰੋਟੀ, ਜਿਊਣ ਦੇ ਅਧਿਕਾਰ ਨੂੰ ਪ੍ਰਾਪਤ ਕਰਨ ਅਤੇ ਆਪਣਾ ਵਕਤ ਵਧੀਆ ਤਰੀਕੇ ਨਾਲ ਲੰਘਾਉਣ ਲਈ ਆਰਥਿਕ ਅਤੇ ਸਮਾਜਿਕ ਲੜਾਈ ਲੜ ਰਿਹਾ ਹੈ। ਰਾਜਨੀਤਿਕ ਅਤੇ ਪ੍ਰਸ਼ਾਸਨਿਕ ਖੇਤਰ ਵਿਚ ਇਸ ਵਰਗ ਦੀ ਭੂਮਿਕਾ ਨਾਮਾਤਰ ਹੀ ਕਹੀ ਜਾ ਸਕਦੀ ਹੈ। ਹੁਣ ਰਹਿ ਗਿਆ 2 ਫੀਸਦੀ ਵਰਗ- ਇਸ ਵਿਚ ਭਾਰਤ ਦੀਆਂ ਸਿਆਸੀ ਪਾਰਟੀਆਂ ਦੇ ਲੀਡਰ, ਅਫਸਰਸ਼ਾਹੀ ਅਤੇ ਵੱਡੇ ਉਦਯੋਗਪਤੀ ਸ਼ਾਮਲ ਹਨ। ਇਹ 2 ਫੀਸਦੀ ਵਰਗ ਭਾਰਤ ਦੇ ਆਰਥਿਕ, ਪ੍ਰਸ਼ਾਸਨਿਕ ਅਤੇ ਰਾਜਨੀਤਕ ਖੇਤਰ ਵਿਚ 98 ਫੀਸਦੀ ਪ੍ਰਤੀਨਿਧਤਾ ਕਰ ਰਿਹਾ ਹੈ। ਇਸ ਵਰਗ ਦੀ ਇੰਨੀ ਵਿਆਪਕ ਪ੍ਰਤੀਨਿਧਤਾ ਦੇ ਕਾਰਨ ਕਮਜ਼ੋਰ ਵਰਗ ਤਾਂ ਅੱਗੇ ਵਧਣ ਬਾਰੇ ਸੋਚ ਨਹੀਂ ਸਕਦਾ, ਪਰ ਹੇਠਲੇ ਵਰਗ ਦੇ ਮੱਧ ਵਰਗ ਨੂੰ ਇਹ ਵਰਗ ਉਪਰ ਆਉਣ ਹੀ ਨਹੀਂ ਦਿੰਦਾ। ਭਾਰਤ ਦੀ ਨਿਆਂ-ਪਾਲਿਕਾ, ਪ੍ਰਸ਼ਾਸਨ, ਰਾਜਨੀਤੀ ਵਿਚ 2 ਫੀਸਦੀ ਵਰਗ ਦਾ ਹੀ ਬੋਲਬਾਲਾ ਹੈ। ਇਹੀ ਕਾਰਨ ਹੈ ਕਿ ਜਾਤੀ ਆਧਾਰਿਤ ਜਨਗਣਨਾ ਦੇ ਅੰਕੜੇ ਸਰਕਾਰਾਂ ਉਪਰ ਨਹੀਂ ਆਉਣ ਦਿੰਦੀਆਂ ਕਿਉਂਕਿ ਇਸ ਨਾਲ ਉਸ 2 ਫੀਸਦੀ ਵਰਗ ਦਾ ਭਾਂਡਾ ਭੰਨਿਆ ਜਾਵੇਗਾ, ਜਿਹੜਾ ਭਾਰਤ ਦੇ ਸਾਰੇ ਖੇਤਰਾਂ ਉਤੇ 98 ਫੀਸਦੀ ਅਜ਼ਾਰੇਦਾਰੀ ਜਮਾਈ ਬੈਠਾ ਹੈ। ਹੁਣ ਕਰੀਏ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਦੀ ਗੱਲ: ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਕਹਿੰਦੀ ਹੈ; ਅਸੀਂ ਭਾਰਤ ਦੇ ਲੋਕ ਭਾਰਤ ਨੂੰ ਬਰਾਬਰੀ ਆਧਾਰਿਤ, ਸਮਾਜਿਕ, ਆਰਥਿਕ, ਰਾਜਨੀਤਿਕ ਲੋਕਤੰਤਰ ਬਣਾਵਾਂਗੇ। ਹੁਣ ਜੇਕਰ ਜਾਤ ਆਧਾਰਿਤ ਭਾਰਤ ਦੀ ਸੰਰਚਨਾ ਨੂੰ ਦੇਖੀਏ ਤਾਂ ਇਹ ਸਾਰੀਆਂ ਗੱਲਾਂ ਝੂਠੀਆਂ ਨਜ਼ਰ ਆਉਂਦੀਆਂ ਹਨ। ਇਹੀ ਕਾਰਨ ਹੈ ਕਿ ਕਾਂਗਰਸ ਪਾਰਟੀ ਦੀ ਜ਼ਿਆਦਾਤਰ ਸਮਾਂ ਰਹੀ ਸਰਕਾਰ ਨੇ ਭਾਰਤ ਦੇ ਜਾਤ ਆਧਾਰਿਤ ਅੰਕੜਿਆਂ ਨੂੰ ਅੱਗੇ ਨਹੀਂ ਆਉਣ ਦਿੱਤਾ। ਹੁਣ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਜੇਕਰ ਇਹ ਸਰਕਾਰ ਜਾਤ ਆਧਾਰਿਤ ਅੰਕੜੇ ਅੱਗੇ ਲਿਆਉਂਦੀ ਹੈ ਤਾਂ ਸੱਚ ਸਾਹਮਣੇ ਆ ਜਾਵੇਗਾ ਅਤੇ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਵਾਸਤਾ ਦੇ ਕੇ ਕੋਈ ਵੀ ਵਿਅਕਤੀ ਅਦਾਲਤ ਵਿਚ ਵੀ ਖੜ੍ਹ ਸਕਦਾ ਹੈ। ਅਜਿਹੀ ਸੂਰਤ ਵਿਚ ਇਸ ਸਰਕਾਰ ਦੀਆਂ ਮੁਸ਼ਕਿਲਾਂ ਵੱਧ ਜਾਣਗੀਆਂ। ਇਹੀ ਕਾਰਨ ਹੈ ਕਿ ਮੋਦੀ ਸਰਕਾਰ ਭਾਰਤ ਦੇ ਜਾਤ ਆਧਾਰਿਤ ਅੰਕੜੇ ਅੱਗੇ ਨਹੀਂ ਆਉਣ ਦੇ ਰਹੀ।

# ਗਰੀਬ ਲੋਕਾਂ ਨੂੰ ਵੱਧ ਮਿਲਦੀ ਹੈ ਮੌਤ ਦੀ ਸਜ਼ਾ, ਅਕਸਰ ਬਚ ਜਾਂਦੇ ਹਨ ਅਮੀਰ

ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਭਾਰਤੀ ਕਾਨੂੰਨ ਪ੍ਰਣਾਲੀ ਗਰੀਬ ਅਤੇ ਹਾਸ਼ੀਏ ਤੇ ਮੌਜੂਦ ਲੋਕਾਂ ਨੂੰ ਲੈ ਕੇ ਪੱਖਪਾਤੀ ਹੈ। ਹਾਲਾਤ ਇਹ ਹੈ ਕਿ ਗਰੀਬ ਅਤੇ ਪੱਛੜਿਆਂ ਨੂੰ ਅਮੀਰ ਲੋਕਾਂ ਦੇ ਮੁਕਾਬਲੇ ਜ਼ਿਆਦਾ ਸਖਤ ਸਜ਼ਾ ਮਿਲਦੀ ਹੈ ਅਤੇ ਕੁਝ ਅਜਿਹੇ ਵੀ ਤੱਥ ਸਾਹਮਣੇ ਆਏ ਹਨ, ਜੋ ਪੂਰੀ ਕਹਾਣੀ ਬਿਆਨ ਕਰਦੇ ਹਨ।

ਆਪਣੇ ਵੱਲੋਂ ਪਹਿਲੀ ਖੋਜ ਵਿਚ ਪਿਛਲੇ 15 ਸਾਲਾਂ ਵਿਚ ਮੌਤ ਦੀ ਸਜ਼ਾ ਪ੍ਰਾਪਤ 373 ਦੋਸ਼ੀਆਂ ਦੀ ਇੰਟਰਵਿਊ ਦੇ ਡਾਟਾ ਨੂੰ ਸਟੱਡੀ ਕੀਤਾ ਗਿਆ। ਇਹ ਪਾਇਆ ਗਿਆ ਕਿ ਇਹਨਾਂ ਵਿਚੋਂ ਤਿੰਨ ਚੌਥਾਈ ਪੱਛੜੀਆਂ ਜਾਤੀਆਂ ਅਤੇ ਧਾਰਮਿਕ ਘੱਟ ਗਿਣਤੀ ਵਰਗਾਂ ਦੇ ਸਨ। 75 ਫੀਸਦੀ ਲੋਕ ਆਰਥਿਕ ਤੌਰ ਤੇ ਕਮਜ਼ੋਰ ਤਬਕੇ ਤੋਂ ਸਨ।

ਗਰੀਬ, ਦਲਿਤ ਅਤੇ ਪੱਛੜੀਆਂ ਜਾਤੀਆਂ ਦੇ ਲੋਕਾਂ ਨੂੰ ਭਾਰਤੀ ਅਦਾਲਤਾਂ ਤੋਂ ਸਖਤ ਸਜ਼ਾ ਇਸ ਕਰਕੇ ਮਿਲਦੀ ਹੈ, ਕਿਉਂਕਿ ਉਹ ਆਪਣਾ ਕੇਸ ਲੜਨ ਦੇ ਲਈ ਕਾਬਲ ਵਕੀਲ ਨਹੀਂ ਕਰ ਪਾਉਂਦੇ। ਦਹਿਸ਼ਤ ਨਾਲ ਜੁੜੇ ਮਾਮਲਿਆਂ ਦੇ ਲਈ ਸਜ਼ਾ ਪ੍ਰਾਪਤ ਕਰਨ ਵਾਲਿਆਂ ਵਿਚ 93.5 ਪ੍ਰਤੀਸ਼ਤ ਲੋਕ ਦਲਿਤ ਅਤੇ ਧਾਰਮਿਕ ਘੱਟ ਗਿਣਤੀ ਤੋਂ ਹਨ।

ਨੈਸ਼ਨਲ ਲਾਅ ਯੂਨੀਵਰਸਿਟੀ ਤੋਂ ਸਟੂਡੈਂਟਸ ਨੇ ਲਾਅ ਕਮਿਸ਼ਨ ਦੀ ਮਦਦ ਨਾਲ ਇਹ ਅਧਿਐਨ ਕੀਤਾ ਹੈ। ਲਾਅ ਕਮਿਸ਼ਨ ਹਾਲੇ ਇਹ ਤਹਿ ਕਰਨਾ ਚਾਹੁੰਦਾ ਹੈ ਕਿ ਮੌਤ ਦੀ ਸਜ਼ਾ ਦੇਣ ਨੂੰ ਬਰਕਰਾਰ ਰੱਖਣਾ ਹੈ ਜਾਂ ਨਹੀਂ। ਲਾਅ ਪੈਨਲ ਦੇ ਚੇਅਰਮੈਨ ਜਸਟਿਸ ਏ. ਪੀ. ਸ਼ਾਹ ਖੁਦ ਮੌਤ ਦੀ ਸਜ਼ਾ ਨੂੰ ਹਟਾਉਣ ਦੇ ਪੱਖ ਵਿਚ ਹਨ। ਉਹ ਅਗਲੇ ਮਹੀਨੇ ਤੱਕ ਸੁਪਰੀਮ ਕੋਰਟ ਨੂੰ ਰਿਪੋਰਟ ਸੌਂਪ ਦੇਣਗੇ।

ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਦਾ



ਕਹਿਣਾ ਹੈ ਕਿ ਇਹ ਸੱਚ ਹੈ ਕਿ ਕਲਾਸ ਨੂੰ ਲੈ ਕੇ ਥੋੜ੍ਹਾ ਭੇਦਭਾਵ ਹੈ, ਨਹੀਂ ਤਾਂ ਸਾਡੀਆਂ ਜੇਲ੍ਹਾਂ ਵਿਚ ਇੰਨੇ ਲੋਕ ਕਿਉਂ ਭਰੇ ਹੁੰਦੇ, ਜੋ ਜ਼ਮਾਨਤ ਲੈਣ ਦੇ ਲਈ ਇਕ ਵਕੀਲ ਤੱਕ ਹਾਇਰ ਕਰਨ ਦੀ ਸਮਰੱਥਾ ਨਹੀਂ ਰੱਖਦੇ? ਉਹਨਾਂ ਨੇ ਕਿਹਾ ਕਿ ਸਿਰਫ 1 ਫੀਸਦੀ ਲੋਕ ਹੀ ਲਾਇਕ ਵਕੀਲ ਲੱਭ ਪਾਉਂਦੇ ਹਨ। ਉਹਨਾਂ ਕਿਹਾ ਕਿ ਟ੍ਰਾਇਲ ਕੋਰਟ ਵਿਚ ਅਫਜਲ ਗੁਰੂ ਦੇ ਲਈ ਸ਼ਾਇਦ ਹੀ ਕਿਸੇ ਨੇ ਬਹਿਸ ਕੀਤੀ ਹੋਵੇ।

ਹਿਊਮਨ ਰਾਈਟਸ ਲਾਅ ਨੈਟਵਰਕ ਦੇ ਸੰਸਥਾਪਕ ਅਤੇ ਸੀਨੀਅਰ ਐਡਵੋਕੇਟ ਕਾਲਿਨ ਗਾਂਜਲਵੇਜ ਨੇ ਵੀ ਇਹੀ ਵਿਚਾਰ ਰੱਖੇ ਹਨ ਪਰ ਗਰੀਬ, ਖਾਸ ਕਰਕੇ ਦਲਿਤ ਅਤੇ ਆਦਿਵਾਸੀ ਫਸੇ ਰਹਿ ਜਾਂਦੇ ਹਨ। ਨੈਸ਼ਨਲ ਲਾਅ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਸਾਰੇ ਮੌਤ ਦੀ ਸਜ਼ਾ ਪ੍ਰਾਪਤ ਕੈਦੀਆਂ ਨਾਲ ਗੱਲ ਕੀਤੀ ਅਤੇ ਉਹਨਾਂ ਦੀ ਬੈਕਰਾਊਂਡ ਜਾਣੀ। ਇਸ ਵਿਚ ਇਹ ਵੀ ਦੇਖਿਆ ਗਿਆ ਕਿ ਫਾਂਸੀ ਤੇ ਚੜ੍ਹਨ ਤੋਂ ਪਹਿਲਾਂ ਉਸ ਕਿਸ ਕਿਸਮ ਦੇ ਮਾਨਸਿਕ ਦਬਾਅ ਅਤੇ ਪ੍ਰੇਸ਼ਾਨੀ ਸਹਿਣ ਕਰਦੇ ਹਨ।

ਮੌਤ ਦੀ ਸਜ਼ਾ ਪ੍ਰਾਪਤ ਕਰਨ ਵਾਲੇ ਕੈਦੀ ਔਸਤਨ ਅਦਾਲਤ ਦੀ ਕਾਰਵਾਈ ਵਿਚ ਸ਼ਾਮਲ ਨਹੀਂ ਹੋਇਆ ਕਰਦੇ। ਜ਼ਿਆਦਾਤਰ ਮਾਮਲਿਆਂ ਵਿਚ ਤਾਂ ਇਹਨਾਂ ਕੈਦੀਆਂ ਨੇ ਦੱਸਿਆ ਕਿ ਕੋਰਟ ਵਿਚ ਹੋਣ ਦੇ ਬਾਵਜੂਦ ਉਹਨਾਂ ਨੂੰ ਸਮਝ ਨਹੀਂ ਆਇਆ ਕਿ ਉਥੇ ਚੱਲ ਕੀ ਰਿਹਾ ਸੀ।

2000 ਤੋਂ ਲੈ ਕੇ 2015 ਤੱਕ ਟ੍ਰਾਇਲ ਕੋਰਟ ਤੋਂ 1617 ਲੋਕਾਂ ਨੂੰ ਮੌਤ ਦੀ ਸਜ਼ਾ ਮਿਲੀ। ਇਹਨਾਂ ਵਿਚ 42 ਫੀਸਦੀ ਇਕੱਲੇ ਉਤਰ ਪ੍ਰਦੇਸ਼ ਅਤੇ ਬਿਹਾਰ ਤੋਂ ਹਨ। ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿਚ ਇਸ ਕਿਸਮ ਦੀ ਸਜ਼ਾ ਦੀ ਦਰ ਟ੍ਰਾਇਲ ਕੋਰਟਾਂ ਦੇ ਮੁਕਾਬਲੇ ਘੱਟ ਹੈ।

ਕਨਵਿਕਸ਼ਨ ਰੇਟ ਟ੍ਰਾਇਲ ਕੋਰਟ ਦੇ ਮੁਕਾਬਲੇ ਹਾਈ ਕੋਰਟ ਵਿਚ 17.5 ਫੀਸਦੀ ਅਤੇ ਸੁਪਰੀਮ ਕੋਰਟ ਵਿਚ 4.9 ਫੀਸਦੀ ਘੱਟ ਹੈ। ਕਈ ਸਾਲਾਂ ਬਾਅਦ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਜਾਂ ਬਰੀ ਕਰਨ ਵਿਚ ਬਦਲ ਦਿੱਤਾ ਜਾਂਦਾ ਹੈ।

# ਸ਼ੰਕਾ-ਨਵਿਰਤੀ/ ਭਾਗ- 8



ਮੇਘ ਰਾਜ ਮਿੱਤਰ
+91-98887-87440

? ਅਜਿਹਾ ਦਾਅਵਾ ਹੈ ਕਿ ਕਲੋਨ ਵਿਧੀ ਨਾਲ ਪੈਦਾ ਹੋਇਆ ਬੱਚਾ ਉਸਦੇ ਮੂਲ ਦੀ 'ਕਾਪੀ' ਹੀ ਹੋਵੇਗਾ ਉਹੀ ਗੁਣ ਤੇ ਉਹੀ ਵਿਚਾਰ। ਤਾਂ ਫਿਰ ਕੀ ਉਹ ਕੋਈ ਬਿਨਾਂ ਸਿੱਖਿਆ ਪ੍ਰਾਪਤ ਕੀਤਿਆਂ ਸਭ ਕੁਝ ਪੜ੍ਹ ਲਿਖ ਸਕੇਗਾ?

* ਮਨੁੱਖ ਵਿਚ ਦੋ ਕਿਸਮ ਦੇ ਗੁਣ ਹੁੰਦੇ ਹਨ। ਇੱਕ ਪੈਦਾਇਸ਼ੀ ਗੁਣ ਹੁੰਦੇ ਹਨ ਅਤੇ ਦੂਜੇ ਵਾਤਾਵਰਣ ਤੋਂ ਪ੍ਰਾਪਤ ਗੁਣ ਹੁੰਦੇ ਹਨ। ਕਲੋਨਡ ਬੱਚੇ ਵਿਚ ਪੈਦਾਇਸ਼ੀ ਗੁਣ ਤਾਂ ਹੋਣਗੇ ਪਰ ਮਾਹੌਲ ਤੋਂ ਉਹ ਗੁਣ ਹੀ ਪ੍ਰਾਪਤ ਕਰ ਸਕੇਗਾ ਜਿਹੋ-ਜਿਹਾ ਉਸਦਾ ਮਾਹੌਲ ਹੋਵੇਗਾ।

? ਬਹੁਤ ਸਾਰੇ ਲੋਕਾਂ ਦੇ ਵਾਲ ਬਚਪਨ ਵਿਚ ਹੀ ਚਿੱਟੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਦੀ ਰੋਕਥਾਮ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ।

* ਜਦੋਂ ਸਾਡੀ ਚਮੜੀ ਵਿਚ ਮੈਲਾਨਿਨ ਨਾਂ ਦੇ ਪਦਾਰਥ ਦੀ ਕਮੀ ਹੋ ਜਾਂਦੀ ਹੈ ਤਾਂ ਵਾਲ ਚਿੱਟੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਦਾ ਇਲਾਜ ਕੁਝ ਹਾਲਤਾਂ ਵਿਚ ਹੋ ਜਾਂਦਾ ਹੈ ਅਤੇ ਬਹੁਤ ਸਾਰੀਆਂ ਹਾਲਤਾਂ ਵਿਚ ਨਹੀਂ ਵੀ ਹੁੰਦਾ।

* ਲੰਮਾ ਪੈ ਕੇ ਟੀ. ਵੀ ਦੇਖਣ ਨਾਲ ਅੱਖਾਂ ਦੀ ਦਿੱਖ ਵਿਗੜਦੀ ਹੈ।

? ਗਰਭ ਅਵਸਥਾ ਸਮੇਂ ਐਕਸ-ਰੇ ਨਹੀਂ ਕਰਵਾਉਣਾ ਚਾਹੀਦਾ। ਕਿਉਂ ਕੀ ਪ੍ਰਭਾਵ ਪੈ ਸਕਦਾ ਹੈ?

* ਗਰਭ ਅਵਸਥਾ ਵਿਚ ਬੱਚੇ ਦੇ ਨਾਜ਼ੁਕ ਅੰਗ ਸ਼ੁਰੂਆਤ ਹਾਲਤ ਵਿਚ ਹੀ ਹੁੰਦੇ ਹਨ ਜਿਸ ਨਾਲ ਥੋੜ੍ਹੀ ਜਿਹੀ ਮਾਤਰਾ ਵਿਚ ਐਕਸ ਕਿਰਨਾਂ ਉਨ੍ਹਾਂ ਤੇ ਮਾਰੂ ਪ੍ਰਭਾਵ ਪਾ ਸਕਦੀਆਂ ਹਨ।

? ਮਿੱਤਰ ਜੀ, ਦਵਾਉ ਕੀ ਹੈ ਜਿਹੜਾ ਕਿ ਮਨੁੱਖ ਨੂੰ ਸੌਂਦੇ ਸਮੇਂ ਪੈਂਦਾ ਹੈ ਤਾਂ ਮਨੁੱਖ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸ ਨੂੰ ਕਿਸੇ ਨੇ ਪਕੜ ਲਿਆ ਹੋਵੇ।

* ਮਨ, ਮਨੁੱਖ ਦਾ ਕਦੇ ਨਾ ਸੌਣ ਵਾਲਾ ਅੰਗ ਹੈ। ਇਹ 24 ਘੰਟੇ ਕਲਪਨਾਵਾਂ ਕਰਦਾ ਹੀ ਰਹਿੰਦਾ ਹੈ। ਇਸ ਲਈ ਇਨ੍ਹਾਂ ਚੰਗੀਆਂ ਮਾੜੀਆਂ ਕਲਪਨਾਵਾਂ ਦਾ ਪ੍ਰਭਾਵ ਸਾਡੇ ਸਰੀਰ ਤੇ ਪੈਂਦਾ ਹੈ ਅਤੇ ਮਨ ਹੀ ਇਹ ਪ੍ਰਭਾਵ ਸਾਡੇ ਦਿਲ ਤੇ ਵੀ ਪਾਉਂਦਾ ਹੈ। ਇਸ ਲਈ ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਹੈ, ਕਈ ਵਾਰ ਵਿਅਕਤੀਆਂ ਨੂੰ ਦਬਾ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਿਸੇ ਨੇ ਉਨ੍ਹਾਂ ਨੂੰ ਪਕੜ ਲਿਆ ਹੋਵੇ।

? ਸਾਡੇ ਦਿਲ ਨੂੰ ਕੰਮ ਕਰਨ ਲਈ ਊਰਜਾ ਕੌਣ ਦਿੰਦਾ ਹੈ।

* ਜੋ ਪਦਾਰਥ ਅਸੀਂ ਖਾਂਦੇ ਹਾਂ, ਉਹ ਖ਼ੂਨ ਰਾਹੀਂ ਸਾਡੇ ਸਰੀਰ ਦੇ ਵੱਖ-ਵੱਖ ਭਾਗਾਂ ਵਿਚ ਜਾਂਦੇ ਹਨ। ਇਸ ਤਰ੍ਹਾਂ ਸਾਡੇ ਸਰੀਰ ਦੇ ਸਾਰੇ ਸੈੱਲਾਂ ਨੂੰ ਖ਼ੁਰਾਕ ਮਿਲ ਜਾਂਦੀ ਹੈ। ਇਹ ਖ਼ੁਰਾਕ ਹੀ ਦਿਲ ਲਈ ਊਰਜਾ ਦਾ ਸੋਮਾ ਹੈ।

? ਤੁਹਾਡੇ ਜਿਹਾ ਦਿਮਾਗ ਪਾਉਣ ਲਈ ਕੀ ਕਰਨਾ ਚਾਹੀਦਾ ਹੈ।

* ਮੇਰਾ ਦਿਮਾਗ ਤਾਂ ਕੋਈ ਬਹੁਤ ਵਧੀਆ ਨਹੀਂ। ਇਹ ਆਮ ਵਿਅਕਤੀਆਂ ਵਰਗਾ ਹੀ ਹੈ ਪਰ ਪੜ੍ਹਨ-ਲਿਖਣ ਦੀ ਆਦਤ ਨੂੰ ਰੋਜ਼ਾਨਾ ਜ਼ਿੰਦਗੀ ਨਾਲ ਜੋੜ ਕੇ ਸਮਾਜ ਵਿਚ ਵਾਪਰ ਰਹੇ ਵਰਤਾਰਿਆਂ ਦਾ ਨਿਰੀਖਣ ਕਰਨਾ, ਚੀਰ-ਫਾੜ ਕਰਨਾ ਮੇਰੀ ਆਦਤ ਬਣ ਚੁੱਕੀ ਹੈ। ਜੇ ਤੁਸੀ ਵੀ ਜ਼ਿੰਦਗੀ ਵਿਚ ਆਪਣਾ ਨਜ਼ਰੀਆ ਅਜਿਹਾ ਬਣਾ ਲਵੋਗੇ ਤਾਂ ਤੁਹਾਡਾ ਦਿਮਾਗ ਵੀ ਮੇਰੇ ਦਿਮਾਗ਼ ਵਰਗਾ ਜਾਂ ਮੈਥੋਂ ਵੀ ਵਧੀਆ ਹੋ ਸਕਦਾ ਹੈ।

? ਕਈ ਇਨਸਾਨਾਂ ਦੇ ਦੰਦ ਉੱਚੇ-ਨੀਵੇਂ ਅਤੇ ਟੇਢੇ ਹੁੰਦੇ ਹਨ, ਅਜਿਹਾ ਕਿਉਂ ਹੁੰਦਾ ਹੈ।

* ਦੰਦਾਂ ਅਤੇ ਜੁਬਾੜਿਆਂ ਦੀ ਬਣਤਰ ਵੀ ਸਾਨੂੰ ਵਿਰਾਸਤ ਵਿਚ ਮਿਲੇ ਜੀਨਾਂ ਕਰਕੇ ਮਿਲਦੀ ਹੈ। ਕਈ ਵਾਰ ਅਸੀਂ ਸੱਟਾਂ ਵੀ ਖਾ ਲੈਂਦੇ ਹਾਂ। ਇਸ ਲਈ ਸਾਡੇ ਦੰਦ ਸਮੇਂ ਤੋਂ ਪਹਿਲਾਂ ਨਿਕਲ ਜਾਂਦੇ ਹਨ। ਉਨ੍ਹਾਂ ਦੀ ਥਾਂ ਲੈਣ ਲਈ ਕੁਝ ਹੋਰ ਦੰਦ ਆਉਣੇ ਸ਼ੁਰੂ ਹੋ ਜਾਂਦੇ ਹਨ ਪਰ ਉੱਪਰਲੀ ਸਪੇਸ ਵੱਧ-ਘੱਟ ਜਾਂ ਨਾ ਹੋਣ ਕਰਕੇ ਦੰਦ ਟੇਢੇ-ਮੇਢੇ ਹੋ ਜਾਂਦੇ ਹਨ ਪਰ ਅੱਜ ਕੱਲ੍ਹ ਆਰਥੋ-ਡੈਂਟਿਸ ਦੰਦਾਂ ਦੀ ਬਣਤਰ ਨੂੰ ਤਾਰਾਂ ਰਾਹੀਂ ਠੀਕ ਕਰਨ ਦੇ ਸਮੱਰਥ ਹੁੰਦੇ ਹਨ ਪਰ ਇਹ ਇੱਕ ਮਹਿੰਗਾ ਸੌਦਾ ਹੈ। ਸਿਰਫ ਸਮਰੱਥ ਪਰਿਵਾਰ ਹੀ ਇਸ ਸੁਵਿਧਾ ਦਾ ਫਾਇਦਾ ਉਠਾ ਸਕਦੇ ਹਨ।

? ਕੀ ਵਾਲ ਰੱਖਣੇ ਸਿਹਤ ਲਈ ਲਾਹੇਵੰਦ ਹਨ। ਜੇ ਹਾਂ ਤਾਂ ਕਿਉਂ ਜੇ ਨਹੀਂ ਤਾਂ ਕਿਉਂ।

* ਵਾਲ ਪ੍ਰੋਟੀਨ ਦੇ ਮੁਰਦਾ ਸੈੱਲ ਹੁੰਦੇ ਹਨ। ਸਰੀਰ ਮਰੇ ਹੋਏ ਸੈੱਲਾਂ ਨੂੰ ਵਾਲਾਂ ਰਾਹੀਂ ਬਾਹਰ ਕੱਢਦਾ ਹੈ। ਇਸ ਲਈ ਵਿਗਿਆਨਕ ਦ੍ਰਿਸ਼ਟੀ ਤੋਂ ਇਹ ਕੋਈ ਫਾਇਦੇਮੰਦ ਨਹੀਂ ਪਰ ਸਮਾਜਿਕ ਦ੍ਰਿਸ਼ਟੀ ਤੋਂ ਇਹ ਮਹੱਤਵਪੂਰਨ ਵੀ ਹੋ ਸਕਦੇ ਹਨ ਜਿਵੇਂ ਜੇ ਕੋਈ ਇਸਤਰੀ ਸਾਡੇ ਸਮਾਜ ਵਿਚ ਆਪਣੇ ਸਿਰ 'ਤੇ ਉਸਤਰਾ ਫਿਰਵਾ ਕੇ ਪਿੰਡ ਜਾਂ ਸ਼ਹਿਰ ਵਿਚ ਘੁੰਮਣਾ ਸ਼ੁਰੂ ਕਰ ਦੇਵੇ ਤਾਂ ਤੁਸੀਂ ਉਸ ਨੂੰ ਕੀ ਕਹੋਗੇ?

? ਮਨੁੱਖ ਦਾ ਕੱਦ ਗਿੱਠਾ ਕਿਉਂ ਰਹਿੰਦਾ ਹੈ? ਜਦ ਕਿ ਉਸ ਦੇ ਮਾਂ-ਬਾਪ ਦਾ ਕੱਦ ਲੰਬਾ ਹੁੰਦਾ ਹੈ। ਤੇ ਗਿੱਠੇ ਬੰਦੇ ਨੂੰ ਲੰਬਾ ਕਰਨ ਦਾ ਆਪਰੇਸ਼ਨ ਤੋਂ ਬਿਨਾਂ ਕੀ ਉਪਾਅ ਹੈ?

* ਜੀਵਾਂ ਵਿਚ ਅੱਧੇ ਗੁਣ, ਉਸ ਦੇ ਮਾਪਿਆਂ ਵਾਲੇ ਹੁੰਦੇ ਹਨ, ਉਸ ਤੋਂ ਅੱਧੇ ਉਸ ਦੇ ਦਾਦਾ, ਦਾਦੀ, ਨਾਨਾ, ਨਾਨੀ ਵਾਲੇ ਹੁੰਦੇ ਹਨ, ਉਸ ਤੋਂ ਅੱਧੇ ਪੜਨਾਨਾ, ਪੜਨਾਨੀ, ਪੜਦਾਦਾ, ਪੜਦਾਦੀ ਵਾਲੇ ਹੁੰਦੇ ਹਨ। ਇਨ੍ਹਾਂ ਸਭ ਦੇ ਗੁਣ ਮਨੁੱਖ ਵਿਚ ਪਏ ਰਹਿੰਦੇ ਹਨ। ਇਨ੍ਹਾਂ ਗੁਣਾਂ ਵਿਚੋਂ ਕੁਝ ਗੁਣ ਪ੍ਰਗਟ ਹੋ ਜਾਂਦੇ ਹਨ। ਬਾਕੀ ਮਨੁੱਖ ਦੇ ਵਿਚ ਗੁਪਤ ਹੀ ਹੋ ਕੇ ਪਏ ਰਹਿੰਦੇ ਹਨ। ਕਿਸੇ ਅਗਲੀ ਪੀੜ੍ਹੀ ਵਿਚ ਜਾ ਕੇ ਇਹ ਪ੍ਰਗਟ ਹੋ ਜਾਂਦੇ ਹਨ। ਇਸ ਕਰਕੇ ਮਾਪੇ ਲੰਬੇ ਹੋਣ ਦੇ ਬਾਵਜੂਦ ਕੁਝ ਆਦਮੀ ਗਿੱਠੇ ਰਹਿ ਜਾਂਦੇ ਹਨ। ਗਿੱਠੇ ਬੰਦੇ ਨੂੰ ਲੰਬਾ ਕਰਨ ਦਾ ਸਰਜਰੀ ਤੋਂ ਬਿਨਾਂ ਕੋਈ ਢੰਗ ਨਹੀਂ।

? ਦੋਵਾਂ ਕੁੜੀ-ਮੁੰਡੇ ਨੂੰ ਜੇਕਰ ਏਡਜ਼ ਨਹੀਂ ਹੋਈ ਤਾਂ ਕੁੜੀ ਦੇ ਮੂੰਹ ਵਿਚ ਛਾਲੇ ਹੋਏ ਹਨ ਤਾਂ ਉਨ੍ਹਾਂ ਦੋਵਾਂ ਦੇ ਚੁੰਮਣ ਕਰਨ ਨਾਲ ਉਨ੍ਹਾਂ ਨੂੰ ਏਡਜ਼ ਹੋ ਸਕਦੀ ਹੈ।

* ਨਹੀਂ ਇਸ ਤਰ੍ਹਾਂ ਨਹੀਂ ਹੋ ਸਕਦਾ।

? ਕੁੜੀਆਂ ਵਿਚ ਮੁੰਡਿਆਂ ਮੁਕਾਬਲੇ ਜ਼ਿਆਦਾ ਸਹਿਣ-ਸ਼ਕਤੀ ਅਤੇ ਗਰਮੀ ਹੁੰਦੀ ਹੈ? ਕੀ ਇਹ ਸੱਚ ਹੈ, ਜੇ ਹੈ ਤਾਂ ਕਿਵੇਂ।

* ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ, ਕਿ ਕੁੜੀਆਂ ਮੁੰਡਿਆਂ ਨਾਲੋਂ ਵੱਧ ਸਹਿਣਸ਼ੀਲ ਹੁੰਦੀਆਂ ਹਨ। ਜੇ ਇਉਂ ਕਹਿ ਲਿਆ ਜਾਵੇ ਕਿ ਗਰੀਬ ਆਦਮੀ ਅਮੀਰ ਆਦਮੀਆਂ ਦੇ ਮੁਕਾਬਲੇ ਵੱਧ ਸਹਿਣਸ਼ੀਲ ਹੁੰਦੇ ਹਨ, ਇਹ ਗਲਤ ਨਹੀਂ ਹੋਵੇਗਾ। ਇਸ ਲਈ ਜਿਹੜੀਆਂ ਨਸਲਾਂ, ਕੌਮਾਂ ਜਾਂ ਜਾਤਾਂ ਦੱਬੀਆਂ-ਕੁਚਲੀਆਂ ਹੁੰਦੀਆਂ ਹਨ, ਉਹਨਾਂ ਦਾ ਵੱਧ ਸਹਿਣਸ਼ੀਲ ਹੋਣਾ ਇਸੇ ਵਧੀਕੀ ਦਾ ਇੱਕ ਪ੍ਰਤੀਕ ਹੈ। ਮੇਰਾ ਖਿਆਲ ਹੈ ਕੁੜੀਆਂ ਵਿੱਚ ਗਰਮੀ ਵੱਧ ਨਹੀਂ ਹੁੰਦੀ।

? ਸੁਪਨੇ ਅੰਦਰ ਹਮਲਾਵਰ ਤੋਂ ਬਚਣ ਲਈ ਚਾਹੁੰਦਿਆਂ ਹੋਇਆਂ ਇਨਸਾਨ ਭੱਜ ਕਿਉਂ ਨਹੀਂ ਸਕਦਾ ਅਤੇ ਲੜਖੜਾ ਕੇ ਡਿੱਗਦਾ ਰਹਿੰਦਾ ਹੈ। ਅਜਿਹਾ ਕਿਉਂ ਹੁੰਦਾ ਹੈ?

* ਅਸਲ ਵਿਚ ਸੁਪਨੇ ਮਨ ਦੀ ਕਲਪਨਾ ਸ਼ਕਤੀ ਨਾਲ ਸੰਬੰਧਿਤ ਹੁੰਦੇ ਹਨ। ਕਲਪਨਾਵਾਂ ਨੇ ਜਿੱਧਰ ਨੂੰ ਤੁਰਨਾ ਹੁੰਦਾ ਹੈ। ਸੁਪਨਿਆਂ ਨੇ ਉਹੀ ਰੰਗ ਸਿਰਜਣਾ ਹੁੰਦਾ ਹੈ।

? ਅਸੀਂ ਸਾਹ ਰਾਹੀਂ ਆਕਸੀਜਨ ਲੈਂਦੇ ਹਾਂ ਪਰ ਉਹ ਕਾਰਬਨ ਡਾਈਆਕਸਾਈਡ ਵਿਚ ਕਿਵੇਂ ਬਦਲ ਜਾਂਦੀ ਹੈ। * ਸਾਡੇ ਸਰੀਰ ਦੁਆਰਾ ਖਾਧਾ ਗਿਆ ਭੋਜਨ ਖ਼ੂਨ ਵਿਚ ਚਲਿਆ ਜਾਂਦਾ ਹੈ। ਖ਼ੂਨ ਵਿਚਲੇ ਭੋਜਨ ਦਾ ਆਕਸੀਕਰਨ ਸਾਹ ਕਿਰਿਆ ਦੁਆਰਾ ਲਈ ਗਈ ਹਵਾ ਵਿਚਲੀ ਆਕਸੀਜਨ ਕਰਕੇ ਹੁੰਦਾ ਹੈ। ਇਸ ਆਕਸੀਕਰਨ ਕਿਰਿਆ ਕਾਰਨ ਸਾਹ ਵਿਚਲੀ ਆਕਸੀਜਨ ਦਾ ਕੁਝ ਭਾਗ ਕਾਰਬਨ ਡਾਈਆਕਸਾਈਡ ਵਿਚ ਬਦਲ ਜਾਂਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜਿਤਿ ਡਿਠੈ ਸਭੁ ਦੁਖ ਜਾਇ - ਗੁਰੂ ਹਰਿ ਕ੍ਰਿਸ਼ਨ ਜੀ



ਸੰਤੋਖ ਸਿੰਘ ਸੰਧੂ
(+64) 022 071 0935

ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਗੁਰੂ ਹਰਿ ਰਾਇ ਜੀ ਅਤੇ ਮਾਤਾ ਸੁਲਖਣੀ ਜੀ ਦੇ ਗ੍ਰਿਹ ਕੀਰਤ ਪੁਰ ਸਾਹਿਬ, ਰੂਪਨਗਰ, ਵਿਖੇ 23 ਜੁਲਾਈ 1656 ਨੂੰ ਹੋਇਆ। ਗੁਰੂ ਹਰਿ ਰਾਇ ਜੀ ਦੇ ਦੋ ਪੁੱਤਰ ਸਨ - ਰਾਮ ਰਾਇ ਅਤੇ ਹਰਿ ਕ੍ਰਿਸ਼ਨ। ਰਾਮ ਰਾਇ ਵੱਡਾ ਅਤੇ ਰੁੱਖੇ ਸੁਭਾਅ ਵਾਲਾ ਸੀ। ਉਸਦੀ ਮੁਗਲ ਹਾਕਮਾਂ ਨਾਲ ਸਾਂਝ ਸੀ। ਹਰਿ ਕ੍ਰਿਸ਼ਨ ਜੀ ਬੜੇ ਨਿਮਰ ਸੁਭਾਅ ਵਾਲੇ ਸਨ। ਉੱਝ ਦੋਵੇਂ ਸਿੱਖ ਮੱਤ ਦੇ ਪੈਰਵੀ ਸਨ ਅਤੇ ਗੁਰਬਾਣੀ ਦਾ ਸਿਮਰਨ ਕਰਦੇ ਸਨ। ਹਰਿ ਕ੍ਰਿਸ਼ਨ ਜੀ ਹਾਲੇ ਪੰਜ ਸਾਲ ਦੇ ਹੀ ਸਨ ਕਿ ਪਿਤਾ ਹਰਿ ਰਾਇ ਉਨ੍ਹਾਂ ਨੂੰ 7 ਅਕਤੂਬਰ 1661 ਨੂੰ ਗੁਰਗੱਦੀ ਦਾ ਅਗਲਾ ਵਾਰਿਸ ਬਣਾ ਕੇ ਕੀਰਤ ਪੁਰ ਵਿਖੇ ਜੋਤੀ ਜੋਤ ਸਮਾ ਗਏ। ਉਹ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਨਾਲ ਕਦੇ ਵੀ ਨਾ ਮਿਲਣ ਦੀ ਹਦਾਇਤ ਕਰ ਗਏ।

ਰਾਮ ਰਾਇ ਗੁਰੂ ਜੀ ਦਾ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਉਤੇ ਆਪਣਾ ਹੱਕ ਸਮਝਦਾ ਸੀ। ਉਸਨੂੰ ਗੁਰੂ ਹਰਿ ਰਾਇ ਸਾਹਿਬ ਜੀ ਵੱਲੋਂ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਕੀਤੀ ਗਈ ਹਦਾਇਤ ਦਾ ਪਤਾ ਸੀ। ਉਸਦੀ ਕਿਉਂਕਿ ਮੁਗਲ ਹਾਕਮਾਂ ਨਾਲ ਚੰਗੀ ਬਣਦੀ ਸੀ, ਉਸਨੇ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਈਰਖਾ ਕੱਢਣ ਲਈ ਇੱਕ ਚਾਲ ਚੱਲੀ। ਉਸਨੇ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ ਕਿ ਉਸਨੂੰ ਪਿਤਾ ਦੀ ਜਾਇਦਾਦ ਵਿੱਚੋਂ ਬਣਦਾ ਹਿੱਸਾ ਨਹੀਂ ਦਿੱਤਾ ਗਿਆ। ਸਾਰੀ ਜਾਇਦਾਦ ਉਸਦੇ ਛੋਟੇ ਭਰਾ ਹਰਿ ਕ੍ਰਿਸ਼ਨ ਨੂੰ ਦੇ ਦਿੱਤੀ ਗਈ ਹੈ। ਇਹ ਉਸਦੇ ਨਾਲ ਘੋਰ ਅਨਿਆਂ ਹੈ। ਦਰਅਸਲ ਉਸਦੀ ਇਹ ਸ਼ਿਕਾਇਤ ਕਰਨ ਦਾ ਮਕਸਦ ਇੱਕ ਤੀਰ ਨਾਲ ਦੋ ਨਿਸ਼ਾਨੇ ਕਰਨਾ ਸੀ। ਉਸਨੂੰ ਪਤਾ ਸੀ ਕਿ ਔਰੰਗਜ਼ੇਬ ਗੁਰੂ ਹਰਿ ਕ੍ਰਿਸ਼ਨ ਨੂੰ ਪੇਸ਼ ਹੋਣ ਦਾ ਹੁਕਮ ਕਰੇਗਾ। ਇਸ ਤਰ੍ਹਾਂ ਔਰੰਗਜ਼ੇਬ ਨੂੰ ਨਾ ਮਿਲਣ ਦੀ ਗੁਰੂ ਹਰਿ ਰਾਇ ਜੀ ਵਲੋਂ ਕੀਤੀ ਗਈ ਹਦਾਇਤ ਉਲਟ ਹੋ ਜਾਵੇਗੀ। ਸਿੱਖ ਸੰਗਤ ਹਰਿ ਕ੍ਰਿਸ਼ਨ ਨਾਲ ਨਾਰਾਜ਼ ਹੋ ਜਾਵੇਗੀ ਅਤੇ ਉਸਨੂੰ ਗੁਰੂ ਮੰਨਣ ਤੋਂ ਇਨਕਾਰੀ ਹੋ ਜਾਵੇਗੀ। ਇਸ ਤਰ੍ਹਾਂ ਗੁਰਗੱਦੀ ਅਤੇ ਸਾਰੀ ਜਾਇਦਾਦ ਰਾਮ ਰਾਇ ਦੇ ਕਬਜੇ ਵਿੱਚ ਆ ਜਾਵੇਗੀ। ਜੇ ਹਰਿ ਕ੍ਰਿਸ਼ਨ ਔਰੰਗਜ਼ੇਬ ਦੇ ਸਾਹਮਣੇ ਪੇਸ਼ ਨਹੀਂ ਹੁੰਦਾ ਤਾਂ ਔਰੰਗਜ਼ੇਬ ਦੀ ਫੌਜ ਉਸ ਉਤੇ ਹਮਲਾ ਕਰਕੇ ਉਸਨੂੰ ਗ੍ਰਿਫਤਾਰ ਕਰਕੇ ਲੈ ਜਾਵੇਗੀ। ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਨੂੰ ਪੇਸ਼ ਹੋਣ ਦਾ ਹੁਕਮ ਜਾਰੀ ਕਰਕੇ ਆਪਣੇ ਮੁੱਖ ਸਲਾਹਕਾਰ ਰਾਜਾ ਜੈ ਸਿੰਘ ਨੂੰ ਗੁਰੂ ਜੀ ਨੂੰ ਦਿੱਲੀ ਲਿਆਉਣ ਲਈ ਭੇਜਿਆ।

ਰਾਜਾ ਜੈ ਸਿੰਘ ਦੀ ਸਿੱਖ ਗੁਰਗੱਦੀ ਪ੍ਰਤੀ ਬੜੀ ਸ਼ਰਧਾ ਸੀ। ਉਹ ਔਰੰਗਜ਼ੇਬ ਦਾ ਹੁਕਮ ਲੈ ਕੇ ਕੀਰਤ ਪੁਰ ਆ ਗਿਆ। ਸਿੱਖ ਸੰਗਤ ਨੂੰ ਜਦੋਂ ਪਤਾ ਲੱਗਿਆ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਦਿੱਲੀ ਲੈਜਾਣ ਦਾ ਵਿਰੋਧ ਕੀਤਾ। ਰਾਜਾ ਜੈ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਗੁਰੂ ਹਰਿ ਕ੍ਰਿਸ਼ਨ ਔਰੰਗਜ਼ੇਬ ਨਾਲ ਨਹੀਂ ਮਿਲੇਗਾ। ਦਿੱਲੀ ਦੀ ਸਿੱਖ ਸੰਗਤ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੁੰਦੀ ਹੈ। ਇਸ ਉਤੇ ਸਿੱਖ ਸੰਗਤ ਮੰਨ ਗਈ ਅਤੇ ਗੁਰੂ ਜੀ ਵੀ ਰਜ਼ਾਮੰਦ ਹੋ ਗਏ। ਗੁਰੂ ਜੀ ਆਪਣੀ ਮਾਤਾ ਜੀ ਅਤੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਰਾਜਾ ਜੈ ਸਿੰਘ ਨਾਲ ਦਿੱਲੀ ਵੱਲ ਚੱਲ ਪਏ। ਇਸ ਲੰਬੇ ਸਫਰ ਉਤੇ ਜਾਂਦਿਆਂ ਗੁਰੂ ਜੀ ਦਾ ਪਹਿਲਾ ਪੜਾਅ ਪੰਜੋਖੜਾ, ਜਿਲ੍ਹਾ ਅੰਬਾਲਾ ਵਿਖੇ ਹੋਇਆ। ਇੱਥੇ ਭਾਰੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਪੁੱਜੀ। ਇਸ ਸੰਗਤ ਵਿੱਚ ਇੱਕ ਬ੍ਰਾਹਮਣ ਲਾਲ ਚੰਦ ਵੀ ਆਇਆ। ਲਾਲ ਚੰਦ ਬੜਾ ਵਿਦਵਾਨ ਸੀ ਪਰ ਘਮੰਡੀ ਵੀ ਬੜਾ ਸੀ। ਲਾਲ ਚੰਦ ਨੇ ਗੁਰੂ ਜੀ ਨੂੰ ਛੋਟਾ ਬੱਚਾ ਵੇਖ ਕੇ ਟਿੱਚਰ ਕੀਤੀ ਕਿ ਇਹ ਗੁਰੂ ਨਹੀਂ ਹੋ ਸਕਦਾ। ਇਸ ਵਿੱਚ ਗੁਰੂ ਬਣਨ ਵਾਲੀ ਕਿਹੜੀ ਲਿਆਕਤ ਹੈ? ਇਸਦਾ ਨਾਂ ਕ੍ਰਿਸ਼ਨ ਰੱਖਿਆ ਗਿਆ ਹੈ, ਕੀ ਕ੍ਰਿਸ਼ਨ ਵਾਲੇ ਗੁਣ ਇਸ ਵਿੱਚ ਹਨ? ਜੇ ਇਹ ਆਪਣੇ ਆਪ ਨੂੰ ਕ੍ਰਿਸ਼ਨ ਕਹਿੰਦਾ ਹੈ ਤਾਂ ਕ੍ਰਿਸ਼ਨ ਭਗਵਾਨ ਨੇ ਭਗਵਦ ਗੀਤਾ ਰਚੀ ਸੀ, ਇਹ ਭਗਵਦ ਗੀਤਾ ਦਾ ਸਾਰ ਸੰਦੇਸ਼ ਕੀ ਹੈ, ਦੱਸੇ। ਫਿਰ ਅਸੀਂ ਮੰਨਾਂਗੇ।

ਗੁਰੂ ਜੀ ਦੀ ਸੰਗਤ ਵਿੱਚ ਇੱਕ ਅਨਪੜ੍ਹ ਤੇ ਅਕਲ ਪੱਖੋਂ ਵੀ ਹੀਣ ਵਿਅਕਤੀ ਛੱਜੂ ਝਿਉਰ ਨਾਲ ਆਇਆ ਹੋਇਆ ਸੀ। ਉਸਨੇ ਕਿਹਾ ਕਿ ਜੇ ਗੁਰੂ ਜੀ ਦੀ ਕ੍ਰਿਪਾ ਹੋਵੇ ਤਾਂ ਕੋਈ ਵੀ ਵਿਅਕਤੀ ਭਗਵਤ ਗੀਤਾ ਦਾ ਸਾਰ ਸੰਦੇਸ਼ ਬਿਆਨ ਕਰ ਸਕਦਾ ਹੈ। ਬ੍ਰਾਹਮਣ ਛੱਜੂ ਵੱਲ ਵੇਖ ਕੇ ਹੱਸਿਆ। ਪਰ ਗੁਰੂ ਜੀ ਨੇ ਜਦ ਛੱਜੂ ਦੇ ਸਿਰ ਉਤੇ ਆਪਣੇ ਹੱਥ ਵਿੱਚ ਫੜੀ ਸੋਟੀ ਰੱਖੀ ਤਾਂ ਛੱਜੂ ਇਕਦਮ ਭਗਵਤ ਗੀਤਾ ਦੇ ਸੰਸਕ੍ਰਿਤ ਦੇ ਸਲੋਕ ਇੰਝ ਬੋਲਣ ਲੱਗਿਆ ਜਿਵੇਂ ਕੋਈ ਬਹੁਤ ਪੜ੍ਹਿਆ ਲਿਖਿਆ ਵਿਦਵਾਨ ਬੋਲਦਾ ਹੈ। ਉਸਨੇ ਭਗਵਤ ਗੀਤਾ ਦਾ ਸਾਰ ਸੰਦੇਸ਼ ਇੰਝ ਬਿਆਨ ਕੀਤਾ ਕਿ ਘਮੰਡੀ ਬ੍ਰਾਹਮਣ ਦਾ ਸਿਰ ਸ਼ਰਮ ਨਾਲ ਗੋਡਿਆਂ ਵਿੱਚ ਲੁਕਣ ਲੱਗਾ। ਸਾਰੇ ਉਸਦੀ ਖਿੱਲੀ ਉਡਾਉਣ ਲੱਗੇ। ਸ਼ਰਮਸਾਰ ਹੋਇਆ ਬ੍ਰਾਹਮਣ ਗੁਰੂ ਜੀ ਦੇ ਚਰਨਾਂ ਉਤੇ ਢਹਿ ਪਿਆ ਅਤੇ ਆਪਣੀ ਮੂਰਖਤਾ ਦੀ ਮੁਆਫੀ ਮੰਗੀ। ਇਸ ਅਸਥਾਨ ਉਤੇ ਗੁਰੂ ਜੀ ਦੀ ਯਾਦ ਵਿੱਚ ਸ਼ਾਨਦਾਰ ਗੁਰਦੁਆਰਾ ਪੰਜੋਖੜਾ ਸਾਹਿਬ ਸ਼ਸ਼ੋਭਤ ਹੈ।

ਦਿੱਲੀ ਪਹੁੰਚ ਕੇ ਗੁਰੂ ਜੀ ਅਤੇ ਨਾਲ ਆਈ ਸੰਗਤ ਨੇ ਰਾਜਾ ਜੈ ਸਿੰਘ ਦੇ ਮਹਿਲ ਵਿੱਚ ਨਿਵਾਸ ਕੀਤਾ। ਇਹ ਮਹਿਲ ਕਾਫੀ ਲੰਬਾ ਚੌੜਾ ਸੀ। ਇੱਥੇ ਰੋਜ਼ਾਨਾਂ ਭਾਰੀ ਗਿਣਤੀ ਵਿੱਚ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੀ। ਬਾਦਸ਼ਾਹ ਔਰੰਗਜ਼ੇਬ ਨੂੰ ਵੀ ਸ਼ੱਕ ਹੋਇਆ ਕਿ ਇੰਨੀ ਛੋਟੀ ਉਮਰ ਦਾ ਬਾਲਕ ਗੁਰੂ ਵਰਗੀ ਪਦਵੀ ਦਾ ਮਾਲਿਕ ਕਿਵੇਂ ਹੋ ਸਕਦਾ ਹੈ। ਉਸਨੇ ਰਾਜਾ ਜੈ ਸਿੰਘ ਨੂੰ ਗੁਰੂ ਜੀ ਦੀ ਪਰਖ ਕਰਨ ਲਈ ਕਿਹਾ। ਵਿਉਂਤ ਬਣਾਈ ਗਈ ਕਿ ਰਾਣੀ ਨੂੰ ਗੋਲੀਆਂ ਵਾਲੇ ਕੱਪੜੇ ਪਵਾ ਕੇ ਗੋਲੀਆਂ ਵਿੱਚ ਬਿਠਾਇਆ ਜਾਵੇ। ਜੇ ਤਾਂ ਇਹ ਸਹੀ ਗੁਰੂ ਹੋਵੇਗਾ ਤਾਂ ਰਾਣੀ ਨੂੰ ਪਛਾਣ ਲਵੇਗਾ। ਵਿਉਂਤ ਅਨੁਸਾਰ ਗੁਰੂ ਜੀ ਨੂੰ ਕਿਹਾ ਗਿਆ ਕਿ ਮਹਿਲ ਦੀਆਂ ਔਰਤਾਂ (ਰਾਣੀ ਤੇ ਗੋਲੀਆਂ) ਆਪ ਜੀ ਦੇ ਦਰਸ਼ਨ ਕਰਨੇ ਚਾਹੁੰਦੀਆਂ ਹਨ। ਔਰਤਾਂ ਦੇ ਨਿਵਾਸ ਅਸਥਾਨ ਉਤੇ ਸਾਰੀਆਂ ਗੋਲੀਆਂ ਨੂੰ ਬਿਠਾਇਆ ਗਿਆ। ਰਾਣੀ ਵੀ ਗੋਲੀਆਂ ਵਾਲੇ ਕੱਪੜੇ ਪਾ ਕੇ ਗੋਲੀਆਂ ਦੇ ਪਿੱਛੇ ਬੈਠ ਗਈ। ਗੁਰੂ ਜੀ ਨੂੰ ਉਥੇ ਲਿਆਂਦਾ ਗਿਆ। ਗੁਰੂ ਜੀ ਨੇ ਸਭਨਾਂ ਵੱਲ ਧਿਆਨ ਮਾਰਿਆ। ਗੋਲੀ ਦੇ ਲਿਬਾਸ ਵਿੱਚ ਜੋ ਔਰਤ ਪਿੱਛੇ ਬੈਠੀ ਸੀ, ਗੁਰੂ ਜੀ ਉਸ ਵੱਲ ਗਏ ਅਤੇ ਜਾ ਕੇ ਉਸ ਦੀ ਗੋਦੀ ਵਿੱਚ ਬੈਠ ਗਏ। ਇਸ ਤਰ੍ਹਾਂ ਸਾਰਿਆਂ ਨੂੰ ਵਿਸ਼ਵਾਸ ਹੋ ਗਿਆ ਕਿ ਅਸਲ ਗੁਰੂ ਇਹੀ ਹਨ।

### ਦਿੱਲੀ ਵਿੱਚ ਚੇਚਕ ਦੀ ਬੀਮਾਰੀ ਫੈਲਣੀ

ਇਨ੍ਹੀਂ ਦਿਨੀ ਦਿੱਲੀ ਵਿੱਚ ਚੇਚਕ ਦੀ ਬੀਮਾਰੀ ਫੈਲ ਗਈ। ਗੁਰੂ ਜੀ ਨੇ ਚੇਚਕ ਦੇ ਰੋਗੀਆਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਰੋਗੀਆਂ ਦੀ ਸੇਵਾ ਵਿੱਚ ਲੱਗੇ ਹੋਣ ਕਰਕੇ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਅੱਗੋਂ ਹੋਰ ਕੁਝ ਨਾ ਕਿਹਾ। ਗੁਰੂ ਜੀ ਨੇ ਰੋਗੀਆਂ ਦੀ ਸੇਵਾ ਕਰਦਿਆਂ ਨਾ ਆਪਣਾ ਆਰਾਮ ਨਾ ਦਿਨ ਨਾ ਰਾਤ ਦੇਖਿਆ। ਇਸ ਤਰ੍ਹਾਂ ਸੇਵਾ ਕਰਦਿਆਂ ਗੁਰੂ ਜੀ ਖੁਦ ਚੇਚਕ ਦਾ ਸ਼ਿਕਾਰ ਹੋ ਗਏ। ਸੇਵਕ ਗੁਰੂ ਜੀ ਨੂੰ ਰਾਜਾ ਜੈ ਸਿੰਘ ਦੇ ਮਹਿਲ ਤੋਂ ਦਰਿਆ ਯਮੁਨਾ ਦੇ ਕਿਨਾਰੇ ਲੈ ਗਏ। ਗੁਰੂ ਜੀ ਨੂੰ ਬਹੁਤ ਤੇਜ਼ ਬੁਖਾਰ ਹੋ ਗਿਆ। ਬੀਮਾਰੀ ਨਾਲ ਗੁਰੂ ਜੀ ਬਹੁਤ ਨਿਢਾਲ ਹੋ ਗਏ। ਇੰਨੇ ਕਮਜ਼ੋਰ ਹੋ ਗਏ ਕਿ ਬੋਲਣਾ ਵੀ ਮੁਸ਼ਕਿਲ ਹੋ ਗਿਆ। ਗੁਰੂ ਜੀ ਨੇ ਸੇਵਕਾਂ ਨੂੰ ਇਸ਼ਾਰੇ ਨਾਲ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸਮਾਂ ਨਜਦੀਕ ਆ ਗਿਆ ਹੈ। ਸੇਵਕਾਂ ਨੂੰ ਡਰ ਪੈ ਗਿਆ ਕਿ ਧੀਰ ਮੱਲ ਅਤੇ ਰਾਮ ਰਾਇ ਵਰਗੇ ਅੱਗੋਂ ਗੁਰਗੱਦੀ ਉਤੇ ਕਾਬਿਜ਼ ਨਾ ਹੋ ਜਾਣ। ਉਨ੍ਹਾਂ ਨੇ ਗੁਰੂ ਜੀ ਤੋਂ ਗੁਰਗੱਦੀ ਦੇ ਅਗਲੇ ਵਾਰਿਸ ਬਾਰੇ ਪੁੱਛਿਆ। ਗੁਰੂ ਜੀ ਕੁਝ ਸਾਫ ਨਾ ਬੋਲ ਸਕੇ। ਉਨ੍ਹਾਂ ਦੇ ਮੂੰਹੋਂ ਸਿਰਫ ਇੰਨਾ ਹੀ ਨਿਕਲਿਆ। 'ਬਾਬਾ ਬਕਾਲੇ'। ਗੁਰੂ ਜੀ ਦਿੱਲੀ ਵਿੱਚ 16 ਅਪ੍ਰੈਲ, 1664 ਨੂੰ ਜੋਤੀ ਜੋਤ ਸਮਾ ਗਏ। ਜਿੱਥੇ ਗੁਰੂ ਜੀ ਜੋਤੀ ਜੋਤ ਸਮਾਏ ਉਸ ਅਸਥਾਨ ਉਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਸੁਸ਼ੋਭਤ ਹੈ।



# ਜਾਤੀਆਂ ਸਬੰਧੀ ਅੰਕੜੇ ਜਾਰੀ ਕਰਨ ਤੋਂ ਗੁਰੇਜ਼ ਕਿਉਂ?

ਯੋਗੇਂਦਰ ਯਾਦਵ

ਜਾਤ ਦਾ ਭੂਤ ਵੇਖਦਿਆਂ ਹੀ ਚੰਗੇ-ਚੰਗੇ ਦੀ ਮੱਤ ਮਾਰੀ ਜਾਂਦੀ ਹੈ। ਜਾਂ ਤਾਂ ਲੋਕ ਬਿੱਲੀ ਸਾਹਮਣੇ ਅੱਖਾਂ ਮੀਟੀ ਖੜ੍ਹੇ ਕਬੂਤਰ ਵਰਗੇ ਹੋ ਜਾਂਦੇ ਹਨ, ਕੌੜੀ ਸਚਾਈ ਦਾ ਸਾਹਮਣਾ ਕਰਨ ਦੀ ਥਾਂ ਇਹ ਖੁਸ਼ਫਹਿਮੀ ਪਾਲਣ ਲੱਗਦੇ ਹਨ ਕਿ ਜਾਤ ਹੈ ਹੀ ਨਹੀਂ ਜਾਂ ਫਿਰ ਉਹਨਾਂ ਦੀ ਹਾਲਤ ਸਾਉਣ ਦੇ ਅੰਨ੍ਹੇ ਵਰਗੀ ਹੋ ਜਾਂਦੀ ਹੈ। ਸਾਉਣ ਦੇ ਅੰਨ੍ਹੇ ਨੂੰ ਹਰਾ ਹੀ ਹਰਾ ਸੁੱਝਦਾ ਹੈ ਅਤੇ ਇਸੇ ਤਰ੍ਹਾਂ ਕੁਝ ਲੋਕਾਂ ਨੂੰ ਹਰ ਪਾਸੇ ਅਤੇ ਹਰ ਗੱਲ ਵਿਚ ਜਾਤ ਹੀ ਜਾਤ ਨਜ਼ਰ ਆਉਣ ਲੱਗਦੀ ਹੈ।

ਸਰਕਾਰ ਵੱਲੋਂ ਸਮਾਜਿਕ-ਆਰਥਿਕ ਜਾਤ ਆਧਾਰਿਤ ਮਰਦਮਸ਼ੁਮਾਰੀ ਦੇ ਜਾਤਾਂ ਸਬੰਧੀ ਅੰਕੜੇ ਜਨਤਕ ਨਾ ਕਰਨ ਤੋਂ ਪੈਦਾ ਹੋਈ ਬਹਿਸ ਹਿੰਦੁਸਤਾਨੀ ਦਿਮਾਗ ਦੀ ਇਸੇ ਬਿਮਾਰੀ ਦਾ ਇਕ ਨਮੂਨਾ ਹੈ। ਪਹਿਲੀ ਨਜ਼ਰੇ ਸਰਕਾਰ ਦੀ ਸਫਾਈ ਠੀਕ ਜਾਪਦੀ ਹੈ। ਮਰਦਮਸ਼ੁਮਾਰੀ ਦੇ ਅੰਕੜੇ ਜਾਂਚਣ ਵਿਚ ਅਕਸਰ ਸਮਾਂ ਲੱਗ ਜਾਂਦਾ ਹੈ। ਇਸ ਲਈ ਸਾਰੇ ਅੰਕੜੇ ਇਕੱਠੇ ਜਾਰੀ ਨਹੀਂ ਹੁੰਦੇ। ਪੂਰੇ ਅੰਕੜੇ ਜਾਰੀ ਹੋਣ ਵਿਚ ਕਈ ਸਾਲ ਵੀ ਲੱਗ ਜਾਂਦੇ ਹਨ। ਪਹਿਲਾਂ 7-8 ਸਾਲ ਲੱਗਦੇ ਸਨ, ਹੁਣ ਦੇ ਕੰਪਿਊਟਰੀ ਜ਼ਮਾਨੇ ਵਿਚ 3-4 ਸਾਲ ਲੱਗਦੇ ਹਨ। ਬਿਹਤਰ ਹੁੰਦਾ ਸਰਕਾਰ ਕੋਈ ਦਿਨ-ਤਰੀਕ ਦੱਸਦੀ ਕਿ ਅਗਲੇ ਸਾਲ ਦੇ ਇਸ ਮਹੀਨੇ ਤੱਕ ਜਾਤਾਂ ਦੀ ਗਿਣਤੀ ਨੂੰ ਕਾਗਜ਼ਾਂ 'ਤੇ ਅੰਤਿਮ ਰੂਪ ਦੇ ਦਿੱਤਾ ਜਾਵੇਗਾ, ਜਾਤ ਆਧਾਰਿਤ ਅੰਕੜੇ ਜਨਤਕ ਕਰ ਦਿੱਤੇ ਜਾਣਗੇ। ਪਰ ਜਾਤਾਂ ਸਬੰਧੀ ਅੰਕੜੇ ਜਾਰੀ ਨਾ ਕਰਨ ਸਬੰਧੀ ਸਰਕਾਰ ਦੀ ਦਲੀਲ ਕੁਝ ਹੋਰ ਹੈ। ਇਸ ਦਲੀਲ ਨੂੰ ਸੁਣ ਕੇ ਸਰਕਾਰ ਦੀ ਨੀਅਤ 'ਤੇ ਸ਼ੱਕ ਹੁੰਦਾ ਹੈ। ਭਾਵੇਂ ਸਰਕਾਰ ਵੱਲੋਂ ਇਹ ਅੰਕੜੇ ਜਾਰੀ ਕਰਨ ਲਈ ਹੁਣ ਇਕ ਕਮੇਟੀ ਬਣਾਉਣ ਦਾ ਐਲਾਨ ਤਾਂ ਕਰ ਦਿੱਤਾ ਗਿਆ ਹੈ ਪਰ ਕੁਝ ਲੋਕ ਇਸ ਨੂੰ ਸਰਕਾਰ ਦਾ ਟਾਲਣ ਵਾਲਾ ਰਵੱਈਆ ਹੀ ਕਰਾਰ ਦੇ ਰਹੇ ਹਨ। ਅਸਲ ਵਿਚ ਕਾਂਗਰਸ ਜਾਂ ਭਾਜਪਾ ਕਿਸੇ ਦੀ ਸਰਕਾਰ ਦੀ ਮਨਸ਼ਾ ਨਹੀਂ ਸੀ ਕਿ ਜਾਤ ਆਧਾਰਿਤ ਮਰਦਮਸ਼ੁਮਾਰੀ ਹੋ ਜਾਵੇ। ਦੋਵਾਂ ਸਰਕਾਰਾਂ ਨੇ ਇਸ ਨੂੰ ਰੋਕਣ, ਟਾਲਣ ਅਤੇ ਤੋੜਨ-ਮਰੋੜਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ। ਇਹ ਤਾਂ ਖੈਰ ਰਹੀ ਕਿ ਅਚਾਨਕ ਸੰਸਦ ਵਿਚ ਬਹਿਸ ਹੋ ਗਈ ਅਤੇ ਸਰਕਾਰ ਨੂੰ ਜਾਤਾਂ ਦੀ ਮਰਦਮਸ਼ੁਮਾਰੀ ਦੀ ਗੱਲ ਸਿਧਾਂਤਕ ਰੂਪ ਵਿਚ ਮੰਨਣੀ ਪਈ। ਪਰ ਫਿਰ ਇਸ ਨੂੰ ਉਲਝਾਉਣ ਦੀਆਂ ਸਾਜਿਸ਼ਾਂ ਰਚੀਆਂ ਗਈਆਂ। ਜਾਤ ਦੇ ਨਾਲ ਸਮਾਜਿਕ-ਆਰਥਿਕ ਸਰਵੇਖਣ ਵੀ ਨੱਥੀ ਕਰ ਦਿੱਤੇ ਗਏ। ਹੁਣ ਕਿਹਾ ਜਾ ਰਿਹਾ ਹੈ ਕਿ ਅਸਲੀ ਗੱਲ ਤਾਂ ਸਮਾਜਿਕ-ਆਰਥਿਕ ਸਰਵੇਖਣ ਦੀ ਹੀ ਸੀ, ਜਾਤ ਦੀ ਗਿਣਤੀ ਦੀ ਨਹੀਂ।

ਜਾਤ ਆਧਾਰਿਤ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਸਰਕਾਰ ਡਰਦੀ ਹੈ। ਵੱਡੀਆਂ ਸਿਆਸੀ ਪਾਰਟੀਆਂ ਡਰਦੀਆਂ ਹਨ ਅਤੇ ਡਰਦੇ ਹਨ ਸਮਾਜਿਕ ਨਿਆਂ ਦੇ ਉਹ ਹਮਾਇਤੀ ਜੋ ਜਾਤਾਂ ਦੀਆਂ ਤਹਿਆਂ ਦੇ ਅੰਦਰ ਝਾਕਣ ਤੋਂ ਕਤਰਾਉਂਦੇ ਹਨ। ਇਹਨਾਂ ਸਾਰਿਆਂ ਦੇ ਡਰ ਦੇ ਆਪਣੇ-ਆਪਣੇ ਕਾਰਨ ਹਨ। ਜਾਤਾਂ ਸਬੰਧੀ ਅੰਕੜਿਆਂ ਤੋਂ ਕਾਂਗਰਸ-ਭਾਜਪਾ ਅਤੇ ਪੂਰੀ ਰਾਜਨੀਤਿਕ ਸੱਤਾ ਸਥਾਪਤੀ ਡਰਦੀ ਹੈ। ਉਹਨਾਂ ਨੂੰ ਡਰ ਹੈ ਕਿ ਜਾਤ ਦਾ ਜਿੰਨ ਬੋਤਲ ਤੋਂ ਬਾਹਰ ਆ ਜਾਵੇਗਾ। ਪੱਛੜੀਆਂ ਜਾਤਾਂ ਦੀ ਗਿਣਤੀ ਜਨਤਕ ਹੋ ਜਾਵੇਗੀ ਅਤੇ ਲੋਕਾਂ ਨੂੰ ਸਰਕਾਰੀ ਤੌਰ 'ਤੇ ਪਤਾ ਲੱਗ ਜਾਵੇਗਾ ਕਿ ਕਿਸ ਜਾਤ ਵਾਲੇ ਲੋਕਾਂ ਦੀ ਗਿਣਤੀ ਇਸ ਦੇਸ਼ ਵਿਚ ਸਭ ਤੋਂ ਜ਼ਿਆਦਾ ਹੈ, ਸਿੱਖਿਆ ਅਤੇ ਨੌਕਰੀਆਂ ਦੇ ਮਾਮਲੇ ਵਿਚ ਕਿਹੜੀ ਜਾਤ ਕਿੰਨੀ ਪਿੱਛੇ ਹੈ। ਉਹਨਾਂ ਨੂੰ ਡਰ ਹੈ ਕਿ ਜਾਤ ਅਤੇ ਨੌਕਰੀ ਦੇ ਸਬੰਧ ਤੋਂ ਪਰਦਾ ਉੱਠ ਜਾਵੇਗਾ। ਰਾਜਨੀਤੀ, ਅਫਸਰਸ਼ਾਹੀ ਅਤੇ ਆਰਥਿਕਤਾ 'ਤੇ ਅਗਲੀਆਂ ਜਾਤਾਂ ਦੇ ਗਲਬੇ ਦਾ ਭੇਦ ਖੁੱਲ੍ਹ ਜਾਵੇਗਾ। ਉਂਝ ਇਸ ਬਾਰੇ ਕੁਝ ਲੁਕਿਆ ਹੋਇਆ ਨਹੀਂ ਹੈ ਪਰ ਜਾਤਾਂ ਦੇ ਅੰਕੜੇ ਸਾਹਮਣੇ ਆਉਂਦਿਆਂ ਹੀ ਇਸ ਤੱਥ ਦੀ ਸਰਕਾਰੀ ਤੌਰ 'ਤੇ ਪੁਸ਼ਟੀ ਹੋ ਜਾਵੇਗੀ। ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਬਾਅਦ ਤੋਂ ਮੋਟੇ ਜਿਹੇ ਤੌਰ 'ਤੇ ਜਾਣਦੇ ਤਾਂ ਸਾਰੇ ਹੀ ਹਨ ਕਿ ਇਸ ਦੇਸ਼ ਵਿਚ ਹੋਰ ਪੱਛੜੇ ਵਰਗਾਂ ਦੀ ਸ਼੍ਰੇਣੀ ਵਿਚ ਸ਼ਾਮਲ ਲੋਕਾਂ ਦੀ ਗਿਣਤੀ 40 ਤੋਂ 50 ਫੀਸਦੀ ਹੈ ਅਤੇ ਆਮ ਸ਼੍ਰੇਣੀ ਦੇ ਲੋਕਾਂ ਦੀ ਗਿਣਤੀ 16 ਤੋਂ 20 ਫੀਸਦੀ ਦੇ ਲਗਭੱਗ ਹੈ। ਪਰ ਜਾਤਾਂ ਦੀ ਸਰਕਾਰੀ ਗਿਣਤੀ ਜਨਤਕ ਹੋਣ ਨਾਲ ਸਿੱਖਿਆ ਅਤੇ ਨੌਕਰੀਆਂ ਵਿਚ ਗਿਣਤੀ ਦੇ ਹਿਸਾਬ ਨਾਲ ਭਾਈਵਾਲੀ ਦਾ ਸਵਾਲ ਜ਼ੋਰਦਾਰ ਤਰੀਕੇ ਨਾਲ ਉਠੇਗਾ। ਬਰਾਬਰੀ ਦੇ ਇਸੇ ਸਵਾਲ ਨੂੰ ਵੱਡੀਆਂ ਪਾਰਟੀਆਂ ਅਤੇ ਸਰਕਾਰ ਕਦੇ ਖੁੱਲ੍ਹ ਕੇ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੀ। ਜਾਤ ਦੇ ਅੰਕੜਿਆਂ ਤੋਂ ਮੰਡਲ ਅਤੇ ਸਮਾਜਿਕ ਨਿਆਂ ਦੇ ਹਮਾਇਤੀਆਂ ਵਿਚ ਵੀ ਬੇਚੈਨੀ ਹੋ ਸਕਦੀ ਹੈ। ਉਹਨਾਂ ਨੂੰ ਡਰ ਹੈ ਕਿ ਇਹ ਸਰਵੇਖਣ ਕਿਤੇ ਇਹ ਨਾ ਜ਼ਾਹਿਰ ਕਰ ਦੇਵੇ ਕਿ ਜਾਤ ਸਮਾਜਿਕ ਬੇਇਨਸਾਫੀ ਦਾ ਇਕ ਮਹੱਤਵਪੂਰਨ ਕਾਰਨ ਤਾਂ ਹੈ ਪਰ ਇਕੋ ਇਕ ਕਾਰਨ ਨਹੀਂ ਹੈ। ਹੋਰ ਪੱਛੜੇ ਵਰਗਾਂ ਦੀ ਸ਼੍ਰੇਣੀ ਵਿਚ ਆਉਣ ਵਾਲੀਆਂ ਜਾਤਾਂ ਅੰਦਰ ਸਿੱਖਿਆ ਅਤੇ ਨੌਕਰੀਆਂ 'ਚ ਮੌਕਿਆਂ ਦੇ ਲਿਹਾਜ਼ ਨਾਲ ਕੁਝ ਜਾਤੀਆਂ ਦੇ ਗਲਬੇ ਦੀ ਗੱਲ ਜਾਤ ਆਧਾਰਿਤ ਮਰਦਮਸ਼ੁਮਾਰੀ ਦੇ ਅੰਕੜਿਆਂ ਨਾਲ ਸਰਕਾਰੀ ਤੌਰ 'ਤੇ ਉਜਾਗਰ ਹੋ ਸਕਦੀ ਹੈ। ਇਹ ਗੱਲ ਵੀ ਸਾਹਮਣੇ ਆ ਸਕਦੀ ਹੈ ਕਿ ਇਕ ਹੀ ਜਾਤ ਅੰਦਰ ਵਰਗਾਂ ਦੇ ਫਰਕ ਅਤੇ ਲਿੰਗੀ ਭੇਦ ਵੀ ਮੌਕਿਆਂ ਦੀ ਗੈਰ-ਬਰਾਬਰੀ ਦਾ ਬਹੁਤ ਵੱਡਾ ਕਾਰਨ ਹਨ। ਇਹ ਗੱਲਾਂ ਜ਼ਾਹਿਰ ਹੋਣ ਨਾਲ ਸਮਾਜਿਕ ਨਿਆਂ ਦੀ ਰਾਜਨੀਤੀ ਨੂੰ ਉਸ ਦੀਆਂ ਪੁਰਾਣੀਆਂ ਲੀਹਾਂ 'ਤੇ ਚਲਾਈ ਰੱਖਣਾ ਮੁਸ਼ਕਿਲ ਹੋਵੇਗਾ।

ਜਾਤਾਂ ਦੇ ਅੰਕੜਿਆਂ ਨੂੰ ਜਨਤਕ ਕਰਨਾ ਜਾਤੀਵਾਦ ਨਹੀਂ ਹੈ। ਇਹ ਜਾਤੀਵਾਦ ਦੇ ਭੂਤ ਨੂੰ ਵੱਸ ਵਿਚ ਕਰਨ ਦਾ ਤਰੀਕਾ ਹੈ। ਰਾਖਵੇਂਕਰਨ ਸਬੰਧੀ ਰੁਕ ਚੁੱਕੀ ਬਹਿਸ ਨੂੰ ਸਾਰਥਿਕ ਦਿਸ਼ਾ ਵਿਚ ਲਿਜਾਣ ਦਾ ਇਹ ਇਕ ਜ਼ਰੂਰ ਮੌਕਾ ਵੀ ਹੈ। ਬਸ਼ਰਤੇ ਅਸੀਂ ਜਾਤੀਵਾਦ ਦੇ ਭੂਤ ਦਾ ਅੱਖਾਂ ਖੋਲ੍ਹ ਕੇ ਸਾਹਮਣਾ ਕਰਨ ਲਈ ਤਿਆਰ ਹੋਈਏ।

*ਰੋਜ਼ਾਨਾ ਅਜੀਤ ਜਲੰਧਰ ਦੇ ਧੰਨਵਾਦ ਸਹਿਤ*

# ਨਾਪਾ ਦੀਆਂ ਕੋਸ਼ਿਸ਼ਾਂ ਨੂੰ ਬੂਰ ਪੈਣ ਲੱਗਾ

## ਸਾਂਨਫਰਾਂਸਿਸਕੋ ਜਾਂ ਸੈਨਹੌਜੇ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਹਵਾਈ ਫਲਾਈਟਾਂ ਸ਼ੁਰੂ ਹੋਣਗੀਆਂ

**ਸੰਨੀਵੇਲ (ਕੈਲੀਫੋਰਨੀਆ)** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਾਮੀ ਕੈਲੀਫੋਰਨੀਆਂ ਯਾਤਰਾ ਨੂੰ ਲੈ ਕੇ ਕੈਲੀਫੋਰਨੀਆ ਦੇ ਸ਼ਹਿਰ ਸੰਨੀਵੇਲ ਦੇ ਇਕ ਹੋਟਲ ਵਿਚ ਭਾਰਤੀ ਮੂਲ ਦੀਆਂ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਹੋਰਨਾਂ ਤੋਂ ਇਲਾਵਾ ਕੌਂਸਲਰ ਜਨਰਲ ਆਫ ਇੰਡੀਆ ਵੈਂਕਟਾਸਨ ਅਸ਼ੋਕ, ਭਾਰਤੀ ਸਫਾਰਤਖਾਨੇ ਵਿਚ ਹੈਡ ਆਫ ਚਾਂਸਰੀ ਡੇਬਾਬਰਾਟਾ ਚਟੋਪਾਧਿਆਏ ਤੇ ਕੌਂਸਲਰ ਰਮਾਨਾ ਆਦਿ ਸ਼ਾਮਲ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਅੰਮ੍ਰਿਤਸਰ ਅੰਤਰ-ਰਾਸ਼ਟਰੀ ਹਵਾਈ ਅੱਡੇ ਨੂੰ ਈ.ਵੀਜ਼ਾ ਲਿਸਟ ਵਿਚ ਨਾ ਸ਼ਾਮਲ ਕਰਨ ਤੇ ਸਾਂਨਫਰਾਂਸਿਸਕੋ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਹਵਾਈ ਸੇਵਾਵਾਂ ਨਾ ਚਾਲੂ ਹੋਣ ਕਾਰਨ



ਇਸ ਖੇਤਰ ਵਿਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਜਿਸ ਦੇ ਜਵਾਬ ਵਿਚ ਭਾਰਤੀ ਕੌਂਸਲਰ ਜਨਰਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਸਿਆ ਕਿ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਈ.ਵੀਜ਼ਾ ਲਿਸਟ ਵਿਚ ਸ਼ਾਮਲ ਕਰਨ ਲਈ ਜਲਦੀ ਨੋਟੀਫਿਕੇਸ਼ਨ ਹੋ ਜਾਏਗਾ ਤੇ ਸਾਂਨਫਰਾਂ ਸਿਸਕੋ ਜਾਂ ਸੈਨਹੌਜੇ ਤੋਂ ਅੰਮ੍ਰਿਤਸਰ ਲਈ ਸਿਧੀ ਹਵਾਈ ਸੇਵਾ ਸ਼ੁਰੂ ਕਰਨ ਲਈ ਇਥੋਂ ਦੇ ਸਬੰਧਤ ਅਧਿਕਾਰੀਆਂ ਨਾਲ ਗਲਬਾਤ ਅੰਤਿਮ ਪੜਾਅ ਵਿਚ ਹੈ ਜਿਸ ਬਾਰੇ ਜਲਦੀ ਹੀ ਫੈਸਲਾ ਹੋ ਜਾਣ ਦੀ ਸੰਭਾਵਨਾ ਹੈ।

ਕੌਂਸਲਰ ਜਨਰਲ ਨੇ ਦਸਿਆ ਕਿ ਉਹ ਆਪ ਇਸ ਮਾਮਲੇ ਵਿਚ ਬਹੁਤ ਦਿਲਚਸਪੀ ਲੈ ਰਹੇ ਹਨ ਤੇ ਉਹਨਾਂ ਨੂੰ ਆਸ ਹੈ ਕਿ ਪੰਜਾਬੀ ਭਾਈਚਾਰੇ ਦੀ ਚਿਰਾਂ ਤੋਂ ਲਟਕਦੀ ਆ ਰਹੀ ਇਹ ਮੰਗ ਜਲਦੀ ਪਰਵਾਨ ਹੋ ਜਾਏਗੀ।

## ਭਾਰਤ ਵਿਚ ਸੰਸਦ ਦੇ ਕੰਪਲੈਕਸ ਵਿਚ ਚੱਲ ਰਹੀ ਕੰਨਟੀਨ ਦੇ ਰੇਟ

ਚਾਹ- 1 ਰੁਪਏ
ਸੂਪ- 5.50 ਰੁਪਏ
ਦਾਲ- 1.50 ਰੁਪਏ
ਖਾਣਾ- 2 ਰੁਪਏ
ਰੋਟੀ- 1 ਰੁਪਏ
ਚਿਕਨ- 24.50 ਰੁਪਏ
ਡੋਸਾ- 4 ਰੁਪਏ
ਬਿਰਯਾਨੀ- 8 ਰੁਪਏ
ਮੱਛੀ- 13 ਰੁਪਏ

ਇਹ ਰਿਆਇਤੀ ਰੇਟ ਉਹਨਾਂ ਗਰੀਬ ਸੰਸਦ ਮੈਂਬਰਾਂ ਲਈ ਹਨ, ਜਿਹਨਾਂ ਦੀ ਪ੍ਰਤੀ ਮਹੀਨਾ ਤਨਖਾਹ 80 ਹਜ਼ਾਰ ਰੁਪਏ ਹੈ, ਉਹ ਵੀ ਇਨਕਮ ਟੈਕਸ ਤੋਂ ਬਗੈਰ।

# ਚਾਟ, ਚੈਟ ਤੇ ਚੀਟ ਦਾ ਚੱਕਰ-ਵਿਊ!



ਤਰਲੋਚਨ ਸਿੰਘ ਦੁਪਾਲਪੁਰ
001-408-915-1268
Email : tdupalpuri@yahoo.com

ਦਸਤਕ ਸੁਣ ਕੇ ਘਰ ਦੇ ਮਾਲਕ ਨੇ ਝੱਬਦੇ ਉੱਠ ਕੇ ਦਰਵਾਜ਼ਾ ਖੋਲ੍ਹਿਆ। ਸੰਤਾਂ-ਸਾਧੂਆਂ ਜੈਸਾ ਪਹਿਰਾਵਾ ਪਹਿਨੀ ਬਾਹਰ ਇੱਕ ਬਜ਼ੁਰਗ ਖੜਾ ਸੀ। "ਹੁਕਮ ਕਰੋ ਬਾਬਾ ਜੀ?" ਸਰਦਾਰ ਜੀ ਨੇ ਹੱਥ ਜੋੜਦਿਆਂ ਦਰ 'ਤੇ ਖੜੇ ਅਜਨਬੀ ਨੂੰ ਪੁੱਛਿਆ।

"ਭਗਤਾ, ਪ੍ਰਸ਼ਾਦਾ ਛਕਣ ਦੀ ਇੱਛਾ ਹੈ।" ਘਰ ਦੇ ਮਾਲਕ ਦੀ ਮਿੱਠੀ ਬੋਲ-ਬਾਣੀ ਸੁਣ ਕੇ ਬਾਬਾ ਜੀ ਨੇ ਸਿੱਧੀ-ਸਪਾਟ ਚਾਹਤ ਦੱਸ ਦਿੱਤੀ।

"ਜੀਉ ਆਇਆਂ ਨੂੰ, ਧੰਨ ਭਾਗ ਮਹਾਂ-ਪੁਰਸ਼ੋ।" ਕਹਿ ਕੇ ਸਰਦਾਰ ਜੀ ਨੇ ਬੜੇ ਆਦਰ-ਭਾਅ ਨਾਲ ਬਾਬਾ ਜੀ ਨੂੰ ਬੈਠਕ ਵਿੱਚ ਬਿਠਾ ਲਿਆ। ਰੋਟੀ-ਟੁੱਕ ਦਾ ਵੇਲਾ ਤਾਂ ਲੰਘ ਚੁੱਕਾ ਸੀ, ਫਿਰ ਵੀ ਸਰਦਾਰ ਜੀ ਨੇ ਆਪਣੀ ਬੇਟੀ ਨੂੰ ਆਵਾਜ਼ ਮਾਰੀ ਕਿ ਬਾਬਾ ਜੀ ਲਈ ਲੰਗਰ-ਪਾਣੀ ਤਿਆਰ ਕੀਤਾ ਜਾਏ। ਸ਼ਿਸ਼ਟਾਚਾਰ ਵਜੋਂ ਸਰਦਾਰ ਜੀ ਦੀ ਲੜਕੀ ਨੇ ਬਾਬਾ ਜੀ ਨੂੰ ਨਮਸਕਾਰ ਕਰ ਕੇ ਪੁੱਛਿਆ ਕਿ ਆਪ ਕਿਹੜੀ ਦਾਲ਼-ਭਾਜੀ ਖਾਣੀ ਪਸੰਦ ਕਰੋਗੇ?

"ਬੀਬਾ, ਅਸੀਂ ਤਾਂ ਰਮਤੇ ਸਾਧੂ ਹਾਂ, ਜਿਹੋ ਜਿਹਾ ਭੋਜਨ ਮਿਲੇ, 'ਸਤਿ' ਕਰ ਕੇ ਛਕ ਲਈਦਾ ਹੈ।" ਮੰਜੇ 'ਤੇ ਆਸਣ ਜਮਾਉਂਦਿਆਂ ਹੋਇਆਂ ਸੰਤ ਜੀ ਪ੍ਰਸੰਨ ਹੋ ਕੇ ਬੋਲੇ।

ਜਿੰਨਾ ਚਿਰ ਕੁੜੀ ਰਸੋਈ ਵਿੱਚ ਰੋਟੀ-ਪਾਣੀ ਤਿਆਰ ਕਰਦੀ ਰਹੀ, ਇੱਧਰ ਬਾਬਾ ਜੀ ਨੇ ਸਰਦਾਰ ਜੀ ਨਾਲ ਧਰਮ-ਕਰਮ ਦੀਆਂ ਗੱਲਾਂ ਛੇੜ ਲਈਆਂ। ਸੰਤ ਜੀ ਦੇ ਮੂੰਹੋਂ 'ਪ੍ਰਵਚਨ' ਸੁਣ ਕੇ ਅੱਗੇ ਬੈਠਾ ਸਰਦਾਰ ਗਦ-ਗਦ ਹੋ ਰਿਹਾ ਸੀ। ਏਨੇ ਨੂੰ ਲੜਕੀ ਨੇ ਬਾਬਾ ਜੀ ਅੱਗੇ ਥਾਲ ਲਿਆ ਪ੍ਰੋਸਿਆ। ਹੱਥ ਜੋੜ ਕੇ 'ਉੱਪਰ ਵਾਲੇ' ਦਾ ਸ਼ੁਕਰਾਨਾ ਕਰਨ ਤੋਂ ਬਾਅਦ ਮਹਾਂਪੁਰਖਾਂ ਨੇ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿੱਤਾ।

ਪਹਿਲੀ ਬੁਰਕੀ ਤਾਂ ਉਸ ਨੇ ਆਮ ਵਾਂਗ ਦਾਲ ਦੀ ਕੌਲੀ ਵਿੱਚ ਡੁਬੋ ਕੇ ਖਾ ਲਈ, ਐਪਰ ਦੂਜੀ ਬੁਰਕੀ ਤੋੜ ਕੇ ਉਹ ਭਰੀ ਹੋਈ ਕੌਲੀ ਵਿੱਚ ਚਮਚੇ ਵਾਂਗ ਫੇਰਨ ਲੱਗ ਪਿਆ। ਬਾਬੇ ਨੂੰ ਅਜਿਹਾ ਕਰਦਿਆਂ ਦੇਖ ਕੇ ਸਰਦਾਰ ਜੀ ਨੇ ਪੁੱਛਿਆ, "ਬਾਬਾ ਜੀ, ਕੀ ਗੱਲ, ਦਾਲ ਕੁਝ ਜ਼ਿਆਦਾ ਗਰਮ ਹੈ?" ਉਸ ਨੇ ਅੰਦਾਜ਼ਾ ਲਾਇਆ ਕਿ ਸ਼ਾਇਦ ਦਾਲ਼ ਵਿੱਚ ਬੁਰਕੀ ਘੁਮਾ ਕੇ ਬਾਬਾ ਜੀ ਹੁਣੀਂ ਦਾਲ ਠੰਢੀ ਕਰ ਰਹੇ ਹਨ, ਪਰ ਬਾਬੇ ਅੱਗਿਉਂ ਬੋਲੇ, "ਨਹੀਂ ਭਾਈ ਦਾਲ਼ ਤਾਂ ਠੀਕ ਈ ਐ... ਅਸਲ 'ਚ ਇਹਦੇ ਵਿੱਚ ਲੂਣ-ਮਿਰਚ ਉੱਕਾ ਈ ਹੈ ਨਹੀਂ। ਮੈਂ ਸੋਚਿਆ ਕਿ ਬੀਬਾ ਜੀ ਕਾਹਲੀ-ਕਾਹਲੀ ਦਾਲ਼ ਬਣਾਉਣ ਸਮੇਂ ਲੂਣ-ਮਸਾਲਾ ਪਾਉਣਾ ਭੁੱਲ ਗਏ ਹੋਣਗੇ ਤੇ ਉਸ ਨੇ ਸ਼ਾਇਦ ਮਗਰੋਂ ਹੀ ਇਸ ਕੌਲੀ 'ਚ ਲੂਣ-ਮਿਰਚ ਪਾਇਆ ਹੋਵੇਗਾ। ਇਸੇ 'ਸ਼ੱਕ' ਕਾਰਨ ਮੈਂ ਦਾਲ ਹਿਲਾ ਰਿਹਾ ਸਾਂ, ਪਰ ਨਹੀਂ, ਉਹਨੂੰ ਚੇਤਾ ਈ ਭੁੱਲ ਗਿਐ।"

"ਓ ਕਮਲੀਏ ਕੁੜੀਏ।" ਸ਼ਰਧਾਲੂ ਸਰਦਾਰ ਗੁੱਸੇ ਵਿੱਚ ਬੋਲਦਾ ਹੋਇਆ ਰਸੋਈ ਵੱਲ ਵਧਿਆ, "ਸੰਤਾਂ ਮਹਾਂ-ਪੁਰਸ਼ਾਂ ਵਾਸਤੇ ਭੋਜਨ ਤਿਆਰ ਕਰਦਿਆਂ ਤੂੰ ਏਨੀ ਅਣਗਹਿਲੀ ਕਿਉਂ ਵਰਤੀ?" ਪਰ ਉਧਰੋਂ ਰਸੋਈ ਵਿੱਚੋਂ ਪੀਸੇ ਹੋਏ ਲੂਣ-ਮਿਰਚ-ਮਸਾਲੇ ਦੀਆਂ ਡੱਬੀਆਂ ਅਤੇ ਇੱਕ ਚਮਚਾ ਹੱਥ 'ਚ ਫੜੀ ਬਾਬੇ ਵੱਲ ਨੂੰ ਵਧ ਰਹੀ ਕੁੜੀ ਦਾ ਬੇ-ਬਾਕ ਜਵਾਬ ਸੁਣ ਕੇ ਸੰਤ ਅਤੇ ਸਰਦਾਰ ਦੇ ਮੂੰਹ ਅੱਡੇ ਹੀ ਰਹਿ ਗਏ।

"ਪਿਤਾ ਜੀ, ਮੈਂ ਭੁੱਲੀ ਨਹੀਂ ਸਾਂ, ਸਗੋਂ ਜਾਣ-ਬੁੱਝ ਕੇ ਮੈਂ ਸੰਤਾਂ ਵਾਸਤੇ ਬਣਾਈ ਦਾਲ ਅਲੂਣੀ ਰੱਖੀ ਸੀ, ਤਾਂ ਕਿ ਇਸ ਗੱਲ ਦੀ ਨਿਰਖ-ਪਰਖ ਹੋ ਸਕੇ ਕਿ ਇਹ 'ਮਹਾਂਪੁਰਖ' ਸੱਚਮੁੱਚ ਹੀ 'ਰਮਤੇ' ਹਨ? ਪਰ ਨਹੀਂ, ਇਹ ਤਾਂ ਕੋਈ ਜੀਭ ਦਾ ਰਸੀਆ ਅਤੇ 'ਸਵਾਦਾਂ ਦਾ ਪੱਟਿਆ' ਹੋਇਆ ਹੀ ਹੈ। ...ਅਹਿ ਲਉ ਲੂਣ-ਮਸਾਲਾ, ਇਨ੍ਹਾਂ ਦੀ ਦਾਲ਼ ਜ਼ਰਾ ਜ਼ਾਇਕੇਦਾਰ ਤੇ ਚਟ-ਪਟੀ ਬਣਾ ਦਿਉ।"

ਸਵਾਦਲੀਆਂ ਛਕਣ ਵਾਲਾ ਇੱਕ ਵਿਹਲੜ, 'ਰਮਤਾ ਸਾਧੂ' ਬਣਦਾ-ਬਣਦਾ ਹੀ ਰਹਿ ਗਿਆ। ਅੱਲ੍ਹੜ, ਪਰ ਤੀਖਣ ਬੁੱਧੀ ਵਾਲੀ ਲੜਕੀ ਨੇ ਇੱਕ ਜੁਗਤਿ ਵਰਤਦਿਆਂ ਢੌਂਗੀ ਬਾਬੇ ਦੀ ਪੋਲ ਖੋਲ੍ਹ ਦਿੱਤੀ।

ਪਿੰਡਾਂ-ਥਾਵਾਂ ਵਿੱਚ ਕਿਸੇ ਨਿਆਣੇ ਨੂੰ ਗਵਾਂਢ ਮੁਹੱਲੇ ਦਾ ਕੋਈ ਅਮਲੀ ਜਾਂ ਬਦ-ਇਖਲਾਕ ਬੰਦਾ ਪੁੱਠੇ ਪਾਸੇ ਪਾਉਣ ਲਈ 'ਪੁੱਟਣ' ਦਾ ਯਤਨ ਕਰ ਰਿਹਾ ਹੋਵੇ ਤਾਂ ਆਖਿਆ ਜਾਂਦਾ ਹੈ ਕਿ ਫਲਾਂ-ਫਲਾਂ ਮੁੰਡਾ ਤਾਂ ਫਲਾਣੇ ਬੰਦੇ ਨੇ 'ਚਾਟੇ' ਲਾਇਆ ਹੋਇਐ। ਅਸਲ ਵਿੱਚ ਇਸ 'ਚਾਟ' ਸ਼ਬਦ ਦਾ ਸੰਬੰਧ ਵੀ ਜੀਭ ਦੇ ਚਸਕਿਆਂ ਨਾਲ ਹੀ ਜੁੜਿਆ ਹੋਇਆ ਹੈ। ਪਹਿਲੋਂ-ਪਹਿਲ ਕਿਸੇ ਨੂੰ ਖਾਣ-ਪੀਣ ਦਾ ਸ਼ੌਕੀਨ ਬਣਾ ਕੇ ਆਪਣੇ ਮਗਰ ਲਾਉਣਾ 'ਚਾਟੇ ਲਾਉਣ' ਦੀ ਕੈਟਾਗਰੀ ਵਿੱਚ ਹੀ ਆਉਂਦਾ ਹੈ। ਸਾਧ-ਬਾਬਿਆਂ ਦੇ ਡੇਰਿਆਂ ਵਿੱਚ ਪੱਕੀਆਂ-ਪਕਾਈਆਂ ਅਤੇ ਲੂਣ-ਸਲੂਣੀਆਂ ਖਾਣ ਵਾਲੇ ਚਾਟੜਿਆਂ ਲਈ ਹੀ ਇਹ ਅਖਾਣ ਹੋਂਦ ਵਿੱਚ ਆਇਆ ਲੱਗਦਾ ਹੈ :

'ਜਿਨ੍ਹਾਂ ਚੱਟੇ ਸਾਧਾਂ ਦੇ ਪਤੀਲੇ
ਉਹ ਮੁੜ ਨਾ ਰਲ਼ੇ ਕਬੀਲੇ!'

ਵਿਆਹ-ਸ਼ਾਦੀਆਂ ਜਾਂ ਹੋਰ ਖਾਣ-ਪੀਣ ਦੀਆਂ ਪਾਰਟੀਆਂ ਮੌਕੇ ਚਾਟ ਦੇ ਸਪੈਸ਼ਲ ਟੇਬਲਾਂ 'ਤੇ ਸਭ ਤੋਂ ਵੱਧ ਇਕੱਠੀ ਹੁੰਦੀ ਭੀੜ ਵੱਲ ਦੇਖਦਿਆਂ ਹੀ ਉੱਘੇ ਕਵੀ ਸ੍ਰ. ਬੈਂਸ ਨੇ ਇਹ ਸ਼ਿਅਰ ਲਿਖਿਆ ਲੱਗਦੈ:

ਮੱਖਣ, ਦੁੱਧ, ਮਲਾਈਆਂ, ਗਿਰੀਆਂ ਗੱਭਰੂ ਖਾਣੋਂ ਸਰਕ ਰਹੇ,
ਆ ਗਏ ਟਾਕੋ, ਪੀਜ਼ੇ ਬਰਗਰ, ਗੁੱਝਦੀ ਪੱਕਦੀ ਤੌਣ ਕਦੋਂ?

ਲੇਖ ਦੇ ਸ਼ੁਰੂ 'ਚ ਸੁਣਾਈ ਗਈ ਕਹਾਣੀ ਵਿਚਲੀ ਕੁੜੀ ਜੈਸੀ ਸੋਚ ਰੱਖਣ ਵਾਲੇ ਸੱਜਣ ਜਦੋਂ ਧਾਰਮਿਕ ਜੋੜ ਮੇਲਿਆਂ ਦੇ ਇਸ਼ਤਿਹਾਰਾਂ ਵਿੱਚ 'ਗਰਮਾ-ਗਰਮਾ ਜਲੇਬੀਆਂ' ਜਾਂ 'ਸਮੋਸੇ-ਪਕੌੜਿਆਂ' ਦਾ ਉਚੇਚਾ ਜ਼ਿਕਰ ਪੜ੍ਹਦੇ-ਸੁਣਦੇ ਹੋਣਗੇ ਤਾਂ ਧਰਮ ਜਿਹੇ ਗੰਭੀਰ ਖੇਤਰ ਵਿੱਚ ਆਈ 'ਚਾਟ' ਦੀ ਬਿਮਾਰੀ ਤੋਂ ਦੁਖੀ ਜ਼ਰੂਰ ਹੁੰਦੇ ਹੋਣਗੇ।

ਇਸ ਚਾਟ ਦੀ ਦੀਵਾਨਗੀ ਵਿੱਚ ਭੱਖ-ਅਭੱਖ ਛਕਣ ਵਾਲੀ ਨੌਜਵਾਨ ਪਨੀਰੀ ਫਿਰ 'ਨੈੱਟ' ਜ਼ਰੀਏ 'ਚੈਟ' ਨਾਲ ਜਾ ਚਿੰਬੜਦੀ ਹੈ। ਚਾਟ ਨਾਲੋਂ ਕਿਤੇ ਵੱਧ ਖ਼ਤਰਨਾਕ ਇਸ ਚੰਦਰੀ ਚੈਟ ਦੀ ਕਾਲ਼ੀ-ਬੋਲੀ ਹਨੇਰੀ ਨੇ ਸਾਡੇ ਵਿਰਸੇ ਵਿੱਚ ਇੱਕ ਤਰ੍ਹਾਂ ਭੁਚਾਲ ਹੀ ਮਚਾ ਦਿੱਤਾ ਹੋਇਆ ਹੈ। ਕੁੜੀਆਂ-ਮੁੰਡਿਆਂ ਦੇ ਰਿਸ਼ਤੇ-ਨਾਤੇ ਇੱਕ ਸਮੇਂ ਲਾਗੀ ਹੀ ਕਰਿਆ ਕਰਦੇ ਸਨ। ਫਿਰ ਵਿਚੋਲੇ ਆਏ। ਮੁੜ ਅਖ਼ਬਾਰਾਂ ਜ਼ਰੀਏ ਮਾਂ-ਬਾਪ ਆਪੋ ਵਿੱਚੀਂ ਸਿੱਧੇ ਟੱਕਰਨ ਲੱਗੇ। ਹੁਣ ਚੈਟ ਦੀ ਮਿਹਰਬਾਨੀ ਸਦਕਾ ਇੱਕ-ਇੱਕ ਦਿਹਾੜੀ ਵਿੱਚ ਹੀ; 'ਤੂੰ ਨਹੀਂ ਕੋਈ ਔਰ ਸਹੀ, ਔਰ ਨਹੀਂ ਕੋਈ ਔਰ ਸਹੀ।' ਵਾਲੀ ਬੇਹੂਦਾ ਖੁੱਲ੍ਹ ਮਾਣੀ ਜਾ ਸਕਦੀ ਹੈ। ਇੱਕ ਸਮੇਂ ਟੈਲੀਫੋਨ ਦੀ ਅਜੋਕੀ ਵਰਤੋਂ ਦਾ ਜ਼ਿਕਰ ਕਰਦਿਆਂ ਕਿਸੇ ਕਵੀ ਨੇ ਲਿਖਿਆ ਸੀ :

ਇਸ਼ਕ ਟੈਲੀਫੋਨ ਪਰ, ਵਿਉਪਾਰ ਟੈਲੀਫੋਨ ਪਰ,
ਕਿਆ ਨਹੀਂ ਹੋਤਾ ਮੇਰੀ ਸਰਕਾਰ ਟੈਲੀਫੋਨ ਪਰ?

ਹੁਣ ਇੱਕ ਦੂਜੇ ਨੂੰ 'ਨਿਸ਼ਾਨੀ' ਵਜੋਂ ਰੁਮਾਲ ਦੇਣ ਵਾਲਿਆਂ 'ਤੇ ਇੱਕ ਪੰਜਾਬੀ ਕਵੀ ਵਿਅੰਗ ਕਰਦਾ ਹੈ :

ਵੈੱਬ-ਸਾਈਟ ਹੱਲ ਹੁਣ ਕਰੇ ਮਸਲੇ 'ਪ੍ਰੇਮ' ਦੇ,
ਬੈਠਾ ਅਜੇ ਵੀ ਫੁੱਲ ਤੂੰ ਸੁੰਘਦੈਂ ਰੁਮਾਲ ਦੇ!

ਚੈਟ ਦੀ ਬਿਮਾਰੀ 'ਚ ਗਲਤਾਨ ਹੋਏ ਮੁੰਡੇ-ਕੁੜੀਆਂ ਵੱਲੋਂ ਸ਼ਰਮ-ਹਯਾ ਦੇ ਛੱਕੇ ਛੁਡਾਏ ਜਾਂਦੇ ਤੱਕ ਕੇ ਕਵੀ ਦਰਸ਼ਨ 'ਬੇਦੀ' ਦਾ ਹਉਕਾ ਸੁਣੋ :

ਅੱਜ ਦੇ ਟੀ ਵੀ ਕਲਚਰ ਨੇ ਹੈ ਹਰ ਇੱਕ ਰਿਸ਼ਤਾ ਮਿੱਟੀ ਕੀਤਾ,
ਧੀਆਂ ਪੁੱਤ ਹੁਣ ਸ਼ਰਮੋਂ ਸੱਖਣੇ, ਹੁਣ ਉਹ ਧਰਮੀ ਬਾਬਲ ਕਿੱਥੇ?

ਫਿਲਾਸਫਰ ਬਰਨਾਰਡ ਸ਼ਾਅ ਨੇ ਇੱਕ ਥਾਂ ਲਿਖਿਆ ਹੈ ਕਿ ਵਿਗਿਆਨ ਦੀਆਂ ਕਾਢਾਂ ਨੇ ਜਿੱਥੇ ਮਨੁੱਖਤਾ ਨੂੰ ਸੁਖੀ ਬਣਾਇਆ ਹੈ, ਉੱਥੇ ਇਨ੍ਹਾਂ ਨਵੀਆਂ ਕਾਢਾਂ ਦੇ ਦੁੱਖ ਵੀ ਐਸੇ ਹਨ, ਜਿਨ੍ਹਾਂ ਦਾ ਇਲਾਜ ਹੀ ਕੋਈ ਨਹੀਂ ਨਜ਼ਰ ਆਉਂਦਾ। ਕਵੀ ਸੁਖਿੰਦਰ ਨੇ ਇੰਟਰਨੈੱਟ ਨਾਲ ਚਿੰਬੜ ਕੇ ਚੈਟ ਵਿੱਚ ਮਦਹੋਸ਼ ਹੋਏ ਮੁੰਡੇ-ਕੁੜੀਆਂ ਦੇ ਮਾਪਿਆਂ ਨੂੰ ਸੰਬੋਧਨ ਹੁੰਦਿਆਂ ਇੱਕ ਲੰਮੀ ਕਵਿਤਾ ਲਿਖੀ ਹੋਈ ਹੈ, ਜਿਸ ਦੀਆਂ ਕੁਝ ਸਤਰਾਂ ਝੁਣਝੁਣੀ ਲਾਉਂਦੀਆਂ ਨੇ:

ਘਰਾਂ ਦੀਆਂ ਛੱਤਾਂ ਉਦੋਂ ਡਿੱਗਦੀਆਂ ਹਨ
ਜਦੋਂ ਤੁਹਾਡੇ ਆਪਣੇ ਹੀ ਘਰਾਂ ਵਿੱਚ, ਗੁੰਡੇ ਜੰਮ ਪੈਣ...
ਜਿਨ੍ਹਾਂ ਨੂੰ ਮਾਂ, ਭੈਣ, ਧੀ ਦੀ
ਕੋਈ ਸ਼ਰਮ ਨਾ ਹੋਵੇ।
ਉਪਭੋਗਤਾਵਾਦ ਦੀ ਚੱਲ ਰਹੀ ਹਨੇਰੀ ਵਿੱਚ
ਜਿਨ੍ਹਾਂ ਨੂੰ ਮਹਿਜ਼ ਚਮਕਦਾਰ ਚੀਜ਼ਾਂ ਦਾ ਹੀ ਮੋਹ ਹੋਵੇ...
ਕਾਮ-ਵਾਸਨਾ ਜਗਾਂਦੀਆਂ ਵੈੱਬ-ਸਾਈਟਾਂ 'ਚ ਉਲਝਿਆਂ,
ਜਿਨ੍ਹਾਂ ਦੀ ਹਰ ਸ਼ਾਮ ਬੀਤੇ।
ਭੰਗ, ਚਰਸ, ਕਰੈਕ, ਕੁਕੇਨ ਦੇ
ਸੂਟੇ ਲਾਂਦਿਆਂ ਦਿਨ ਚੜ੍ਹੇ!
ਆ ਰਿਹਾ ਹੈ 'ਗਲੋਬਲੀ ਸੱਭਿਆਚਾਰ'
ਦਨ-ਦਨਾਂਦਾ ਹੋਇਆ, ਪੂਰੀ ਸਜ-ਧਜ ਨਾਲ
ਤੁਹਾਡੇ ਬੂਹਿਆਂ 'ਤੇ ਦਸਤਕ ਦੇਣ ਲਈ।...
ਉਹ ਆਵੇਗਾ ਤੁਹਾਡੇ ਵਿਹੜਿਆਂ ਵਿੱਚ
ਤੁਹਾਡੇ ਬੱਚਿਆਂ ਨੂੰ 'ਵਿਆਗਰਾ' ਦੀਆਂ ਗੋਲੀਆਂ
ਬਲਿਊ ਮੂਵੀਆਂ ਦੇ ਬਕਸੇ
ਕੰਡੋਮ ਦੀਆਂ ਥੈਲੀਆਂ,
ਦੇਹ-ਨਾਦ ਦੇ
ਮਹਾਂ-ਸੰਗੀਤ ਵਿੱਚ
ਗੁੰਮ ਜਾਣ ਲਈ
ਆਏਗੀ ਫਿਰ
ਤੁਹਾਡੇ ਵਿਹੜਿਆਂ 'ਚ
ਗਲੋਬਲ
ਸੱਭਿਆਚਾਰਕ
ਕ੍ਰਾਂਤੀ ਤਾਂਡਵ-ਨਾਚ
ਕਰਦੀ...
ਨਿਰਮਲ ਪਾਣੀਆਂ ਦੀ ਹਰ ਝੀਲ, ਹਰ ਝਰਨੇ,
ਹਰ ਸਰੋਵਰ 'ਚ ਗੰਦਗੀ ਦੇ ਅੰਬਾਰ ਲਾਉਂਦੀ
ਅਜਿਹੀ ਬਦਬੂ ਭਰੀ ਪੌਣ ਵਿੱਚ
ਅਜਿਹੇ ਪ੍ਰਦੂਸ਼ਿਤ ਪਾਣੀਆਂ ਵਿੱਚ
ਤਲਖੀਆਂ ਭਰੇ ਮਾਹੌਲ ਵਿੱਚ
ਤੁਹਾਡੀ ਆਪਣੀ ਹੀ ਔਲਾਦ ਜਦ,
ਤੁਹਾਡੇ ਰਾਹਾਂ 'ਚ ਕੰਡੇ ਵਿਛਾਣ ਲੱਗ ਪਵੇ,
ਘਰਾਂ ਦੀਆਂ ਛੱਤਾਂ ਉਦੋਂ ਡਿੱਗਦੀਆਂ ਹਨ...।

ਚਾਟ ਦੇ ਰਸੀਲੇ ਅਤੇ ਚੈਟ ਦੇ ਭੜਕੀਲੇ ਸੰਯੋਗ ਸਦਕਾ ਮਾਂ-ਬਾਪ ਤੇ ਧਰਮ-ਸਮਾਜ ਨੂੰ ਤਿਲਾਂਜਲੀ ਦੇ ਕੇ ਬਣਾਏ ਰਿਸ਼ਤਿਆਂ ਦੀ ਦੁਰਦਸ਼ਾ ਦਾ ਨਕਸ਼ਾ ਕਵੀ ਨੇ ਇੰਜ ਖਿੱਚਿਆ ਹੈ:

ਤੂੰ,
ਮੈਂ, ਤੂੰ-ਮੈਂ,
ਤੂੰ ਤੂੰ-ਮੈਂ ਮੈਂ!

ਕਹਿਣ ਦਾ ਭਾਵ ਕਿ 'ਚਾਟ' ਤੋਂ ਸ਼ੁਰੂ ਹੋਈ ਗੱਲ 'ਚੈਟ' ਥਾਣੀ ਹੁੰਦੀ ਹੋਈ ਅੰਤ ਨੂੰ 'ਚੀਟ' ਉੱਪਰ ਆ ਮੁੱਕਦੀ ਹੈ। ਇਸ ਕੁਲਹਿਣੀ ਚੀਟ ਉੱਪਰ ਫਿਰ ਨਾਜਾਇਜ਼ ਰਿਸ਼ਤਿਆਂ ਦੀ ਉਸਾਰੀ ਹੁੰਦੀ ਹੈ, ਜਿਸ ਤੋਂ ਅੱਗੇ ਮਾਰ-ਧਾੜ, ਖ਼ੂਨ-ਖਰਾਬੇ ਹੁੰਦੇ ਹਨ। ਹੱਸਦੇ-ਵੱਸਦੇ ਘਰ ਦੇਖਦਿਆਂ-ਦੇਖਦਿਆਂ ਤਬਾਹ ਹੁੰਦੇ ਹਨ। ਮਾਂ-ਬਾਪ ਅਤੇ ਹੋਰ ਅੰਗ-ਸਾਕ ਬੇ-ਵੱਸ ਹੋਏ ਝੂਰਦੇ ਰਹਿ ਜਾਂਦੇ ਹਨ। ਚਾਟ, ਚੈਟ ਅਤੇ ਚੀਟ ਦੀਆਂ ਘੁੰਮਣ-ਘੇਰੀਆਂ 'ਚ ਭਟਕਦੇ ਫਿਰਦੇ ਲੋਕਾਂ ਪੱਲੇ ਕੇਵਲ ਪਛਤਾਵੇ ਹੀ ਰਹਿ ਜਾਂਦੇ ਹਨ। ਅਣ-ਉਚਿਤ ਖਾਣੇ ਖਾਣ ਤੋਂ ਵਰਜਦਿਆਂ ਗੁਰੂ ਬਾਬਾ ਜੀ ਫ਼ਰਮਾਉਂਦੇ ਨੇ :

ਬਾਬਾ ਸੋ ਖਾਣਾ ਖੁਸੀ ਖੁਆਰ॥
ਜਿਤ ਖਾਧੈ ਤਨ ਪੀੜੀਐ ਮਨ ਮੈ ਚਲਹਿ ਵਿਕਾਰ॥

ਕਹਾਵਤ ਹੈ ਕਿ ਅੱਗ ਲਾ ਕੇ ਡੱਬੂ ਨਿਆਈਆਂ ਨੂੰ ਭੱਜ ਜਾਂਦਾ ਹੈ, ਪਰ ਚਾਟ, ਚੈਟ ਤੇ ਚੀਟ ਦੇ ਛੜੱਪੇ ਮਾਰਨ ਵਾਲਾ 'ਡੱਬੂ' ਅੱਗ ਬਾਲ਼ ਕੇ ਕਿਤੇ ਨਹੀਂ ਭੱਜਦਾ, ਬਲਕਿ ਇਸ ਡੱਬੂ ਨੂੰ ਆਪਣੇ ਘਰੇ ਮਹਿਮਾਨ ਬਣਾਉਣ ਵਾਲਿਆਂ 'ਚ ਹੋੜ ਲੱਗੀ ਰਹਿੰਦੀ ਹੈ। ਅੱਗੇ ਰੱਬ ਜਾਣੇ, ਪਰ ਹਾਲਾਤ ਤੋਂ ਇੰਜ ਲੱਗਦਾ ਹੈ ਕਿ ਭਵਿੱਖ ਵਿੱਚ ਚਾਟ, ਚੈਟ ਅਤੇ ਚੀਟ ਦੇ ਕਾਲ-ਚੱਕਰ 'ਚੋਂ 'ਕੋਈ ਹਰਿਆ ਬੂਟ' ਹੀ ਬਚਿਆ ਨਜ਼ਰ ਆਇਆ ਕਰੇਗਾ।

# ਪੰਜਾਬੀ ਮਲਟੀਕਲਚਰਲ ਸੁਸਾਇਟੀ ਵੱਲੋਂ ਤੀਆਂ ਦਾ ਮੇਲਾ 25 ਜੁਲਾਈ ਨੂੰ



**ਪਿਟਸਬਰਗ–** ਪੰਜਾਬੀ ਮਲਟੀਕਲਚਰਲ ਸੁਸਾਇਟੀ ਵੱਲੋਂ ਪੰਜਾਬ ਦਾ ਸਭਿਆਚਾਰਕ ਤਿਉਹਾਰ ਤੀਆਂ ਦਾ ਮੇਲਾ 25 ਜੁਲਾਈ, 2015 ਦਿਨ ਸ਼ਨਿਚਰਵਾਰ ਨੂੰ ਦੁਪਹਿਰੇ 1 ਤੋਂ 4 ਵਜੇ ਤੱਕ ਪਿਟਸਬਰਗ ਸੀਨੀਅਰ ਕਮਿਊਨਿਟੀ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਸਿਰਫ ਔਰਤਾਂ ਅਤੇ ਲੜਕੀਆਂ ਹੀ ਦਾਖਲ ਹੋ ਸਕਦੀਆਂ ਹਨ। ਮੇਲੇ ਦੇ ਆਯੋਜਕ ਰੂਡੀ ਰਾਜੂ, ਰੇਬਿਕਾ ਵਾਈਟ, ਕਸ਼ਮੀਰ ਕੌਰ ਅਤੇ ਬਲਬੀਰ ਕੌਰ ਨੇ ਦੱਸਿਆ ਕਿ ਇਸ ਮੇਲੇ ਦੀ ਸਫਲਤਾ ਦੇ ਲਈ ਸਾਡੇ ਕਈ ਸਹਿਯੋਗੀ ਸੱਜਣਾਂ ਅਤੇ ਬੀਬੀਆਂ ਨੇ ਮਦਦ ਕੀਤੀ ਹੈ। ਇਸ ਮੇਲੇ ਦਰਮਿਆਨ ਗਿੱਧਾ, ਭੰਗੜਾ, ਬਾਲੀਵੁੱਡ ਡਾਂਸ, ਹਿਪ ਹਾਪ, ਲਾਈਵ ਡੀ. ਜੇ. ਅਤੇ ਹੋਰ ਪ੍ਰੋਗਰਾਮਾਂ ਤੋਂ ਇਲਾਵਾ ਭੋਜਨ ਅਤੇ ਰੈਫਲ ਟਿਕਟਾਂ ਦੀ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਮੇਲੇ ਲਈ ਐਂਟਰੀ ਫੀਸ 5 ਡਾਲਰ ਰੱਖੀ ਗਈ ਹੈ, ਜਦਕਿ 5 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਦੀ ਕੋਈ ਐਂਟਰੀ ਫੀਸ ਨਹੀਂ ਲੱਗੇਗੀ। ਇਸ ਮੇਲੇ ਨੂੰ ਸਥਾਨਕ ਭਾਈਚਾਰੇ ਵੱਲੋਂ ਭਰਪੂਰ ਹੁੰਗਾਰਾ ਮਿਲਣ ਦੀ ਉਮੀਦ ਹੈ।

# ਅਮਰੀਕਾ ਨੇ 21 ਸਾਲ ਬਾਅਦ ਜਿੱਤਿਆ ਕੌਮਾਂਤਰੀ ਗਣਿਤ ਓਲੰਪਿਆਡ

**ਵਾਸ਼ਿੰਗਟਨ–** ਅਮਰੀਕਾ ਨੇ 21 ਸਾਲ ਮਗਰੋਂ ਅੱਜ ਭਾਰਤੀ ਮੂਲ ਦੇ ਦੋ ਵਿਦਿਆਰਥੀਆਂ ਦੀ ਮਦਦ ਨਾਲ ਵੱਕਾਰੀ ਕੌਮਾਂਤਰੀ ਗਣਿਤ ਓਲੰਪਿਆਡ ਜਿੱਤ ਲਿਆ ਹੈ। ਸ਼ਿਆਮ ਨਾਰਾਇਣ (17) ਅਤੇ ਯਾਂਗ ਲਿਊ ਪਾਟਿਲ (18) ਨੇ ਛੇ ਮੈਂਬਰੀ ਅਮਰੀਕੀ ਟੀਮ ਨਾਲ ਇਸ ਮੁਕਾਬਲੇ ਵਿੱਚ ਭਾਗ ਲਿਆ। ਇਸ ਟੀਮ ਦੇ ਬਾਕੀ ਮੈਂਬਰਾਂ ਵਿੱਚ ਰਿਆਨ ਆਲਵਾਈਸ, ਆਲੇਨ ਲਿਊ, ਡੇਵਿਡ ਸਟੋਨਰ ਅਤੇ ਮਾਈਕਲ ਕੁਰਾਲ ਸ਼ਾਮਲ ਸਨ। ਇਸ ਮੁਕਾਬਲੇ ਵਿੱਚ ਭਾਰਤ ਨੇ 37ਵਾਂ ਸਥਾਨ ਹਾਸਲ ਕੀਤਾ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਜੇਤੂ ਅਮਰੀਕੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ 1994 ਤੋਂ ਬਾਅਦ ਪਹਿਲੀ ਵਾਰ ਅਮਰੀਕਾ ਨੇ ਇਹ ਕੌਮਾਂਤਰੀ ਗਣਿਤ ਮੁਕਾਬਲਾ ਜਿੱਤਿਆ ਹੈ।

# 2020 ਤਕ ਭਾਰਤ ਹਿੰਦੂ ਦੇਸ਼ ਬਣ ਜਾਵੇਗਾ : ਅਸ਼ੋਕ ਸਿੰਘਲ ਦਾ ਦਾਅਵਾ

**ਨਵੀਂ ਦਿੱਲੀ–** 2014 ਦੀਆਂ ਲੋਕ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਗਠਜੋੜ ਦੀ ਜਿੱਤ ਨੂੰ ਦੇਸ਼ 'ਚ ਇਕ ਕ੍ਰਾਂਤੀ ਦੀ ਸ਼ੁਰੂਆਤ ਕਰਾਰ ਦਿੰਦਿਆਂ ਵਿਸ਼ਵ ਹਿੰਦੂ ਪਰਿਸ਼ਦ ਦੇ ਸਰਪ੍ਰਸਤ ਅਸ਼ੋਕ ਸਿੰਘਲ ਨੇ ਅੱਜ ਕਿਹਾ ਕਿ 2020 ਤਕ ਭਾਰਤ ਹਿੰਦੂ ਦੇਸ਼ ਬਣ ਜਾਵੇਗਾ। ਭਾਰਤੀ ਜਨਤਾ ਪਾਰਟੀ (ਭਾਜਪਾ) ਸ਼ੁਰੂ ਤੋਂ ਹੀ ਸੰਘ ਦੇ ਹਿੰਦੂਵਾਦ ਦੇ ਪ੍ਰਚਾਰ ਤੋਂ ਸਰਕਾਰੀ ਦੂਰੀ ਬਣਾਉਣ ਦਾ ਦਾਅਵਾ ਕਰਦੀ ਹੈ ਪਰ ਸੰਘ ਦੇ ਸਮਾਗਮਾਂ ਵਿਚ ਸ਼ਾਮਲ ਹੋ ਕੇ ਭਾਜਪਾ ਅਪਣੀ ਖ਼ਾਮੋਸ਼ ਹਾਮੀ ਭਰ ਹੀ ਜਾਂਦੀ ਹੈ।

ਦੁਨੀਆਂ ਭਰ ਵਿਚ ਜਦੋਂ ਅੱਜ ਮੁਸਲਮਾਨਾਂ ਵਲੋਂ ਈਦ ਮਨਾਈ ਜਾ ਰਹੀ ਹੈ ਐਨ ਉਸ ਮੌਕੇ ਸੰਘ ਪੂਰੀ ਦੁਨੀਆਂ ਨੂੰ ਹਿੰਦੂ ਧਰਮ ਵਿਚ ਬਦਲਣ ਦੀਆਂ ਪੇਸ਼ਨਗੋਈਆਂ ਕਰ ਰਹੀ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਆਰ. ਐਸ. ਐਸ. ਅਹੁਦੇਦਾਰਾਂ ਦੀ ਹਾਜ਼ਰੀ 'ਚ ਇਕ ਸਮਾਗਮ 'ਚ ਸਿੰਘਲ ਨੇ ਕਿਹਾ, "ਮੈਂ ਸਾਈ ਬਾਬਾ ਦੇ ਆਸ਼ਰਮ 'ਚ ਸੀ ਜਿਥੇ ਮੈਨੂੰ ਸਾਈ ਬਾਬਾ ਨੇ ਕਿਹਾ ਕਿ 2020 ਤਕ ਪੂਰਾ ਦੇਸ਼ ਹਿੰਦੂ ਹੋ ਜਾਵੇਗਾ ਅਤੇ 2030 ਤਕ ਪੂਰੀ ਦੁਨੀਆਂ ਹਿੰਦੂ ਹੋ ਜਾਵੇਗੀ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਕ੍ਰਾਂਤੀ ਦੀ ਸ਼ੁਰੂਆਤ ਹੋ ਚੁੱਕੀ ਹੈ।" ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਸੱਤਾ 'ਚ ਆਉਣ ਦੀ ਤਾਰੀਫ਼ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ 800 ਸਾਲਾਂ ਦੀ ਗ਼ੁਲਾਮੀ ਖ਼ਤਮ ਹੋ ਗਈ। ਉਨ੍ਹਾਂ ਕਿਹਾ, "ਇਹ ਕੋਈ ਛੋਟੀ ਕ੍ਰਾਂਤੀ ਨਹੀਂ ਹੈ। ਇਹ ਭਾਰਤ ਤਕ ਹੀ ਸੀਮਤ ਨਹੀਂ ਰਹੇਗੀ ਸਗੋਂ ਦੁਨੀਆਂ ਸਾਹਮਣੇ ਇਕ ਨਵੀਂ ਵਿਚਾਰਧਾਰਾ ਪੇਸ਼ ਕਰੇਗੀ।"

ਸਿੰਘਲ ਇਥੇ ਆਰ.ਐਸ.ਐਸ. ਦੇ ਸਾਬਕਾ ਮੁਖੀ ਕੇ.ਐਸ. ਸੁਦਰਸ਼ਨ ਦੇ ਜੀਵਨ ਅਤੇ ਕੰਮਾਂ ਸਬੰਧੀ ਇਕ ਪੁਸਤਕ ਦੇ ਰੀਲੀਜ਼ ਸਮਾਗਮ ਦੌਰਾਨ ਬੋਲ ਰਹੇ ਸਨ। ਸੁਦਰਸ਼ਨ ਦੀ ਪਿਛਲੇ ਸਾਲ ਮੌਤ ਹੋ ਗਈ ਸੀ।

# ਭਾਰਤ ਵਿੱਚ ਹਰ ਘੰਟੇ 15 ਖ਼ੁਦਕੁਸ਼ੀਆਂ

**ਨਵੀਂ ਦਿੱਲੀ–** ਦੇਸ਼ ਵਿੱਚ ਪਿਛਲੇ ਸਾਲ ਹਰ ਘੰਟੇ 15 ਖ਼ੁਤਕੁਸ਼ੀ ਹੋਈਆਂ ਅਤੇ ਪੂਰੇ ਸਾਲ ਵਿੱਚ ਇਹ ਅੰਕੜਾ 1.31 ਲੱਖ ਤੋਂ ਉਪਰ ਚਲਾ ਗਿਆ। ਸਰਕਾਰੀ ਅੰਕੜਿਆਂ ਮੁਤਾਬਕ ਖ਼ੁਦਕੁਸ਼ੀ ਦੇ ਸਭ ਤੋਂ ਜ਼ਿਆਦਾ ਮਾਮਲੇ ਮਹਾਰਾਸ਼ਟਰ ਵਿੱਚ ਦਰਜ ਕੀਤੇ ਗਏ ਜਦਕਿ ਸ਼ਹਿਰਾਂ ਵਿੱਚੋਂ ਚੇਨੱਈ 'ਚ ਸਭ ਤੋਂ ਜ਼ਿਆਦਾ ਖ਼ੁਦਕੁਸ਼ੀਆਂ ਹੋਈਆਂ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ (ਐਨਸੀਆਰਬੀ) ਵੱਲੋਂ ਜਾਰੀ ਅੰਕੜਿਆਂ ਮੁਤਾਬਕ ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚੋਂ 69.7 ਫ਼ੀਸਦੀ ਉਹ ਸਨ, ਜਿਨ੍ਹਾਂ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਸੀ। ਇਹ ਕਦਮ ਚੁੱਕਣ ਵਾਲਿਆਂ ਹਰ ਛੇ ਜਣਿਆਂ ਵਿੱਚੋਂ ਇੱਕ ਸੁਆਣੀ ਸੀ। ਮਹਾਰਾਸ਼ਟਰ ਵਿੱਚ ਖ਼ੁਦਕੁਸ਼ੀ ਦੇ 16,307 ਮਾਮਲੇ ਸਾਹਮਣੇ ਆਏ ਤੇ ਇਸ ਤੋਂ ਬਾਅਦ ਤਾਮਿਲ ਨਾਡੂ ਵਿੱਚ 16,122 ਅਤੇ ਪੱਛਮੀ ਬੰਗਾਲ ਵਿੱਚ 14,310 ਮਾਮਲੇ ਸਾਹਮਣੇ ਆਏ ਜੋ ਕਿ ਕ੍ਰਮਵਾਰ 12.4 ਫ਼ੀਸਦ, 12.2 ਫ਼ੀਸਦ ਅਤੇ 10.9 ਫ਼ੀਸਦ ਬਣਦੇ ਹਨ। ਵੱਡੇ ਸ਼ਹਿਰਾਂ, ਜਿਨ੍ਹਾਂ ਦੀ ਆਬਾਦੀ 10 ਲੱਖ ਤੋਂ ਜ਼ਿਆਦਾ ਹੈ, ਵਿੱਚੋਂ ਚੇਨੱਈ ਵਿੱਚ ਸਭ ਤੋਂ ਜ਼ਿਆਦਾ 2214 ਖ਼ੁਦਕੁਸ਼ੀਆਂ ਹੋਈਆਂ। ਇਸ ਤੋਂ ਇਲਾਵਾ ਬੈਂਗਲੁਰੂ ਵਿੱਚ 1906, ਦਿੱਲੀ ਵਿੱਚ 1847, ਮੁੰਬਈ ਵਿੱਚ 1196 ਅਤੇ ਭੋਪਾਲ ਵਿੱਚ 1064 ਜਣਿਆਂ ਨੇ ਖ਼ੁਦਕਸ਼ੀ ਕੀਤੀ। ਜਾਣਕਾਰੀ ਮੁਤਾਬਕ ਵਿਆਹ ਸਬੰਧੀ ਮਾਮਲਿਆਂ ਤੋਂ ਇਲਾਵਾ ਘਰੇਲੂ ਮਸਲਿਆਂ ਕਾਰਨ 21.7 ਫ਼ੀਸਦੀ ਲੋਕਾਂ ਨੇ ਆਤਮ ਹੱਤਿਆ ਕੀਤੀ ਅਤੇ ਬਿਮਾਰੀ ਨਾਲ ਸਬੰਧਤ ਮਾਮਲਿਆਂ ਕਾਰਨ 18 ਫ਼ੀਸਦੀ ਲੋਕਾਂ ਨੇ ਇਹ ਰਾਹ ਚੁਣਿਆ। ਸਰਕਾਰੀ ਅੰਕੜਿਆਂ ਮੁਤਾਬਕ ਖ਼ੁਦਕੁਸ਼ੀ ਕਰਨ ਵਾਲੇ ਹਰ ਛੇ ਜਣਿਆਂ ਵਿੱਚ ਇੱਕ ਸੁਆਣੀ ਸ਼ਾਮਲ ਹੈ ਤੇ ਇਸ ਸਬੰਧੀ ਮਰਦ ਤੇ ਔਰਤ ਅਨੁਪਾਤ 68:32 ਬਣਦਾ ਹੈ। ਸਰਕਾਰੀ ਰਿਪੋਰਟ ਮੁਤਾਬਕ ਕੁੱਲ ਮਾਮਲਿਆਂ ਵਿੱਚੋਂ 69.7 ਫ਼ੀਸਦੀ ਉਨ੍ਹਾਂ ਨਾਲ ਸਬੰਧਤ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੈ। 26.9 ਫ਼ੀਸਦੀ ਉਹ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਇੱਕ ਤੋਂ ਪੰਜ ਲੱਖ ਦਰਮਿਆਨ ਹੈ।

# ਸੰਵਿਧਾਨਕ ਨੈਤਿਕਤਾ ਲੋਕਤੰਤਰ ਦੀ ਜਾਨ ਲੇਕਿਨ ਉਹ ਹੈ ਕਿੱਥੇ?




ਯੂਨਾਨ ਦੇ ਪ੍ਰਸਿੱਧ ਇਤਿਹਾਸਕਾਰ ਗਰੋਟੇ ਦਾ ਹਵਾਲਾ ਦਿੰਦੇ ਹੋਏ ਬਾਬਾ ਸਾਹਿਬ ਅੰਬੇਡਕਰ ਨੇ 4 ਨਵੰਬਰ 1948 ਨੂੰ ਸੰਵਿਧਾਨ ਸਭਾ ਵਿਚ ਸੰਵਿਧਾਨ ਮਸੌਦਾ (ਖਰੜਾ) ਪੇਸ਼ ਕਰਦੇ ਸਮੇਂ ਆਜ਼ਾਦ ਅਤੇ ਪੁਰਅਮਨ ਸਰਕਾਰ ਲਈ, ਜਿਸ ਬਹੁਤ ਜ਼ਰੂਰੀ ਸ਼ਰਤ ਤੇ ਸਭ ਤੋਂ ਵੱਧ ਜ਼ੋਰ ਦਿੱਤਾ ਸੀ ਉਹ ਕਾਂਸਟਿਊਸ਼ਨਲ ਮੌਰੇਲਟੀ ਅਰਥਾਤ ਸੰਵਿਧਾਨਕ ਨੈਤਿਕਤਾ-ਸਦਾਚਰ ਸੀ। ਸੰਵਿਧਾਨਕ ਸਦਾਚਾਰ ਦਾ ਵਿਹਾਰ ਸਰਕਾਰ ਵਿਚ ਬਹੁਗਿਣਤੀ ਸਮੁਦਾਇ (ਪਾਰਟੀ) ਲਈ ਹੀ ਨਹੀਂ ਬਲਕਿ ਉਹ ਸਭ ਲਈ ਬਰਾਬਰ ਜ਼ਰੂਰੀ ਹੈ ਕਿਉਂਕਿ ਇਕ ਘੱਟ ਗਿਣਤੀ ਸਮੁਦਾਇ ਵੀ ਤਾਕਤਵਰ ਅਤੇ ਜ਼ਿੱਦੀ ਹੁੰਦੇ ਹੋਏ ਸਰਕਾਰ ਦੇ ਵੱਖ ਵੱਖ ਅੰਗਾਂ ਅਤੇ ਸੰਸਥਾਵਾਂ ਦੇ ਆਜ਼ਾਦੀ ਨਾਲ ਕੰਮ ਕਰਨ ਨੂੰ ਠੱਪ ਕਰ ਸਕਦਾ ਹੈ। ਸੰਵਿਧਾਨਕ ਸਦਾਚਾਰ ਦਾ ਮਤਲਬ ਹੈ ਸਰਕਾਰ ਦੀ (ਮੰਨੀ ਜਾ ਚੁੱਕੀ) ਸ਼ਾਸਨ ਪ੍ਰਣਾਲੀ ਦੇ ਪ੍ਰਤੀਪਰਮ ਆਦਰ ਸਤਿਕਾਰ ਜਿਸ ਦਾ ਹਰ ਨਾਗਰਿਕ ਦੇ ਦਿਲ ਵਿਚ ਆਪਣੇ ਆਪਣੇ ਰਾਜਨੀਤਿਕ ਵਿਰੋਧ ਦੇ ਕੌੜੇ ਮਤਭੇਦਾਂ ਦੇ ਬਾਵਜੂਦ ਹੋਣਾ ਅਤਿ ਜ਼ਰੂਰੀ ਹੈ। ਇਸ ਦੀ ਹੋਰ ਵਧੇਰੇ ਵਿਆਖਿਆ ਕਰਦੇ ਹੋਏ ਉਹਨਾਂ ਨੇ ਕਿਹਾ ਕਿ ਲੋਕਤੰਤਰੀ ਸਰਕਾਰ ਦੇ ਸ਼ਾਂਤੀ ਪੂਰਨ ਪ੍ਰਚਲਣ ਲਈ ਸੰਵਿਧਾਨਕ ਸਦਾਚਾਰ ਦੀ ਜ਼ਰੂਰਤ ਨੂੰ ਤਾਂ ਸਭ ਸਵੀਕਾਰ ਕਰਦੇ ਹਨ ਲੇਕਿਨ ਇਸ ਨਾਲ ਜੁੜੀਆਂ ਦੋ ਹੋਰ ਗੱਲਾਂ ਨੂੰ ਨਹੀਂ ਮੰਨਦੇ, ਧਿਆਨ ਨਹੀਂ ਦਿੰਦੇ। ਇਕ ਇਹ ਕਿ ਪ੍ਰਸ਼ਾਸਨ ਦੇ ਰੂਪ ਅਤੇ ਸ਼ਾਸਨ ਦੇ ਰੂਪ (ਰਾਸ਼ਟਰਪਤੀ ਸ਼ਾਨ ਪ੍ਰਣਾਲੀ ਜਾਂ ਸੰਸਦੀ ਪ੍ਰਣਾਲੀ) ਦਾ ਆਪਸ ਵਿਚ ਨੇੜਲਾ ਸਬੰਧ ਹੈ। ਪ੍ਰਸ਼ਾਸਨ ਦੇ ਰੂਪ ਨੂੰ ਦੇਸ਼ ਦੀ ਸ਼ਾਸਨ ਪ੍ਰਣਾਲੀ ਦੇ ਰੂਪ ਨਾਲ ਇਕਸਾਰ ਹੋਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਅਜਿਹਾ ਨਾ ਹੋਣ ਦੀ ਸੂਰਤ ਵਿਚ ਸੰਵਿਧਾਨ ਦੇ ਰੂਪ ਅਤੇ ਉਸ ਦੀ ਆਤਮਾ ਨੂੰ ਬਦਸ਼ਕਲ ਕੀਤਾ ਜਾ ਸਕਦਾ ਹੈ। ਸਵਾਲ ਹੈ ਕੀ ਅਸੀਂ ਅਜਿਹੇ ਸੰਵਿਧਾਨਕ ਸਦਾਚਾਰ ਦਾ ਪਾਲਣ ਕਰ ਸਕਾਂਗੇ, ਨਿਭਾਅ ਸਕਾਂਗੇ? ਸੰਵਿਧਾਨਕ ਨੈਤਿਕਤਾ ਆਪਣੇ ਆਪ ਪੈਦਾ ਹੋਣ ਵਾਲੀ ਚੀਜ਼ ਨਹੀਂ ਹੈ। ਇਸ ਨੂੰ ਪੈਦਾ ਕਰਕੇ ਵਿਕਸਤ ਕਰਨਾ ਪੈਂਦਾ ਹੈ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਲੋਕਾਂ ਨੂੰ ਹਾਲੇ ਇਸ ਦਾ ਗਿਆਨ ਨਹੀਂ ਹੈ। ਉਹਨਾਂ ਨੂੰ ਇਹ ਸਭ ਕੁਝ ਸਿੱਖਣਾ ਹੋਵੇਗਾ। ਭਾਰਤ ਵਿਚ ਲੋਕਤੰਤਰ ਦਾ ਵਜੂਦ ਸਿਰਫ਼ ਪੌਦੇ ਦੇ ਪੱਤਿਆਂ ਨੂੰ ਪਾਣੀ ਦੇਣ ਵਾਂਗ ਹੈ, ਉਸ ਦੀਆਂ ਜੜ੍ਹਾਂ ਨੂੰ ਖਾਦ ਦੇ ਕੇ ਮਜ਼ਬੂਤ ਬਣਾਉਣਾ ਨਹੀਂ। ਜੋ ਇਕਦਮ ਲੋਕਤੰਤਰ ਦੇ ਅਨੁਕੂਲ ਨਹੀਂ।

ਇਹ ਵਿਚਾਰ ਉਸ ਸੰਵਿਧਾਨਕ ਮਾਹਿਰ, ਦੂਰ-ਦਰਸ਼ੀ ਮਹਾਪੁਰਸ਼ ਦੇ ਹਨ, ਜਿਸ ਦੇ ਬਣਾਏ ਸੰਵਿਧਾਨ ਦਾ ਇਕ ਇਕ ਸ਼ਬਦ ਸੱਚ ਸਿੱਧ ਹੋ ਰਿਹਾ ਹੈ, ਜਿਹਨਾਂ ਦੇ ਅੰਦੇਸ਼ਿਆਂ ਅਤੇ ਚੇਤਾਵਨੀਆਂ ਵੱਲ ਸੱਤਾ ਦੇ ਨਸ਼ੇ ਵਿਚ ਧੁੱਤ ਉੱਚ ਸਮਾਜ ਨੇ ਨਾ ਪਹਿਲਾਂ ਕੰਨ ਦਿੱਤੇ ਅਤੇ ਨਾ ਅੱਜ ਕੋਈ ਪ੍ਰਵਾਹ ਕੀਤੀ ਜਾ ਰਹੀ ਹੈ। ਸੰਪਰਦਾਇਕ ਬਹੁਗਿਣਤੀ ਦੀ ਤਾਕਤ ਨਾਲ ਸੰਵਿਧਾਨ ਦੇ ਸਰੂਪ ਅਤੇ ਉਸ ਦੀ ਆਤਮਾ ਨੂੰ ਨਾ ਕੇਵਲ ਬਦਸ਼ਕਲ ਕੀਤਾ ਜਾ ਰਿਹਾ ਹੈ, ਤੋੜਿਆ ਫੋੜਿਆ ਜਾ ਰਿਹਾ ਹੈ, ਬਲਕਿ ਕਸਾਈਆਂ ਦੀ ਤਰ੍ਹਾਂ ਉਸ ਨੂੰ ਜ਼ਿਬਹਾ ਕੀਤਾ ਜਾ ਰਿਹਾ ਹੈ। ਸੰਵਿਧਾਨਕ ਨੈਤਿਕਤਾ ਜਿਸ ਨੂੰ ਸੰਵਿਧਾਨ ਘਾੜਿਆਂ ਨੇ ਸਰਕਾਰ ਨੂੰ ਸਥਿਰ ਅਤੇ ਸੁਤੰਤਰ ਬਣਾਈ ਰੱਖਣ ਲਈ ਜ਼ਰੂਰੀ ਸ਼ਰਤ ਦੱਸਿਆ ਸੀ, ਅੱਜ ਉਹ ਕਿੱਥੇ ਹੈ? ਹੈ ਕੋਈ ਉਸ ਦਾ ਨਾਮ ਨਿਸ਼ਾਨ? ਅਖ਼ਬਾਰ ਅਤੇ ਟੀ. ਵੀ. ਮੀਡੀਆ ਵਿਚ ਅਲੱਗ ਅਲੱਗ ਨੇਤਾਵਾਂ ਅਤੇ ਪਾਰਟੀ ਬੁਲਾਰਿਆਂ ਵਿਚਕਾਰ ਹੁੰਦੀ ਰਹਿੰਦੀ ਤੂੰ ਤੂੰ, ਮੈਂ ਮੈਂ ਤੋਂ ਇਹਨਾਂ ਲੋਕਾਂ ਦੀ ਸੱਤਾ ਭੁੱਖ, ਬੇਸਬਰੀ, ਬੇਸ਼ਰਮੀ ਅਤੇ ਨੈਤਿਕ ਗਿਰਾਵਟ ਦੀ ਝਲਕ ਬਹੁਤ ਨੇੜੇ ਤੋਂ ਦੇਖੀ ਜਾ ਸਕਦੀ ਹੈ ਕਿ ਉਹ ਕਿਸ ਤਰ੍ਹਾਂ ਆਪਣੀ ਗੱਲ ਨੂੰ ਸਹੀ ਸਿੱਧ ਅਤੇ ਆਪਣੇ ਵਿਰੋਧੀ ਨੂੰ ਨੀਚਾ ਦਿਖਾਉਣ ਲਈ ਗੰਦੀ, ਅਸ਼ਲੀਲ ਅਤੇ ਅਸੱਭਿਆ ਭਾਸ਼ਾ ਬੋਲਣ ਤੋਂ ਵੀ ਸੰਕੋਚ ਨਹੀਂ ਕਰਦੇ। ਇਕ ਪਾਰਟੀ ਨੂੰ ਹਕੂਮਤ ਹੱਥੋਂ ਜਾਣ ਦਾ ਗ਼ਮ (ਦੁੱਖ) ਹੈ ਅਤੇ ਦੂਜੀ ਪਾਰਟੀ ਨੂੰ ਇਹ ਚਿੰਤਾ ਖਾ ਰਹੀ ਹੈ ਕਿ ਜਿਹੜੀ ਰਾਜ ਸੱਤਾ ਉਸ ਨੂੰ ਇੰਨੀ ਮੁੱਦਤ ਬਾਅਦ ਅਤੇ ਇੰਨੇ ਜਾਇਜ਼ ਨਾਜਾਇਜ਼ ਦਾਅ-ਪੇਚ ਅਤੇ ਹੱਥਕੰਡੇ ਵਰਤਣ ਤੋਂ ਬਾਅਦ ਹੱਥ ਲੱਗੀ ਹੈ, ਉਹ ਕਿਤੇ ਫਿਰ ਨਾ ਹੱਥੋਂ ਜਾਂਦੀ ਲੱਗੇ ਅਤੇ ਇਸ ਦੇ ਨਾਲ ਜੁੜਿਆ ਹੈ ਸ਼ਾਹੀ ਠਾਠ ਬਾਠ, ਪਦ ਪ੍ਰਤਿਸ਼ਠਾ ਅਤੇ ਪੈਸੇ ਦੀ ਚਮਕ-ਦਮਕ। ਜਦ ਐਡਾ ਵੱਡਾ ਦਾਅ ਹੋਵੇ ਤਾਂ ਕ੍ਰਿਸ਼ਨ ਜੀ ਦੇ ਗੀਤਾ ਉਪਦੇਸ਼ ਅਨੁਸਾਰ ਸਕਾ ਕੌਣ ਤਾਂ ਵੈਰੀ ਕੌਣ? ਇਕ ਪਾਸੇ ਜ਼ਮੀਨ ਵਿਚ ਵੀਹ ਵੀਹ, ਪੰਜਾਹ ਪੰਜਾਹ ਫੁੱਟ ਦੱਬੇ ਹੱਡੀਆਂ ਦੇ ਪਿੰਜਰਾਂ ਨੂੰ ਕੱਢ ਕੇ ਉਹਨਾਂ ਦੀਆਂ ਗਲਤੀਆਂ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਜ਼ਮੀਨ ਤੋਂ 550 ਉੱਚੇ ਸੁਪਨੇ ਦਿਖਾ ਕੇ ਲੋਕਾਂ ਨੂੰ ਅੱਛੇ ਦਿਨਾਂ ਦੇ ਪਰਮ ਵਿਚ ਪਾਇਆ ਜਾ ਰਿਹਾ ਹੈ। ਅਜਿਹੀ ਕਾਂਵਾਂ ਰੌਲੀ ਵਿਚ ਭੁੱਖੇ ਪੇਟ ਸੌਣ ਵਾਲੇ ਕਰੋੜਾਂ ਲੋਕਾਂ ਦੀ ਸੁੱਧ ਲੈਣ ਲਈ ਕਿਸ ਦੇ ਕੋਲ ਸਮਾਂ ਹੋ ਸਕਦਾ ਹੈ? ਅਜਿਹੇ ਨੇਤਾ ਸੰਵਿਧਾਨਕ ਸਦਾਚਾਰ ਜਾਂ ਜ਼ਿੰਮੇਵਾਰੀ ਨੂੰ ਕੀ ਸਮਝ ਸਕਦੇ ਹਨ?

ਜਿੱਥੇ ਤੱਕ ਹਕੂਮਤ ਦੀ ਮੰਨੀ ਜਾ ਚੁੱਕੀ ਸ਼ਾਸਨ ਪ੍ਰਣਾਲੀ ਜਾਣੀ ਜਾਂਦੀ ਸੰਸਦੀ ਪ੍ਰਣਾਲੀ ਦੇ ਪ੍ਰਤੀ ਪਰਮ ਆਦਰ ਸਤਿਕਾਰ ਦੀ ਗੱਲ ਹੈ, ਉਸ ਨੂੰ ਤਾਂ ਆਰ. ਐਸ. ਐਸ. ਦੇ ਅਸ਼ੀਰਵਾਦ ਨਾਲ ਬਣੀ ਇਸ ਨਵੀਂ ਸਰਕਾਰ ਨੇ ਆਉਂਦੇ ਹੀ ਬਾਹਰ ਦਾ ਰਸਤਾ ਦਿਖਾ ਦਿੱਤਾ। ਕਹਿਣ ਦੀ ਜ਼ਰੂਰਤ ਨਹੀਂ ਕਿ ਆਰ. ਐਸ. ਐਸ. ਦੀ ਵਿਚਾਰਧਾਰਾ ਅਨੁਸਾਰ ਸੰਵਿਧਾਨ ਦਾ ਮੌਜੂਦਾ ਸਰੂਪ ਅਤੇ ਉਸ ਦੇ ਤਹਿਤ ਉਲੀਕੀਆਂ ਧਾਰਾਵਾਂ, ਪ੍ਰਕਿਰਿਆਵਾਂ, ਰੱਖਿਆਵਾਂ ਹਰਗਿਜ਼ ਹਰਗਿਜ਼ ਆਦਰ ਯੋਗ ਨਹੀਂ ਹਨ। ਇਸ ਸਾਲ 26 ਜਨਵਰੀ ਦੇ ਮੌਕੇ 'ਤੇ ਆਏ ਮੁੱਖ ਮਹਿਮਾਨ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੋ ਸੰਵਿਧਾਨ ਦੀ ਕਾਪੀ ਬਤੌਰ ਯਾਦਗਾਰੀ ਤੋਹਫਾ ਭੇਂਟ ਕੀਤੀ ਗਈ, ਉਸ ਦੀ ਉਦੇਸ਼ਿਕਾ ਦੇ ਵਿਚਲੇ ਸ਼ਬਦ (ਸਿਧਾਂਤ) ਸੈਕੂਲਰ ਅਤੇ ਸੋਸ਼ਲਿਸਟ (ਸਮਾਜਵਾਦ) ਉਦੋਂ ਹੀ ਗੁੰਮ (ਗਾਇਬ) ਸਨ। ਇਸ ਨੂੰ ਅਜਿਹੇ ਮਹੱਤਵਪੂਰਨ ਸੰਜੀਦਾ ਮੌਕੇ ਤੇ ਦਿਖਾਈ ਗਈ ਭੈੜੀ ਪ੍ਰਕਾਰ ਦੀ ਗੈਰ ਜ਼ਿੰਮੇਵਾਰੀ, ਬਦਦਿਆਨਤੀ ਅਤੇ ਸੰਵਿਧਾਨ ਪ੍ਰਤੀ ਬੇਅਦਬੀ ਹੀ ਕਿਹਾ ਜਾ ਸਕਦਾ ਹੈ।

ਫਿਲਹਾਲ ਇਹ ਕੋਈ ਲੁਕਿਆ ਛਿਪਿਆ ਭੇਦ ਨਹੀਂ ਹੈ ਕਿ ਸੈਕੂਲਰਵਾਦ ਅਤੇ ਸਮਾਜਵਾਦ ਦੇ ਸਿਧਾਂਤਾਂ ਤੋਂ ਹਿੰਦੂਤਵਵਾਦੀ ਪਾਰਟੀਆਂ ਨੂੰ ਨਿਰੀ ਚਿੜ ਹੀ ਨਹੀਂ ਬਲਕਿ ਸਖ਼ਤ ਨਫ਼ਰਤ ਹੈ, ਜਿਸ ਦਾ ਪ੍ਰਗਟਾਵਾ ਕੇਵਲ ਭਾਸ਼ਣਾਂ ਜਾਂ ਵਿਚਾਰ ਗੋਸ਼ਟੀਆਂ ਜਾਂ ਕਿਤਾਬਾਂ ਤੱਕ ਹੀ ਸੀਮਤ ਨਹੀਂ, ਇਹਨਾਂ ਦੀਆਂ ਬਣੀਆਂ ਕੇਂਦਰ ਅਤੇ ਪ੍ਰਦੇਸ਼ਿਕ ਸਰਕਾਰਾਂ ਦੀਆਂ ਨੀਤੀਆਂ ਯੋਜਨਾਵਾਂ ਅਤੇ ਸਰਕਾਰੀ ਕੰਮਕਾਜ ਵਿਚ ਸਪਸ਼ਟ ਦੇਖਿਆ ਜਾ ਸਕਦਾ ਹੈ। ਓਮ ਉਚਾਰਣ ਨਾਲ ਸ਼ੁਰੂ ਹੋਣ ਵਾਲਾ ਯੋਗਾ, ਸੂਰਜ ਨੂੰ ਪਾਣੀ ਚੜ੍ਹਾ ਕੇ ਨਮਸਕਾਰ, ਸਕੂਲੀ ਸਿੱਖਿਆ ਕਿਤਾਬਾਂ ਵਿਚ ਸੰਸਕ੍ਰਿਤ ਦੀ ਜ਼ਰੂਰੀ ਪੜ੍ਹਾਈ, ਗੀਤਾ ਉਪਦੇਸ਼, ਸਰਸਵਤੀ ਵੰਦਨਾ, ਗਊ ਪੂਜਾ ਦੇ ਅਧਿਆਇ, ਪ੍ਰਧਾਨ ਮੰਤਰੀ ਦਾ ਦੇਸ਼ ਵਿਦੇਸ਼ ਦੇ ਸਰਕਾਰੀ ਮੰਚਾਂ ਤੋਂ ਗੀਤਾ ਪ੍ਰਚਾਰ, ਹਿੰਦੂ ਮੰਦਰਾਂ ਮੱਠਾਂ ਵਿਚ ਕੈਮਰਿਆਂ ਦੇ ਸਾਹਮਣੇ ਵਿਧੀ ਪੂਰਵਕ ਪੂਜਾ ਵੰਦਨਾ ਅਤੇ ਦਾਨ ਦੱਛਣਾ (ਸਭ ਸਰਕਾਰੀ ਖਰਚੇ 'ਤੇ) ਅਲੋਪ ਹੋ ਚੁੱਕੀ ਕਾਲਪਨਿਕ ਨਦੀ ਸਰਸਵਤੀ ਦੀ ਖੋਜ ਅਤੇ ਖੁਦਾਈ, ਕੁਰੂਕਸ਼ੇਤਰ ਵਿਚ ਇਕ ਬਹੁਤ ਪੁਰਾਣੇ ਬੋਹੜ ਦੇ ਦਰਖ਼ਤ ਨੂੰ ਕ੍ਰਿਸ਼ਨ ਦੇ ਗੀਤਾ ਉਪਦੇਸ਼ ਨਾਲ ਜੋੜਨਾ (ਪੁਰਾਤੱਤਵ ਵਿਭਾਗ ਦੀ ਜਾਣਕਾਰੀ ਜਾਂ ਸਹਿਮਤੀ ਦੀ ਲੋੜ ਨਹੀਂ!) ਮੀਡੀਆ ਉੱਤੇ ਖ਼ਬਰ ਪ੍ਰਸਾਰਿਤ ਹੋਣ ਤੋਂ ਬਾਅਦ ਉਸ ਦਰਖ਼ਤ ਦੀ ਸਰਕਾਰੀ ਸਾਂਭ ਸੰਭਾਲ ਅਤੇ ਭਗਤਾਂ ਵੱਲੋਂ ਪੂਜਾ ਅਰਚਣਾ ਵੀ ਸ਼ੁਰੂ ਹੋ ਗਈ। ਕੀ ਇਹ ਸਭ ਵਿਖਾਵਾ ਦੇਸ਼ ਦੀ 125 ਕਰੋੜ ਦੀ ਮਿਲੀ ਜੁਲੀ ਆਬਾਦੀ ਨੂੰ ਖੁਸ਼ੀ, ਖੁਸ਼ਹਾਲੀ, ਵਿਕਾਸ ਦੀ ਮੰਜ਼ਿਲ ਤੱਕ ਲੈ ਜਾ ਸਕੇਗੀ ਜਾਂ ਵੱਖ ਵੱਖ ਧਰਮਾਂ, ਮੱਤਾਂ ਨੂੰ ਮੰਨਣ ਵਾਲੀ ਅੱਧ ਤੋਂ ਵੱਧ (85 ਫੀਸਦੀ) ਆਬਾਦੀ ਵਿਚਕਾਰ ਬੇਭਰੋਸਗੀ ਵੱਖਵਾਦ ਦੀਆਂ ਸ਼ੰਕਾਵਾਂ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਕਰੇਗਾ? ਨਤੀਜਾ? ਸੰਪਰਦਾਇਕ ਦੰਗੇ ਫਸਾਦਾਂ ਤੋਂ ਛੁੱਟ ਹੋਰ ਕੀ ਸਕਦਾ ਹੈ? ਦੂਜੇ ਧਰਮਾਂ ਦੇ ਵੀ ਪਵਿੱਤਰ ਗ੍ਰੰਥ, ਪੁਸਤਕਾਂ ਕੁਰਾਨ, ਬਾਈਬਲ, ਗੁਰੂ ਗ੍ਰੰਥ ਸਾਹਿਬ, ਬੌਧ ਗ੍ਰੰਥ ਅਤੇ ਪਵਿੱਤਰ ਪੂਜਾ ਘਰ ਹਨ। ਉਹਨਾਂ ਲਈ ਉਹ ਬਰਾਬਰ ਦਾ ਆਦਰ ਸਨਮਾਨ ਕਿਉਂ ਨਹੀਂ? ਉਹਨਾਂ ਦੀਆਂ ਧਾਰਮਿਕ ਮਾਨਤਾਵਾਂ, ਧਾਰਮਿਕ ਨਿਸ਼ਾਨ ਅਤੇ ਧਾਰਮਿਕ ਸਥਾਨ ਹਨ। ਉਹਨਾਂ ਦੀ ਅਣਦੇਖੀ ਕਿਉਂ? ਉਹਨਾਂ ਪ੍ਰਤੀ ਮਤਰੇਇਆ ਸਲੂਕ ਕਿਉਂ? ਮੰਦਰਾਂ, ਪੂਜਾ ਘਰਾਂ ਵਿਚ ਮੱਥਾ ਟੇਕਣਾ ਪੂਜਾ ਕਰਨੀ ਹਰ ਨਾਗਰਿਕ ਦਾ ਮੌਲਿਕ ਅਧਿਕਾਰ ਹੈ ਬਲਕਿ ਇਸ ਤੋਂ ਵੀ ਅੱਗੇ ਜਾ ਕੇ ਧਰਮ ਨੂੰ ਮੰਨਣਾ, ਨਾ ਮੰਨਣਾ ਜਾਂ ਕਿਸੇ ਵੀ ਵਿਧੀ ਨਾਲ ਮੰਨਣਾ ਹਰ ਇਕ ਦਾ ਨਿੱਜੀ ਮਾਮਲਾ ਹੈ। ਫਿਰ ਇਸ ਵਿਚ ਕਿਸੇ ਦੂਜੇ ਦਾ ਦਖਲ ਕਿਉਂ? ਜ਼ਬਰਦਸਤੀ ਕਿਉਂ? ਇਹਨਾਂ ਹੀ ਭਾਵਨਾਵਾਂ ਨੂੰ ਜੇ ਤਾਕਤ ਨਾਲ ਕੁਚਲਿਆ ਜਾਂਦਾ ਹੈ ਬੁੱਲਡੋਜ਼ ਕੀਤਾ ਜਾਂਦਾ ਹੈ ਤਾਂ ਵਿਰੋਧ ਜਾਂ ਦੰਗੇ ਨਾ ਭੜਕਣਗੇ? ਇਹ ਸਰਕਾਰ ਕਿਸ ਪਾਸੇ ਜਾ ਰਹੀ ਹੈ ਆਖਿਰ ਇਸ ਦੇ ਇਰਾਦੇ ਕੀ ਹਨ?

ਨਵੇਂ ਬਣਾਏ ਜਾ ਰਹੇ ਜ਼ਮੀਨੀ ਕਾਨੂੰਨਾਂ ਦੇ ਤਹਿਤ ਕਿਸਾਨਾਂ ਤੋਂ ਖੋਹ ਕੇ ਜ਼ਮੀਨਾਂ ਉਦਯੋਗਪਤੀਆਂ ਕਾਰੋਬਾਰੀ ਕੰਪਨੀਆਂ ਨੇ ਦੇਣਾ, ਮੇਕ ਇਨ ਇੰਡੀਆ, ਡਿਜ਼ੀਟਲ ਇੰਡੀਆ, ਬੁਲੇਟ ਟ੍ਰੇਨਾਂ ਅਤੇ ਸਮਾਰਟ ਸਿਟੀ ਯੋਜਨਾਵਾਂ ਦੇ ਨਾਂਅ ਤੇ ਦੇਸ਼ ਦੀ ਆਜ਼ਾਦ ਆਰਥਿਕਤਾ ਨੂੰ ਵਿਦੇਸ਼ੀ ਕੰਪਨੀਆਂ ਦੇ ਹੱਥ ਗਿਰਵੀ ਰੱਖਣਾ ਸਮਾਜਵਾਦ ਦੇ ਬੁਨਿਆਦੀ ਸਿਧਾਂਤ ਦਾ ਖੁਰਾ ਖੋਜ ਹੀ ਮਿਟਾਣਾ ਹੈ, ਜਿਸ ਨੂੰ ਦੇਸ਼ ਦੀ ਸੁਪਰੀਮ ਕੋਰਟ ਨੇ ਭਾਵੇਂ ਬੇਸਿਕ ਸਟ੍ਰਕਚਰ ਦਾ ਹਿੱਸਾ ਮੰਨ ਕੇ ਅਸੰਵਿਧਾਨਕ ਐਲਾਨਿਆ ਹੋਇਆ ਹੈ, ਲੇਕਿਨ ਵਿਵਹਾਰਿਕ ਰੂਪ ਵਿਚ ਉਸ ਨੂੰ ਖਤਮ ਕਰ ਦਿੱਤਾ ਗਿਆ ਹੈ। ਉਂਝ ਵੀ ਅਸਮਾਨ ਵਿਚ ਬਣਾਈਆਂ ਜਾਣ ਵਾਲੀਆਂ ਸਕੀਮਾਂ ਯੋਜਨਾਵਾਂ ਨਾਲ ਧਰਤੀ ਤੇ ਘਿਸਰਨ ਵਾਲੇ ਬੰਦਿਆਂ ਦਾ ਕੀ ਰਿਸ਼ਤਾ? ਕੀ 22 ਰੁਪਏ ਦਿਹਾੜੀ ਕਮਾਉਣ ਵਾਲਾ ਬੰਦਾ (77 ਫੀਸਦੀ) ਸਮਾਰਟ ਸਿਟੀ ਵਿਚ ਮਕਾਨ ਖਰੀਦਣ ਜਾਂ ਬੁਲੇਟ ਟ੍ਰੇਨ ਵਿਚ ਸਫ਼ਰ ਕਰਨ ਦੀ ਗੱਲ ਸੋਚ ਵੀ ਸਕਦਾ ਹੈ? ਕੀ ਉਹ ਮੇਕ ਇਨ ਇੰਡੀਆ ਦੇ ਸ਼ੇਰ ਦੀ ਪੂੰਛ ਹੱਥ ਵੀ ਲਗਾ ਸਕੇਗਾ? ਮੋਦੀ ਜੀ ਦੇ ਡਾਇਸ ਤੇ ਬੈਠੇ ਮੁਕੇਸ਼ ਅੰਬਾਨੀ ਵਾਂਗ ਡਿਜੀਟਲ ਇੰਡੀਆ ਪ੍ਰਾਜੈਕਟ ਲਈ 4.5 ਲੱਖ ਕਰੋੜ ਦਾ ਚੈਕ ਦੇ ਸਕੇਗਾ। ਉਦਾਰੀਕਰਨ, ਭੂਮੰਡਲੀਕਰਨ, ਨਿੱਜੀਕਰਨ (ਐਲ. ਪੀ. ਜੀ.) ਨੀਤੀ ਕਾਰਨ ਮਜ਼ਦੂਰ ਪੇਸ਼ਾ ਲੋਕਾਂ ਦਾ ਅਤੇ ਦਰਮਿਆਨੇ ਪੱਧਰ ਦੇ ਵਪਾਰੀਆਂ ਦਾ ਤਾਂ ਪਹਿਲਾ ਹੀ ਬਿਸਤਰਾ ਗੋਲ ਹੋ ਚੁੱਕਾ ਹੈ, ਰਹੀ-ਸਹੀ ਕਸਰ ਇਹਨਾਂ ਪਰਿਯੋਜਨਾਵਾਂ ਦੀਆਂ ਭਾਰੀ-ਭਰਕਮ ਮਸ਼ੀਨਾਂ ਅਤੇ ਬੁਲੇਟ ਟ੍ਰੇਨਾਂ ਦੇ ਟੈਕਸਾਂ ਨੇ ਪੂਰੀ ਕਰ ਦੇਣੀ ਹੈ। ਅਡਾਨੀ, ਅੰਬਾਨੀ, ਬਜਾਜਾਂ, ਮਿੱਤਲਾਂ, ਟਾਟਿਆਂ ਦੇ ਮੁਨਾਫੇ ਅਸਮਾਨ ਨੂੰ ਜ਼ਰੂਰ ਛੋਹ ਲੈਣਗੇ। ਰਾਸ਼ਟਰੀ ਆਮਦਨ ਦਰ ਭਾਵੇਂ ਕਾਗਜ਼ਾਂ ਤੇ ਹੀ ਹੋਵੇ, ਜ਼ਰੂਰ ਵੱਧ ਜਾਵੇਗੀ ਅਤੇ ਸੱਦੇ ਬਜ਼ਾਰ ਦੀ ਚਹਿਲ ਪਹਿਲਾਂ-ਪਹਿਲਾਂ ਨਾਲੋਂ ਛਾਲਾਂ ਮਾਰਨ ਲੱਗ ਪਵੇਗੀ, ਲੇਕਿਨ ਕੀ ਭਾਰਤੀ ਆਜ਼ਾਦੀ ਅਤੇ ਗਣਰਾਜ ਪ੍ਰਾਪਤ ਕਰਨ ਦਾ ਕੇਵਲ ਇਹੀ ਇਕ ਮਾਤਰ ਮਕਸਦ ਸੀ? ਕਲਪਨਾ ਵਿਚ ਉਸ ਦਾ ਰੰਗ ਰੂਪ ਇਹੀ ਸੀ?

ਇਸ ਦੇਸ਼ ਦਾ ਸਭ ਤੋਂ ਵੱਡਾ ਦੁਖਾਂਤ ਲੋਕਾਂ ਦੇ ਵਿਚਕਾਰ ਵਰਨ ਆਸ਼ਰਮ ਧਰਮ ਕਾਰਨ ਪਈ ਅਲੰਘ ਸਮਾਜਿਕ ਖਾਈ ਹੈ ਅਤੇ ਉਸ ਦੇ ਨਾਲ ਲੱਗੀ ਲਾਇਲਾਜ ਛੂਤਛਾਤ ਦੀ ਲਾਅਨਤ ਜਿਸ ਕਾਰਨ ਦਲਿਤ ਤਬਕੇ ਨੂੰ ਬੇਰੁਜ਼ਗਾਰੀ, ਗਰੀਬੀ ਅਤੇ ਭੁੱਖਮਰੀ ਦੀ ਦੋਹਰੀ ਮਾਰ ਪੈਂਦੀ ਹੈ। ਨਵੀਂ ਬਣ ਰਹੀ ਨੀਤੀਆਂ ਹੇਠ ਇਹ ਭੇਦਭਾਵ ਅਤੇ ਬੇਚੈਨੀ ਦੀ ਖਾਈ ਨੇ ਵਧਣਾ ਹੀ ਵਧਣਾ ਹੈ, ਘਟਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ। ਅੱਛੇ ਦਿਨ ਜ਼ਰੂਰ ਆਉਣਗੇ, ਲੇਕਿਨ ਸਿਰਫ ਰੱਜੇ-ਪੁੱਜੇ ਵਰਗ ਲਈ।

ਸੰਵਿਧਾਨਕ ਨੈਤਿਕਤਾ ਦੇ ਤਕਾਜ਼ਿਆਂ ਨੂੰ ਤਾਂ ਛੱਡੋ ਕਿ ਕੀ ਹੋਣਾ ਚਾਹੀਦਾ ਸੀ ਅਤੇ ਕੀ ਨਹੀਂ ਹੋਇਆ, ਜਿੱਥੇ ਤੱਕ ਰਾਸ਼ਟਰੀ ਜੀਵਨ ਵਿਚ ਸੁਸ਼ੀਲਤਾ, ਸ਼ਿਸ਼ਟਾਚਾਰ ਅਤੇ ਨਿਰਮਲਤਾ ਦੇ ਭਾਵ ਅਤੇ ਵਾਤਾਵਰਣ ਪੈਦਾ ਕਰਨ ਦੀ ਲੋੜ ਸੀ, ਉਸ ਦੀ ਜਗ੍ਹਾ ਹੁਣ ਵੈਰ ਵਿਰੋਧਤਾ, ਖਿੱਝ ਅਤੇ ਕੁੜੱਤਣ ਨੇ ਲੈ ਲਈ ਹੈ। ਜਿਸ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਮੋਦੀ ਟੀਮ ਨੇ ਪਿਛਲੀ ਯੂ. ਪੀ. ਏ. ਸਰਕਾਰ ਨੂੰ ਭੰਡਣ ਲਈ ਤੁਰਪ ਦੇ ਪੱਤੇ ਵਾਂਗ ਵਰਤਿਆ ਅਤੇ ਉਛਾਲਿਆ ਸੀ ਅਤੇ ਜੋ ਹੋਰ ਸਭ ਕਰਨਾਂ ਤੋਂ ਵੱਧ ਉਸ 'ਤਖਤਾ ਪਲਟ' ਦਾ ਕਾਰਨ ਬਣਿਆ, ਹੁਣ ਉਹੀ ਭ੍ਰਿਸ਼ਟਾਚਾਰ ਮੋਦੀ ਸਰਕਾਰ ਦੀ ਜਾਨ ਦਾ ਖੌ ਬਣ ਗਿਆ ਹੈ। ਮੰਤਰੀਆਂ, ਮੁੱਖ ਮੰਤਰੀਆਂ 'ਤੇ ਕਈ ਪ੍ਰਕਾਰ ਦੇ ਘਪਲਿਆਂ-ਘੁਟਾਲਿਆਂ ਦੇ ਦੋਸ਼ ਲੱਗ ਰਹੇ ਹਨ, ਜਿਹਨਾਂ ਵਿਚ ਸਰਕਾਰੀ ਅਹੁਦੇ ਦੀ ਦੁਰਵਰਤੋਂ, ਪ੍ਰਸ਼ਾਸਨਿਕ ਅਨਿਯਮਤਤਾਂ, ਫਰਜ਼ੀ ਡਿਗਰੀਆਂ ਦੇ ਦੋਸ਼ ਸ਼ਾਮਲ ਹਨ। ਲੇਕਿਨ ਇਹਨਾਂ ਲੋਕਾਂ ਦੇ ਸਿਰ ਤੇ ਜੂੰ ਤੱਕ ਨਹੀਂ ਸਰਕ ਰਹੀ। ਹਜ਼ਾਰਾਂ ਕਰੋੜਾਂ ਦੀ ਟੈਕਸ ਚੋਰੀ ਦਾ ਦੋਸ਼ੀ, ਕਾਨੂੰਨ ਦਾ ਭਗੌੜਾ ਲਲਿਤ ਮੋਦੀ ਲੰਡਨ ਬੈਠਾ ਭਾਰਤ ਸਰਕਾਰ ਨੂੰ ਮੂੰਹ ਚਿੜਾ ਰਿਹਾ ਹੈ, ਦੂਜੇ ਪਾਸੇ ਸੀਨੀਅਰ ਕੇਂਦਰੀ ਮੰਤਰੀ ਸੁਸ਼ਮਾ ਜੀ ਅਤੇ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਆਪਣੇ ਪ੍ਰਵਾਰਕ ਅਤੇ ਆਰਥਿਕ ਸਬੰਧਾਂ ਦੇ ਕਾਰਨ ਉਸ ਦੀ ਕਈ ਤਰ੍ਹਾਂ ਸਹਾਇਤਾ ਕਰ ਰਹੀਆਂ ਹਨ। ਸਿੱਖਿਆ ਮੰਤਰੀ ਸਮ੍ਰਿਤੀ ਇਰਾਨੀ ਆਪਣੇ ਵਿਦਿਅਕ ਡਿਗਰੀਆਂ ਬਾਰੇ ਝੂਠ ਬੋਲਣ ਦੇ ਦੋਸ਼ਾਂ 'ਚ ਫਸੀ ਹੋਈ ਹੈ। ਮੱਧ ਪ੍ਰਦੇਸ਼ ਦੇ ਕੁਖਿਆਤ ਵਿਆਪਮ ਘੁਟਾਲੇ ਨੇ ਤਾਂ ਪਿਛਲੀ ਸਰਕਾਰ ਦੇ 2ਜੀ ਸਕੈਮ (ਘੁਟਾਲੇ) ਨੂੰ ਆਕਾਰ ਅਤੇ ਵਿਸਥਾਰ ਪੱਖੋਂ ਪਿੱਛੇ ਛੱਡ ਦਿੱਤਾ ਹੈ। ਉਸ ਵਿਚ ਤਾਂ ਕੁਝ ਮੰਤਰੀਆਂ ਨੇ ਆਪਣੀ ਸਰਕਾਰੀ ਪੁਜ਼ੀਸ਼ਨ ਦਾ ਨਾਜਾਇਜ਼ ਫਾਇਦਾ ਲੈ ਕੇ ਧਨ ਦੌਲਤ ਨਾਲ ਹੱਥ ਰੰਗੇ ਸਨ, ਇੱਥੇ ਤਾਂ ਧਨ ਦੌਲਤ ਦੀ ਖੁੱਲ੍ਹੀ ਲੁੱਟ ਦੇ ਨਾਲ ਨਾਲ ਇਨਸਾਨੀ ਮੌਤਾਂ ਦਾ ਕਲੰਕ ਵੀ ਜੁੜ ਗਿਆ ਹੈ। ਇਸ ਰਿਸ਼ਵਤਖੋਰੀ ਅਤੇ ਨਕਲ ਸਕੈਂਡਲ ਵਿਚ ਫਸੇ ਦੋਸ਼ੀਆਂ ਤੋਂ ਇਲਾਵਾ ਸਕੈਂਡਲ ਦੀ ਪੁੱਛਗਿੱਛ ਕਰਨ ਵਾਲੇ ਕਈ ਉਚ ਅਧਿਕਾਰੀ ਅਤੇ ਨੌਜਵਾਨ ਪੱਤਰਕਾਰ ਜਾਨ ਗੁਆ ਚੁੱਕੇ ਹਨ। ਕਈ ਸਾਲਾਂ ਦੀ ਹਾਹਾਕਾਰ ਅਤੇ ਰਾਜਨੀਤਿਕ ਗਰਮਾ ਗਰਮੀ ਤੋਂ ਬਾਅਦ ਮਾਮਲਾ ਦੇਸ਼ ਦੀ ਉਚਤਮ ਅਦਾਲਤ ਵਿਚ ਪਹੁੰਚ ਗਿਆ ਹੈ। ਦੇਖਣਾ ਬਾਕੀ ਹੈ ਕਿ ਪ੍ਰਦੇਸ਼ ਦੇ ਮਹਾਮਹਿਕ ਗਵਰਨਰ ਰਾਮ ਨਰੇਸ਼ ਯਾਦਵ ਅਤੇ ਮਾਣਯੋਗ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਤੋਂ ਇਲਾਵਾ ਅੰਤ ਨੂੰ ਠੀਕਰਾ ਕੀਹਦੇ-ਕੀਹਦੇ ਸਿਰ 'ਤੇ ਫੁੱਟਦਾ ਹੈ।

ਕੋਈ ਵਕਤ ਸੀ ਜਦ ਇਹੀ ਪਾਰਟੀ ਪ੍ਰਸ਼ਾਸਨ ਵਿਚ ਸੁ-ਰਾਜ (ਅੱਛੀ ਸਰਕਾਰ) ਅਤੇ ਸੁ-ਚਰਿੱਤਰਤਾ (ਉੱਚਾ ਸੁੱਚਾ ਚਰਿੱਤਰ) ਦੀ ਸ਼ੇਖੀ ਮਾਰਿਆ ਕਰਦੀ ਸੀ। ਇਹ ਲੋਕ ਆਪਣੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਮਿਸਾਲ ਦੁਹਰਾਂਦੇ ਨਹੀਂ ਸੀ ਥੱਕਦੇ ਕਿ ਕਿੱਦਾਂ ਉਹਨਾਂ ਨੇ ਹਵਾਲਾ ਕੇਸ ਦੇ ਇਕ ਬਦਨਾਮ ਦੋਸ਼ੀ ਦੀ ਡਾਇਰੀ ਵਿਚ ਸਿਰਫ ਆਪਣਾ ਨਾਂ ਆਉਣ ਕਾਰਨ ਆਪਣੀ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ- ਉਹ ਕਿੰਨੇ ਇਮਾਨਦਾਰ, ਪਾਰਦਰਸ਼ੀ ਅਤੇ ਚਰਿੱਤਰਵਾਨ ਸਨ। ਲੇਕਿਨ ਅੱਜ ਉਸੇ ਅਡਵਾਨੀ ਜੀ ਨੂੰ ਚੱਲਿਆ ਹੋਇਆ ਬੇਕਾਰ ਕਾਰਤੂਸ ਸਮਝ ਕੇ ਗੁੱਠੇ ਲਾ ਦਿੱਤਾ ਗਿਆ ਹੈ ਕਿਉਂਕਿ ਉਹ ਵੀ ਇਹਨਾਂ ਸ਼ੱਕੀ ਮੰਤਰੀਆਂ ਨੂੰ ਗੱਦੀਉਂ ਲਾਹ ਕੇ ਆਪਣੇ ਵਾਂਗ ਰਾਜ ਧਰਮ ਦੀ ਪਾਲਣਾ ਕਰਨ ਦੀ ਸਲਾਹ ਦੇਣ ਲੱਗ ਪਏ ਸਨ। ਉਹਨਾਂ ਨੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਨਾਸ਼ਾਹੀ ਕਾਰਜਸ਼ੈਲੀ ਅਤੇ ਪ੍ਰਵਿਰਤੀਆਂ ਨੂੰ ਦੇਖ ਕੇ ਦੇਸ਼ ਵਿਚ ਅਪਾਤਕਾਲ (ਐਮਰਜੈਂਸੀ) ਦੀ ਮੁੜ ਵਾਪਸੀ ਦੀ ਸੰਭਾਵਨਾ ਨੂੰ ਵੀ ਖਾਰਜ ਨਹੀਂ ਕੀਤਾ।

ਕੁੱਲ ਮਿਲਾ ਕੇ ਇਹ ਬਿਨਾਂ ਕਿਸੇ ਸੰਕੋਚ ਤੋਂ ਕਿਹਾ ਜਾ ਸਕਦਾ ਹੈ ਕਿ ਆਰ. ਐਸ. ਐਸ. ਦੀ ਕਲਪਨਾ ਅਤੇ ਯੋਜਨਾ ਅਨੁਸਾਰ ਬਣਾਈ ਗਈ ਮੋਦੀ ਸਰਕਾਰ ਦਾ ਇਕ ਮਾਤਰ ਨਿਸ਼ਾਨਾ ਕੇਵਲ ਸ਼ੁੱਧ ਹਿੰਦੂ ਰਾਜ ਦੀ ਸਥਾਪਨਾ ਹੈ। ਸੰਵਿਧਾਨਕ, ਨੈਤਿਕਤਾ, ਸ਼ਿਸ਼ਟਾਚਾਰ, ਸੰਪ੍ਰਦਾਇਕ ਸੁਹਿਰਦਤਾ- ਮਾਈ ਫੁੱਟ! (ਲੱਤ ਮਾਰੋ)

# 503/15ਏ ਚੰਡੀਗੜ੍ਹ

## ਪਿੰਡ ਸੇਲਕੀਆਣਾ 'ਚ ਕੀਤਾ ਸਿਲਾਈ ਤੇ ਬਿਊਟੀ ਪਾਰਲਰ ਟਰੇਨਿੰਗ ਸੈਂਟਰ ਦਾ ਉਦਘਾਟਨ

**ਮੁਕੰਦਪੁਰ (ਰੇਸ਼ਮ ਕਰਨਾਣਵੀ)-** ਬਲਾਕ ਫਿਲੌਰ ਦੇ ਪਿੰਡ ਸੇਲਕੀਆਣਾ ਵਿਖੇ ਗੁਰੂ ਰਵਿਦਾਸ ਕਮਿਊਨਿਟੀ ਹਾਲ ਵਿਚ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾ.ਲ ਮਾਤਾ ਕਲਸਾਂ ਸਿਲਾਈ ਕਢਾਈ ਅਤੇ ਬਿਊਟੀ ਪਾਰਲਰ ਟਰੇਨਿੰਗ ਸੈਂਟਰ ਦਾ ਉਦਘਾਟਨ ਗੁਰੂ ਘਰ ਦੇ ਹੈੱਡ ਗ੍ਰੰਥੀ ਸ਼ਿੰਗਾਰਾ ਸਿੰਘ ਬੰਗੜ ਵਲੋਂ ਰਿਬਨ ਕੱਟ ਕੇ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਕਮੇਟੀ ਪ੍ਰਧਾਨ ਬੱਗਾ ਸੇਲਕੀਆਣਾ ਅਤੇ ਹੈੱਡ ਗ੍ਰੰਥੀ ਸ਼ਿੰਗਾਰਾ ਸਿੰਘ ਨੇ ਆਖਿਆ ਕਿ ਪਿੰਡ ਦੀਆਂ ਲੜਕੀਆਂ ਲਈ ਇਹ ਸਿਲਾਈ ਸੈਂਟਰ ਆਤਮ ਨਿਰਭਰ ਬਣਾਉਣ ਲਈ ਸਹਾਈ ਹੋਵੇਗਾ ਕਿਉਂਕਿ ਸਭ ਲਈ ਰੁਜ਼ਗਾਰ ਹੋਣਾ ਜ਼ਰੂਰੀ ਹੈ। ਇਸ ਸੈਂਟਰ ਤੋਂ ਟਰੇਨਿੰਗ ਲੈ ਕੇ ਲੜਕੀਆਂ ਸਵੈ ਨਿਰਭਰ ਹੋਣਗੀਆਂ।


ਪਿੰਡ ਸੇਲਕੀਆਣਾ ਵਿਖੇ ਮਾਤਾ ਕਲਸਾਂ ਸਿਲਾਈ ਸੈਂਟਰ ਦਾ ਉਦਘਾਟਨ ਕਰਦੇ ਹੋਏ ਗ੍ਰੰਥੀ ਸ਼ਿੰਗਾਰਾ ਸਿੰਘ ਅਤੇ ਹੋਰ ਪਤਵੰਤੇ।

ਇਸ ਮੌਕੇ ਸਿਲਾਈ ਸੈਂਟਰ ਦੀ ਟੀਚਰ ਗੀਤਾ ਰਾਣੀ ਤੋਂ ਇਲਾਵਾ ਪੰਚ ਤੀਰਥ ਰਾਮ, ਪੰਚ ਯਾਦਵਿੰਦਰ ਸਿੰਘ, ਸਾਬਕਾ ਸਰਪੰਚ ਜਸਪਾਲ, ਸੋਢੀ ਸੁਮਨ, ਬੀਰ ਚੰਦ, ਬਲਵਿੰਦਰ ਰਾਮ ਹਰਦੀਪ ਕੁਮਾਰ, ਪ੍ਰੀਤ ਬੰਗੜ, ਮਨੋਹਰ ਲਾਲ ਟਰੇਨਿੰਗ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਹਾਜ਼ਰ ਸਨ।

## ਮੋਦੀ ਤੇ ਸ਼ਾਹ ਦੇ ਪੋਸਟਰਾਂ ਤੇ ਸਿਆਹੀ ਮੱਲ ਕੇ ਕੱਢਿਆ ਆਪਣਾ ਗੁੱਸਾ

ਕਾਨਪੁਰ- ਸ਼ਹਿਰ ਵਿਚ ਵੱਖ-ਵੱਖ ਥਾਵਾਂ 'ਤੇ ਲਾਏ ਗਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਪੋਸਟਰਾਂ 'ਤੇ ਸਿਆਹੀ ਮਲੀ ਗਈ। ਸ਼ਾਹ ਦੀ ਪ੍ਰਧਾਨਗੀ ਵਿਚ ਇੱਥੇ ਪ੍ਰਦੇਸ਼ ਦੇ ਨੇਤਾਵਾਂ ਦੀ ਇਕ ਬੈਠਕ ਹੋਣ ਵਾਲੀ ਹੈ। ਭਾਜਪਾ ਸ਼ਹਿਰ ਪ੍ਰਧਾਨ ਸੁਰਿੰਦਰ ਮੈਥਾਨੀ ਨੇ ਕਿਹਾ ਕਿ ਅਣਪਛਾਤੇ ਲੋਕਾਂ ਨੇ ਮਾਲ ਰੋਡ, ਵੀ. ਆਈ. ਪੀ. ਰੋਡ ਤੇ ਸ਼ਹਿਰ ਦੇ ਹੋਰ ਇਲਾਕਿਆਂ ਵਿਚ ਲਾਏ ਗਏ ਪ੍ਰਧਾਨ ਮੰਤਰੀ ਦੀ ਫੋਟੋ ਵਾਲੇ ਪੋਸਟਰਾਂ 'ਚੋਂ ਇਕ ਪੋਸਟਰ ਅਤੇ ਭਾਜਪਾ ਪ੍ਰਧਾਨ ਦੀ ਤਸਵੀਰ ਵਾਲੇ ਕਈ ਹੋਡਿੰਗ 'ਤੇ ਸਿਆਹੀ ਮਲ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਇਸ ਬਾਰੇ ਜ਼ਿਲਾ ਅਤੇ ਪੁਲਸ ਪ੍ਰਸ਼ਾਸਨ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਮਹਿਫਲ ਸੱਚੇ ਵਿਚਾਰਾਂ ਦੀ

**ਪਰਮਜੀਤ ਸਿੰਘ ਸੇਖੋਂ (ਦਾਖਾ)**
ਪ੍ਰਧਾਨ, ਦਲ ਖਾਲਸਾ ਅਲਾਇੰਸ
ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)



316- ਕਾਰੋਬਾਰ ਵਿੱਚ ਇੰਤਨੇ ਮਸਤ ਵੀ ਨਾ ਹੋ ਜਾਉ ਕਿ ਪਰਿਵਾਰ ਲਈ ਦੋ ਘੜੀਆਂ ਟਾਇਮ ਵੀ ਨਾ ਕੱਢ ਸਕੋ।
317- ਸੂਝਵਾਨ ਵਿਚਾਰ ਹੋ ਰਹੇ ਹੋਣ ਤਾਂ ਉਥੇ ਚੁੱਪ ਰਹਿਣਾ ਹੀ ਚੰਗਾ ਹੈ।
318- ਸੁਆਲ ਚੰਗਾ ਹੋਵੇ ਤਾਂ ਚੁੱਪ ਤੋੜਨੀ ਚੰਗੀ ਹੈ।
319- ਸਚਾਈ ਜਹਾਨ ਨਾਲ ਨਹੀਂ, ਜਹਾਨ ਸਚਾਈ ਨਾਲ ਹੈ।
320- ਸਖਤ ਮਿਹਨਤ ਕੀਤੇ ਬਿਨਾਂ ਪੈਸਾ ਤਾਂ ਕਮਾਇਆ ਜਾ ਸਕਦਾ ਹੈ ਪਰ ਸੱਚੀ ਖੁਸ਼ੀ ਨਹੀਂ।
321- ਦੁਨੀਆਂ ਝੁਕਾਉਂਦੀ ਹੈ ਪਰ ਜੇ ਕੋਈ ਅਣਖੀਲਾ ਨਾ ਝੁੱਕੇ ਤਾਂ ਦੁਨੀਆਂ ਝੁੱਕ ਜਾਂਦੀ ਹੈ।
333-ਕਾਰੋਬਾਰ ਵਿੱਚ ਇੰਤਨੇ ਮਸਤ ਵੀ ਨਾ ਹੋ ਜਾਉ ਕਿ ਪਰਿਵਾਰ ਲਈ ਦੋ ਘੜੀਆਂ ਟਾਇਮ ਵੀ ਨਾ ਕੱਢ ਸਕੋ।
334- ਸੂਝਵਾਨ ਵਿਚਾਰ ਹੋ ਰਹੇ ਹੋਣ ਤਾਂ ਉਥੇ ਚੁੱਪ ਰਹਿਣਾ ਹੀ ਚੰਗਾ ਹੈ।
335- ਸੁਆਲ ਚੰਗਾ ਹੋਵੇ ਤਾਂ ਚੁੱਪ ਤੋੜਨੀ ਚੰਗੀ ਹੈ।
336- ਸਚਾਈ ਜਹਾਨ ਨਾਲ ਨਹੀਂ, ਜਹਾਨ ਸਚਾਈ ਨਾਲ ਹੈ।
337- ਸਖਤ ਮਿਹਨਤ ਕੀਤੇ ਬਿਨਾਂ ਪੈਸਾ ਤਾਂ ਕਮਾਇਆ ਜਾ ਸਕਦਾ ਹੈ ਪਰ ਸੱਚੀ ਖੁਸ਼ੀ ਨਹੀਂ।
338- ਦੁਨੀਆਂ ਝੁਕਾਉਂਦੀ ਹੈ ਪਰ ਜੇ ਕੋਈ ਅਣਖੀਲਾ ਨਾ ਝੁੱਕੇ ਤਾਂ ਦੁਨੀਆਂ ਝੁੱਕ ਜਾਂਦੀ ਹੈ।
339- ਟੁਟਿਆ ਹੋਇਆ ਦਿਲ ਵੀ ਮਨ ਨੂੰ ਕੁੱਝ ਕਰਨ ਲਈ ਪ੍ਰੇਰਦਾ ਹੈ।
340- ਜੇ ਵਿਅਕਤੀ ਵਿੱਚ ਅਣਖ ‘ਤੇ ਗੈਰਤ ਹੋਵੇ ਤਾਂ ਉਹ ਮਰਦਾ ਮਰਦਾ ਵੀ ਇਤਿਹਾਸ ਸਿਰਜ ਸਕਦਾ ਹੈ।
341- ਲੜਨਾ ਸਿੱਖਾਂ ਦਾ ਸ਼ੌਕ ਨਹੀਂ, ਬਲਕਿ ਮਜ਼ਬੂਰੀ ਹੁੰਦੀ ਹੈ।
342- ਪੰਥਕ ਫੁੱਟ, ਜ਼ਬਰ ਜ਼ੁਲਮ ਨੂੰ ਉਤਸ਼ਾਹਤ ਕਰਦੀ ਹੈ।
343- ਸ਼ਹੀਦੀ ਖਾਲਸਾ ਪੰਥ ਦਾ ਕੀਮਤੀ ਗਿਹਣਾ ਹੈ।
347- ਸਿੱਖ ਧਰਮ ਹੱਕ ਸੱਚ ਦਾ ਮਰਜੀਵੜਾ ਧਰਮ ਹੈ।
348- ਗੁਰੂ ਗੋਬਿੰਦ ਸਿੰਘ ਜੀ ਨੇ “ਰਾਜ ਕਰੇਗਾ ਖਾਲਸਾ” ਦਾ ਨਾਅਰਾ ਦਿੱਤਾ।
349- ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਦਾ ਮੁੱਢ ਬੰਨਿਆ।
350- ਸਿੱਖ ਧਰਮ ਮਜ਼ਲੂਮਾਂ ਦੀ ਰਾਖੀ ਲਈ ਪੈਦਾ ਹੋਇਆ ਸੀ ਪਰ ਅੱਜ ਆਪਣੀ ਹੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ।
351- ਜਦੋ ਜਹਿਦ ਕਰਨ ਵਾਲੇ ਇਤਿਹਾਸ ਨੇ ਹਮੇਸ਼ਾਂ ਮਰਜੀਵੜਿਆਂ ਦੇ ਗੱਲ ਜਿੱਤ ਦੇ ਹਾਰ ਪਾਏ ਹਨ।
352- ਏਕਤਾ ਸਾਰੀਆਂ ਪ੍ਰਾਪਤੀਆਂ ਦੀ ਮਾਂ ਹੈ।
353- ਹਿੰਦ ਸਰਕਾਰ ਨੇ ਸਿੱਖ ਲੀਡਰਾਂ ਨੂੰ ਮੋਰਚਿਆਂ ‘ਚ ਉਲਝਾ ਕੇ ਉਹਨਾਂ ਦੀ ਮੱਤ ਮਾਰ ਰੱਖੀ ਹੈ।
354- ਨਿੱਤ ਨਵਾਂ ਮਹਿਸੂਸ ਕਰਨ ਦਾ ਨਾਮ ਹੈ ਜ਼ਿੰਦਗੀ।
355- ਜੇ ਕੋਈ ਗੱਲ੍ਹ ਕਰੇ ਤਜ਼ਰਬੇ ਵਾਲੀ, ਤਾਂ ਚੁੱਪ ਕਰਕੇ ਸੁਣ ਲਈਏ, ਗਲ੍ਹ ਨਾ ਪਈਏ।
354- ਰਾਜਨੀਤੀ ਵਿੱਚ ਵਿਸ਼ਵਾਸ਼ ਕਰਨ ਵਾਲਾ ਹਮੇਸ਼ਾਂ ਘਾਟੇ ਵਿੱਚ ਰਹਿੰਦਾ ਹੈ।
355- ਮਿਹਨਤੀ ਸੁੱਚਜੇ ਹੱਥ ਕਰਾਮਾਤ ਕਰ ਸਕਦੇ ਹਨ।
356- ਰਾਜਸੀ ਤਾਕਤ ਤੋਂ ਬਿਨਾਂ ਕੋਈ ਧਰਮ ਕਾਇਮ ਨਹੀਂ ਰਹਿ ਸਕਦਾ।
357- ਏਕੇ ਦੇ ਨਾਲ ਲੱਖ ਦੇ ਹੋ, ਏਕੇ ਤੋਂ ਬਿਨਾਂ ਕੱਖ ਦੇ ਹੋ।
358- ਨੁਕਤਾਚੀਨੀ ਅਕਸਰ ਉਹ ਕਰਦੇ ਹਨ ਜ਼ਿੰਨਾਂ ਸਿਰ ਕੋਈ ਜਿੰਮੇਵਾਰੀ ਨਹੀਂ ਹੁੰਦੀ।
361- ਭਾਵੇਂ ਉਸਤਾਦ ਬਣ ਜਾਈਏ ਤਾਂ ਵੀ ਸਿੱਖਦੇ ਰਹੀਏ।
362- ਸਿੱਖ ਕੌਮ ਕੁਰਬਾਨੀ ਕਰਨ ਵਾਲਿਆਂ ਨੂੰ ਕਦੇ ਨਹੀਂ ਭੁੱਲਦੀ।
363- ਸਿੱਖ ਕੌਮ ਗਦਾਰੀ ਕਰਨ ਵਾਲਿਆਂ ਨੂੰ ਕਦੇ ਮੁਆਫ ਨਹੀਂ ਕਰਦੀ।
364- ਛੋਟੀਆਂ ਜਿੱਤਾਂ ਹੀ ਵੱਡੀਆਂ ਜਿੱਤਾਂ ਦਾ ਮੁੱਢ ਬੰਨ੍ਹਦੀਆਂ ਹਨ।
365- ਅਕਾਲ ਤਖਤ ਸਾਹਿਬ ਦਾ ਜਥੇਦਾਰ, ਸ੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਸ੍ਰੋਮਣੀ ਗੁ:ਪ੍ਰ:ਕਮੇਟੀ ਦਾ ਪ੍ਰਧਾਨ ਜਦੋਂ ਵੀ ਪੰਥ ਨੂੰ ਸਮਰਪਿਤ ਹੋ ਗਏ ਉਦੋਂ ਹੀ ਖਾਲਸਤਾਨ ਦੁਨੀਆਂ ਦੇ ਨਕਸ਼ੇ ’ਤੇ ਰੂਪਵਾਨ ਹੋ ਜਾਵੇਗਾ।
366- ਪਾਣੀ ਪੰਜਾਂ ਦਰਿਆਵਾਂ ਵਾਲਾ ਜ਼ਹਿਰੀ ਹੋ ਗਿਆ, ਮੁੰਡਾ ਪਿੰਡ ਦਾ ਸ਼ਹਿਰ ਜਾ ਕੇ ਸ਼ਹਿਰੀ ਹੋ ਗਿਆ।
367- ਲੋੜ ਤੋਂ ਵੱਧ, ਖਾਣਾ ਸੌਣਾ ਹਸਣਾ ਬੋਲਣਾ, ਮੁਸੀਬਤਾਂ ਦੇ ਕਾਰਨ ਬਣਦੇ ਹਨ।
370- ਬਹਾਦਰ ਕਲਮ ਉਹੀ ਹੁੰਦੀ ਹੈ ਜੋ ਜ਼ਬਰ ਜ਼ੁਲਮ ਦੇ ਖਿਲਾਫ ਨਿਧੜਕ ਹੋ ਕੇ ਲਿਖਦੀ ਹੈ।
371- ਖਾੜਕੂ ਵੀਰ ਹਥਿਆਰ ਉਠਾਉਣ ਤੋਂ ਪਹਿਲਾਂ ਗੁਰਸਿੱਖੀ ਮਾਰਗ ਵਿੱਚ ਪਰਪੱਕ ਹੋਣੇ ਚਾਹੀਦੇ ਹਨ।
372- ਹਰ ਸਿੱਖ ਸ਼ਹੀਦ ਸੂਰਮਾ-ਸ਼ਹੀਦ ਹੋਣ ਵੇਲੇ, ਪੁਰਾਣੇ ਇਤਿਹਾਸ ਨੂੰ ਦੁਹਰਾ ਰਿਹਾ ਹੁੰਦਾ ਹੈ।
373- ਜੋ ਮਿਲ ਗਿਆ ਉਸ ਲਈ ਦੇਣ ਵਾਲੇ ਦਾ ਧੰਨਵਾਦ ਕਰੋ, ਜੋ ਨਹੀਂ ਮਿਲਿਆ ਉਸ ਨੂੰ ਪ੍ਰਾਪਤ ਕਰਨ ਲਈ ਯਤਨ ਜਾਰੀ ਰੱਖੋ।
374- ਸਿੰਘਾਂ ਅਤੇ ਸ਼ੇਰਾਂ ਅਗੇ ਜੋ ਅੜਿਆ ਸੋ ਝੜਿਆ।
375- ਸ਼ਰੀਕਾਂ ਦੇ ਪੁੱਤ ਭਾਈ ਨੀ ਬਣਦੇ, ਭਾਵੇਂ ਘੁੱਟ ਘੁੱਟ ਜਫੀਆਂ ਪਾਈਏ।
376- ਚੁਗਲਖੋਰ ‘ਤੇ ਚੋਰ ਕਦੇ ਮਿਤ ਨੀ ਬਣਦੇ ਭਾਵੇਂ ਘਰ ਬਿਠਾ ਬਿਠਾ ਖਵਾਈਏ।
377- ਅਜੇ ਘੜਾ ਸਮੇਂ ਦੇ ਸੱਚ ਦੀਆਂ ਗੱਲਾਂ ਦਾ ਭਰਿਆ ਨੀ, ਜਦ ਭਰ ਕੇ ਡੁੱਲੂ ਫਿਰ ਸੋਚਾਂਗੇ।
378- ਨਸ਼ਈ ਪਤੀ ਕਿਸੇ ਪਤਨੀ ਨੂੰ ਚੰਗਾ ਨਹੀਂ ਲਗਦਾ।
379- ਪਤਨੀ ਚਾਹੁੰਦੀ ਹੈ ਕਿ ਉਸ ਦਾ ਪਤੀ, ਉਸ ਨੂੰ ਕਦੇ ਕਦੇ ਰੁੱਸੀ ਨੂੰ ਵੀ ਮਨਾਵੇ।
380- ਕਈ ਪਤੀ ਭਾਵੇਂ ਜਿੰਨੇ ਮਰਜ਼ੀ ਖਰਚ ਕਰ ਦੇਣ, ਪਰ ਉਹ ਪਤਨੀ ਦੀਆਂ ਭਾਵਨਾਵਾਂ ਨਹੀਂ ਸਮਝਦੇ।
381- ਸੰਚਾਰ ਦੇ ਸਾਧਨਾਂ ਦੀ ਹੋਈ ਇਨਕਲਾਬੀ ਕਾਢ ਨੇ ਅੱਜ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ।
382- ਬੁਢਾਪੇ ਦੀ ਉਮਰੇ ਜਾ ਕੇ ਮਨੁੱਖ ਨੂੰ ਆਪਣਾ ਜੀਵਨ ਇਸ ਤਰੀਕੇ ਨਾਲ ਢਾਲ ਲੈਣਾ ਚਾਹੀਦਾ ਹੈ ਕਿ ਇਹ ਸਮਾਂ ਉਸ ਨੂੰ ਕਿਸੇ ਕਾਰਨ ਦੁੱਖ ਪਹੁੰਚਾਉਣ ਦਾ ਕਾਰਨ ਨਾ ਬਣੇ।
383- ਬੁਢਾਪੇ ‘ਤੇ ਜਾ ਕੇ ਆਮ ਕਰਕੇ ਸਭ ਤੋਂ ਵੱਧ ਦੁੱਖੀ ਕਰਨ ਵਾਲਾ ਮੌਤ ਦਾ ਡਰ ਹੈ।
384- ਮਨੁੱਖ ਦੇ ਵਿਚਾਰਾਂ ਵਿੱਚ ਕਿਸੇ ਵੀ ਤਰ੍ਹਾਂ ਬੁਢਾਪਾ ਭਾਰੂ ਨਹੀਂ ਹੋਣਾ ਚਾਹੀਦਾ ਜਿਹੜਾ ਮਨੁੱਖ ਨੂੰ ਮਾਨਸਿਕ ਰੂਪ ਵਿੱਚ ਕਮਜ਼ੋਰ ਕਰਦਾ ਹੈ।
385- ਬੁਢਾਪੇ ਦੇ ਦਿਨਾਂ ਵਿੱਚ ਜਵਾਨੀ ਵਰਗਾ ਜਜ਼ਬਾ ਕਾਇਮ ਰਹਿਣਾ ਚਾਹੀਦਾ ਹੈ।
386-ਬੁਢਾਪਾ ਮਨੁੱਖੀ ਜੀਵਨ ਦਾ ਢਲਦਾ ਪਹਿਰ ਹੈ।

(ਲੜੀਵਾਰ ਚਲਦਾ)

# ਭਾਰ ਤੋਲਕਾਂ ਦੀ ਨਰਸਰੀ- ਸਕੂਲ ਸਮਰਾਏ ਜੰਡਿਆਲਾ



ਪ੍ਰਿੰਸੀਪਲ ਮਲੂਕ ਚੰਦ ‘ਕਲੇਰ’
ਸਰੀ, ਬੀ. ਸੀ., ਕੈਨੇਡਾ
778-321-6139

25 ਜੂਨ, 2015 ਦੀ ਸਵੇਰ ਨੂੰ ਮੈਨੂੰ ਭਾਰਤ ਤੋਂ ਫੋਨ ਆਇਆ। ਉਸ ਵਕਤ ਮੈਂ ਆਪਣੀ ਸਵੇਰ ਦੀ ਚਾਹ ਦੀਆਂ ਹਲਕੀਆਂ-ਹਲਕੀਆਂ ਚੁਸਕੀਆਂ ਭਰ ਰਿਹਾ ਸੀ। ਫੋਨ ਅੰਤਰਰਾਸ਼ਟਰੀ ਕੋਚ ਹਰਮੇਸ਼ ਲਾਲ ਕੈਲੇ ਸਟੇਟ ਐਵਾਰਡੀ ਦਾ ਸੀ, ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਏ-ਜੰਡਿਆਲਾ, ਜਲੰਧਰ ਵਿਖੇ ਸਿਹਤ ਤੇ ਸਰੀਰਕ ਸਿੱਖਿਆ ਦੇ ਅਧਿਆਪਕ (ਡੀ. ਪੀ. ਈ.) ਹਨ। ਸ਼੍ਰੀ ਹਰਮੇਸ਼ ਲਾਲ ਨੇ ਖੇਡ ਸੰਸਾਰ ਖੇਤਰ ਵਿਚ ਸਮਰਾਏ-ਜੰਡਿਆਲਾ ਸਕੂਲ ਦੀ ਅਹਿਮ ਪ੍ਰਾਪਤੀ ਕਰਨ ਦੀ ਖੁਸ਼ਖਬਰੀ ਸਾਂਝੀ ਕੀਤੀ। ਇਹ ਖੁਸ਼ਖਬਰੀ ਵਾਲੀ ਖ਼ਬਰ 'ਪੰਜਾਬ ਦੀ ਆਵਾਜ਼ ਅਜੀਤ ਜਲੰਧਰ’ ਵਾਲੀ ਅਖ਼ਬਾਰ ਵਿਚ 25 ਜੂਨ, 2015 ਨੂੰ ਖੇਡ ਸੰਸਾਰ ਭਾਗ ਵਿਚ ਛਪੀ ਸੀ।

ਸਮਰਾਏ-ਜੰਡਿਆਲਾ ਸਕੂਲ ਫਗਵਾੜਾ ਤੋਂ ਨਕੋਦਰ ਨੂੰ ਜਾਣ ਵਾਲੇ ਹਾਈਵੇ ਉਪਰ ਸਥਿਤ ਹੈ। ਇਹ ਸਕੂਲ ਦੋ ਪਿੰਡਾਂ ਦੀ ਸਾਂਝੀ ਜ਼ਮੀਨ ਉਪਰ ਪ੍ਰਾਚੀਨ ਭਵਨ-ਕਲਾ ਦੇ ਨਮੂਨੇ ਵਾਲੀ ਆਲੀਸ਼ਾਨ ਇਮਾਰਤ ਵਜੋਂ ਉਸਰਿਆ ਹੋਇਆ ਹੈ। ਇਸੇ ਲਈ ਇਸ ਨੂੰ ਸਕੂਲ ਸਮਰਾਏ-ਜੰਡਿਆਲਾ ਅਤੇ ਖਾਲਸਾ ਸਕੂਲ ਵੀ ਕਹਿੰਦੇ ਹਨ। ਕਿਸੇ ਵੇਲੇ ਇਸ ਸਕੂਲ ਵਿਚ ਜੇ.ਬੀ.ਟੀ. ਦੀਆਂ ਕਲਾਸਾਂ ਵੀ ਲੱਗਦੀਆਂ ਰਹੀਆਂ ਹਨ। ਇਹ ਸਕੂਲ ਮੰਜਕੀ ਦੇ ਇਲਾਕੇ ਵਿਚ ਹੈ।

ਫੇਰ ਮੈਂ ਇੰਟਰਨੈੱਟ ਫਰੋਲਿਆ ਤੇ ਅਖ਼ਬਾਰ ‘ਪੰਜਾਬ ਦੀ ਆਵਾਜ਼ ਅਜੀਤ ਜਲੰਧਰ’ ਦਾ ਖੇਡ ਸੰਸਾਰ ਭਾਗ ਪੜ੍ਹਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਏ-ਜੰਡਿਆਲਾ, ਜਲੰਧਰ ਦਾ ਵਿਦਿਆਰਥੀ ਪ੍ਰਦੀਪ ਸਿੰਘ ਵੇਟ ਲਿਫਟਰ (ਭਾਰ ਤੋਲਕ) ਇਸੇ ਮਹੀਨੇ ਪੋਲੈਂਡ ਵਿਖੇ ਹੋਈ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ ਭਾਰਤ ਵੱਲੋਂ ਨੁਮਾਇੰਦਗੀ ਕਰਨ ’ਤੇ 4 ਨਵੇਂ ਕੌਮੀ ਰਿਕਾਰਡ ਨਾਲ ਸੋਨ ਤਮਗਾ ਜਿੱਤਿਆ ਤੇ ਸਕੂਲ, ਜ਼ਿਲ੍ਹਾ ਜਲੰਧਰ, ਪੰਜਾਬ ਤੇ ਭਾਰਤ ਦਾ ਨਾਂਅ ਰੌਸ਼ਨ ਕੀਤਾ।

ਇਸ ਅਹਿਮ ਪ੍ਰਾਪਤੀ ਕਰਨ ’ਤੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਵੀ 24 ਜੂਨ, 2015 ਨੂੰ ਚੰਡੀਗੜ੍ਹ ਵਿਖੇ ਇਕ ਵਧੀਆ ਉਪਰਾਲਾ ਕੀਤਾ ਗਿਆ। ਸੋਨ ਤਮਗਾ ਜਿੱਤਣ ਵਾਲੇ ਸਮਰਾਏ-ਜੰਡਿਆਲਾ ਸਕੂਲ ਦੇ ਵਿਦਿਆਰਥੀ ਵੇਟ ਲਿਫਟਰ ਪ੍ਰਦੀਪ ਸਿੰਘ ਕੋਚ ਹਰਮੇਸ਼ ਲਾਲ ਕੈਲੇ, ਲਖਵੀਰ ਲਾਲ ਤੇ ਸਕੂਲ ਦੇ ਅਧਿਆਪਕਾਂ ਨੂੰ ਵੀ ਇਕ ਭਰਵੇਂ, ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਵਿਚ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਡਾ. ਦਲਜੀਤ ਸਿੰਘ 'ਚੀਮਾ’ ਮਾਣਯੋਗ ਸਿੱਖਿਆ ਮੰਤਰੀ ਪੰਜਾਬ ਨੇ ਦਿੱਤਾ। ਇਸ ਸਨਮਾਨ ਸਮਾਰੋਹ ਵਿਚ ਸ. ਬਲਬੀਰ ਸਿੰਘ ‘ਢੋਲ’ ਡੀ.ਪੀ. ਆਈ. (ਸੈਕੰਡਰੀ) ਤੇ ਸ. ਸਰਬਜੀਤ ਸਿੰਘ ਤੂਰ ਡਿਪਟੀ ਡਾਇਰੈਕਟਰ (ਖੇਡਾਂ) ਨੇ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਪੰਜਾਬ ਨੂੰ ਕੌਮੀ ਸਕੂਲ ਖੇਡਾਂ ਲਈ ਸਰਵੋਤਮ ਮੇਜ਼ਬਾਨੀ ਲਈ ਦਿੱਤੀ ਗਈ ਟਰਾਫੀ ਤੇ ਕੌਮੀ ਸਕੂਲ ਖੇਡਾਂ ਦੀ ਤਮਗਾ ਸੂਚੀ ਵਿਚ ਪੰਜਾਬ ਨੂੰ ਤੀਜੇ ਸਥਾਨ ’ਤੇ ਰਹਿਣ ਸਦਕਾ ਮਿਲੀ ਟਰਾਫੀ ਵੀ ਮਾਣਯੋਗ ਸਿੱਖਿਆ ਮੰਤਰੀ ਪੰਜਾਬ ਡਾ. ਦਲਜੀਤ ਸਿੰਘ ਚੀਮਾ ਨੂੰ ਭੇਂਟ ਕੀਤੀ।



ਖੇਡ ਸੰਸਾਰ ਦੇ ਖੇਤਰ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਏ-ਜੰਡਿਆਲਾ, ਜਲੰਧਰ ਦੀ ਵਿਸ਼ਵ ਪੱਧਰੀ ਪ੍ਰਾਪਤੀ ਹੋਣ ’ਤੇ ਮੇਰੇ ਲਈ ਇਹ ਹੋਰ ਵੀ ਖੁਸ਼ੀ ਦੀ ਗੱਲ ਹੈ, ਕਿਉਂਕਿ ਮੈਂ ਇਸੇ ਸਕੂਲ ਵਿਚ ਸਾਲ 1966 ਵਿਚ ਛੇਵੀਂ ਜਮਾਤ ਵਿਚ ਦਾਖਲਾ ਲਿਆ ਸੀ ਅਤੇ ਸਾਲ 1971 ਵਿਚ ਮੈਟ੍ਰਿਕ ਪਾਸ ਕੀਤੀ ਸੀ। ਉਸ ਵਕਤ ਇਹ ਸਕੂਲ ਪੜ੍ਹਾਈ ਤੋਂ ਇਲਾਵਾ ਹਾਕੀ ਦੀ ਖੇਡ ਕਰਕੇ ਵੀ ਮਸ਼ਹੂਰ ਸੀ।

ਸਮਰਾਏ-ਜੰਡਿਆਲਾ ਸਕੂਲ ਨੇ ਜਿਥੇ ਪ੍ਰਦੀਪ ਸਿੰਘ ਵੇਟ ਲਿਫਟਰ ਖਿਡਾਰੀ ਪੈਦਾ ਕੀਤੇ ਹਨ, ਉਥੇ ਰਾਜਨੀਤਿਕ ਖੇਤਰ ਵਿਚ ਪ੍ਰਮੁੱਖ ਸ਼ਖਸੀਅਤਾਂ ਦੇ ਨਾਂਅ ਵੀ ਇਸ ਸਕੂਲ ਦੇ ਹਾਜ਼ਰੀ ਰਜਿਸਟਰਾਂ ਵਿਚ ਦਰਜ ਹਨ, ਜਿਨ੍ਹਾਂ ਵਿਚ ਸਵ. ਦਰਬਾਰਾ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਸ. ਅਮਰਜੀਤ ਸਿੰਘ 'ਸਮਰਾ’ ਸਾਬਕਾ ਮੰਤਰੀ ਪੰਜਾਬ ਆਦਿ ਤੋਂ ਇਲਾਵਾ ਸ਼੍ਰੀ ਖੁਸ਼ੀ ਰਾਮ ਸੇਵਾ ਮੁਕਤ ਡਿਪਟੀ ਸੈਕਟਰੀ ਜੂਨੀਅਰ ਪਬਲਿਕ ਸਰਵਿਸਸ ਕਮਿਸ਼ਨ ਭਾਰਤ ਸਰਕਾਰ ਜੋ ਕਿ ਅੱਜਕੱਲ੍ਹ ਵੈਨਕੂਵਰ, ਕੈਨੇਡਾ ਰਹਿ ਰਹੇ ਹਨ। ਸ਼੍ਰੀ ਖੁਸ਼ੀ ਰਾਮ ਸਮਰਾਏ-ਜੰਡਿਆਲਾ ਸਕੂਲ ਵਿਚ ਵਿਦਿਆਰਥੀ ਸਮੇਂ ਰੱਸਾ-ਕਸ਼ੀ ਟੀਮ ਦਾ ਮੈਂਬਰ ਸੀ। ਉਨ੍ਹਾਂ ਦੇ ਦੱਸਣ ਮੁਤਾਬਕ ਉਨ੍ਹਾਂ ਦੀ ਰੱਸਾ-ਕੱਸ਼ੀ ਟੀਮ ਸੰਨ 1941 ਵਿਚ ਜ਼ਿਲ੍ਹਾ ਜਲੰਧਰ ’ਚੋਂ ਜੇਤੂ ਰਹੀ ਸੀ। ਸ਼੍ਰੀ ਖੁਸ਼ੀ ਰਾਮ ਨੇ ਇਸੇ ਸਕੂਲ ਤੋਂ 1942 ਵਿਚ ਮੈਟ੍ਰਿਕ ਪਾਸ ਕੀਤੀ ਸੀ। ਆਪ ਅਣਵੰਡੇ ਪੰਜਾਬ ਸਮੇਂ ਪੰਜਾਬ ਯੂਨੀਵਰਸਿਟੀ ਲਾਹੌਰ ’ਚੋਂ 70ਵੇਂ ਨੰਬਰ ’ਤੇ ਆਏ ਸਨ। ਸ਼੍ਰੀ ਖੁਸ਼ੀ ਰਾਮ ਦਾ ਪਿਛੋਕੜ ਪਿੰਡ ਸੈਨਾਬਾਦ, ਨਕੋਦਰ ਹੈ।

ਟੀਚਿੰਗ ਪ੍ਰੋਫੈਸ਼ਨ ਵਿਚ ਮਿਸ਼ਨਰੀ ਸਪਿਰਟ ਨਾਲ ਕੰਮ ਕਰਨ ਵਾਲਿਆਂ ਦੀ ਲੋੜ ਹੈ। ਮਿਸ਼ਨਰੀ ਸਪਿਰਟ (ਜਜ਼ਬਾ) ਵਾਲਾ ਅਧਿਆਪਕ ਅੰਤਰਰਾਸ਼ਟਰੀ ਕੋਚ ਹਰਮੇਸ਼ ਲਾਲ ਕੈਲੇ ਖੇਡ ਜਗਤ ਵਿਚ ਬਣਦੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਉਣ ਲਈ ਚੱਤੇ ਪਹਿਰ ਪੱਬਾਂ ਭਾਰ ਰਹਿੰਦਾ ਹੈ। ਮੇਰਾ ਵੀ ਖਾਸ ਦੋਸਤ ਹੈ। ਬੁੱਤ ਤਰਾਸ਼ ਵੀ ਹੈ। ਕਲਾਤਮਿਕ ਤੇ ਰਚਨਾਤਮਿਕ ਰੁਚੀਆਂ ਵਾਲਾ ਟੀਚਰ ਹੈ।

ਖੇਡ ਵਿਭਾਗ ਪੰਜਾਬ ਵੱਲੋਂ ਸਮਰਾਏ ਜੰਡਿਆਲਾ ਸਕੂਲ ਵਿਚ ਵੇਟ ਲਿਫਟਿੰਗ ਦਾ ਵਿੰਗ ਚੱਲ ਰਿਹਾ ਹੈ। ਭਾਰ ਤੋਲਕਾਂ ਦੀ ਚੱਲ ਰਹੀ ਇਸ ਨਰਸਰੀ ਵਿਚੋਂ ਹੀ ਵੇਟ ਲਿਫਟਰ ਪ੍ਰਦੀਪ ਸਿੰਘ ਵਰਗੇ ਹੋਰ ਵੀ ਪੌਦੇ ਕੌਮਾਂਤਰੀ ਪੱਧਰ ਦੇ ਸੰਘਣੀ ਤੇ ਮਿੱਠੀ ਛਾਂ ਵਾਲੇ ਕੱਦਾਵਾਰ ਰੁੱਖ ਭਵਿੱਖ ਵਿਚ ਜ਼ਰੂਰ ਬਣਨਗੇ।

ਅੰਤ ਵਿਚ ਮੈਂ ਅਦਾਰਾ ‘ਸੱਚ ਦੀ ਆਵਾਜ਼’ ਅਖ਼ਬਾਰ ਅਤੇ ਇਸ ਦੇ ਸਮੂਹ ਪਾਠਕਾਂ ਵੱਲੋਂ ਵੇਟ ਲਿਫਟਰ ਪ੍ਰਦੀਪ ਸਿੰਘ, ਕੋਚ ਹਰਮੇਸ਼ ਲਾਲ ਕੈਲੇ ਡੀ.ਪੀ. ਈ., ਸਕੂਲ ਦੇ ਪ੍ਰਿੰ. ਰਤਨ ਲਾਲ, ਸਕੂਲ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦੇਣੀ ਚਾਹਾਂਗਾ, ਜਿਨ੍ਹਾਂ ਨੇ ਪੰਜਾਬ ਭਰ ਦੇ ਸਰਕਾਰੀ ਸਕੂਲ ਦਾ ਮਾਣ ਵੀ ਵਧਾਇਆ ਹੈ।

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ
ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD
ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# ਖੋਖਰ ਯੂਥ ਅਕਾਲੀ ਦਲ ਮਾਲਵਾ ਜੋਨ 3 ਦੇ ਦਫਤਰ ਸਕੱਤਰ ਨਿਯੁਕਤ



ਲੁਧਿਆਣਾ- ਸ੍ਰੀ ਰਾਕੇਸ਼ ਕੁਮਾਰ ਖੋਖਰ ਜੋ ਕਿ ਯੂਥ ਅਕਾਲੀ ਦਲ ਅਤੇ ਪਾਰਟੀ ਨਾਲ ਪਿਛਲੇ ਲੰਮੇ ਸਮੇਂ ਤੋਂ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰ ਰਹੇ ਹਨ, ਇਹਨਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਇਹਨਾਂ ਨੂੰ ਯੂਥ ਅਕਾਲੀ ਦਲ ਮਾਲਵਾ ਜੋਨ 3 ਦਾ ਦਫਤਰ ਸਕੱਤਰ ਨਿਯੁਕਤ ਕੀਤਾ ਗਿਆ ਹੈ।







ਪਿਛਲੇ ਦਿਨੀਂ (ਜੂਨ-ਜੁਲਾਈ ਮਹੀਨੇ ਦਰਮਿਆਨ) ਡਾ. ਮੋਹਨ ਤਿਆਗੀ ਕੈਲੇਫੋਰਨੀਆ ਦੇ ਦੌਰੇ ਤੇ ਸਨ। ਇਸ ਦੌਰੇ ਦੇ ਅਖੀਰ ਵਿਚ 12 ਜੁਲਾਈ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੁੰਦੇ ਹੋਏ ਗੁਰੂ ਘਰ ਦੀ ਕਮੇਟੀ ਅਤੇ ਸੰਗਤਾਂ ਦੇ ਨਾਲ ਮਹਾਂਪੁਰਸ਼ਾਂ ਦੇ ਪ੍ਰਤੀ ਆਪਣੇ ਵਿਚਾਰ ਰੱਖੇ। ਕਮੇਟੀ ਵੱਲੋਂ ਡਾ. ਮੋਹਨ ਸਿੰਘ ਤਿਆਗੀ ਅਤੇ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੂੰ ਸਿਰੋਪੇ ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਨਾਲ ਇਸ ਮੌਕੇ ਗੁਰੂ ਘਰ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਕਮੇਟੀ ਮੈਂਬਰ ਸਰਵ ਸ੍ਰੀ ਰਾਮਸੇਵਕ ਭਾਟੀਆ, ਦਲਵਿੰਦਰ ਰੱਲ੍ਹ, ਦਿਆਲ ਰਾਮ ਨਰ, ਰਮੇਸ਼ ਬੰਗੜ, ਹਰਬੰਸ ਸਿੰਘ ਢਿੱਲੋਂ (ਜਗਿਆਸੂ) ਅਤੇ ਗੁਰਦੀਪ ਸਿੰਘ ਹੀਰਾ ਆਦਿ ਦਿਖਾਈ ਦੇ ਰਹੇ ਹਨ।


Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।



Bhajji Gill (510-277-6315), Chain Gill 510-542-1181

42400 Boyce Rd., Unite F, Fremont, CA 94538

Truck, Trailer Repair & Tyre Servicse







ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਅਤੇ ਉਹਨਾਂ ਦੇ ਨਾਲ ਪਿਛਲੇ ਦਿਨੀਂ ਪ੍ਰਸਿੱਧ ਅਟਾਰਨੀ ਸ. ਜਸਜੀਤ ਸਿੰਘ ਸਪੁੱਤਰ ਸ: ਮੇਵਾ ਸਿੰਘ (ਰਿਟਾਇਰਡ ਜਸਟਿਸ) ਦੇ ਗ੍ਰਹਿ ਵਿਖੇ ਪਧਾਰੇ। ਇਸ ਮੌਕੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸ. ਦਰਸ਼ਨ ਸਿੰਘ ਮੁੰਡੀ, ਸ. ਜਸਇੰਦਰ ਸਿੰਘ (ਕੇਨੀ) ਵਿਰਕ ਅਤੇ ਕੁਲਵੰਤ ਸਿੰਘ ਅਟਵਾਲ। (ਦੇਸ਼ ਦੁਆਬਾ) ਪ੍ਰੇਮ ਕੁਮਾਰ ਚੁੰਬਰ ਦੁਆਰਾ ਲਈਆਂ ਗਈਆਂ ਦੋ ਯਾਦਗਾਰੀ ਤਸਵੀਰਾਂ।

# ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਗਿਆਨੀ ਕਰਤਾਰ ਸਿੰਘ ਅਤੇ ਸ.ਕਾਬਲ ਸਿੰਘ ਨੂੰ ਸਮਰਪਿਤ ਸੈਮੀਨਾਰ ਆਯੋਜਿਤ

## ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਉਨ੍ਹਾਂ ਨੂੰ ਰੋਲ ਮਾਡਲ ਮੰਨ ਕੇ ਚੱਲਣ ਦੀ ਕੀਤੀ ਅਪੀਲ, ਮੋਦੀ ਨਾਲ਼ ਵੀ ਪੰਗਾ ਪੈਣਾ ਈ ਪੈਣਾ- ਬੈਂਸ


















**(ਦੇਸ਼ ਦੁਆਬਾ ਬਿਓਰੋ)**

ਯੂਬਾ ਸਿਟੀ ਦੇ ਵਾਲਟਨ ਕਮਿਊਨਿਟੀ ਸੈਂਟਰ ਵਿੱਚ ਪੰਥ ਦੀਆਂ ਮਹਾਨ ਸਖ਼ਸ਼ੀਅਤਾਂ ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਅਮਰੀਕਾ ਦੇ ਅਤੇ ਪੰਜਾਬ ਤੋਂ ਆਏ ਬੁਲਾਰਿਆਂ ਨੇ ਭਾਗ ਲਿਆ। ਬੁਲਾਰਿਆਂ ਵਲੋਂ ਦੋਵਾਂ ਸਖ਼ਸ਼ੀਅਤਾਂ ਦੇ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਗਿਆਨੀ ਕਰਤਾਰ ਸਿੰਘ ਧਾਰਮਿਕ ਲਹਿਰਾਂ ਦੇ ਮੋਢੀ ਪਿੰਡ ਨਾਗੋਕੇ ਨਾਲ਼ ਸਬੰਧ ਰੱਖਦੇ ਸਨ। ਉਸ ਸਮੇਂ ਦੇ ਗਿਆਨੀ ਪਾਸ ਗਿਆਨੀ ਕਰਤਾਰ ਸਿੰਘ ਧਾਰਮਿਕ ਰੁਚੀਆਂ ਵਾਲੇ ਸਨ। ਉਨ੍ਹਾਂ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਸਿੱਖ ਮਿਸ਼ਨਰੀ ਦਾ ਕੋਰਸ ਵੀ ਪ੍ਰਾਪਤ ਸਨ।ਉਨ੍ਹਾਂ ਨੇ ਪੰਥ ਦੀਆਂ ਲਹਿਰਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰਦੁਆਰੇ ਅਜ਼ਾਦ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਇਆ। ਗਿਆਨੀ ਜੀ 1945 ਤੋਂ 1948 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ। ਗਿਆਨੀ ਜੀ ਅਜ਼ਾਦੀ ਤੋਂ ਪਹਿਲਾਂ ਐੱਮ. ਐੱਲ. ਏ. ਬਣੇ ਅਤੇ ਬਾਅਦ ਅਜ਼ਾਦ ਭਾਰਤ ਦੇ ਪੰਜਾਬ ਦੇ ਪਹਿਲੇ ਮਾਲ ਮੰਤਰੀ ਵੀ ਬਣੇ। ਸ. ਕਾਬਲ ਸਿੰਘ ਨਿੱਘੇ ਸੁਭਾਅ ਦੇ ਮਾਲਕ ਸਨ। ਉਹ ਪੰਥ ਦੇ ਅਨਿਨ ਸੇਵਾਦਾਰ ਸਨ। ਉਨ੍ਹਾਂ ਨੇ ਵੀ ਆਪਣੇ ਜੀਵਨ ਵਿਚ ਸਿੱਖ ਸੰਘਰਸ਼ਾਂ ਵਿਚ ਯੋਗਦਾਨ ਪਾਇਆ। ਸਿਆਸੀ ਸਫਾਂ ਵਿੱਚ ਵੀ ਉੱਚ ਸਖ਼ਸ਼ੀਅਤ ਸਨ। ਉਹ ਆਪਣੇ ਜੀਵਨ ਕਾਲ ਦੌਰਾਨ ਅਮਰੀਕਾ ਵੀ ਕਈ ਵਾਰ ਆਏ ਸਨ। ਉਨ੍ਹਾਂ ਦਾ ਪਰਿਵਾਰ ਅਮਰੀਕਾ ਵਿਚ ਹੀ ਵਸਿਆ ਹੋਇਆ ਹੈ। ਇਸ ਮੌਕੇ ਪ੍ਰੋ: ਮੁਖਤਾਰ ਸਿੰਘ ਗਿੱਲ, ਗੁਰਚਰਨ ਸਿੰਘ ਚੰਨੀ, ਪੰਜਾਬ ਤੋਂ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਅਤੇ ਅਮਰੀਕਾ ਦੇ ਪ੍ਰਸਿੱਧ ਕਾਰੋਬਾਰੀ ਅਤੇ ਪੰਥਕ ਸਖ਼ਸ਼ੀਅਤ ਸ. ਦੀਦਾਰ ਸਿੰਘ ਬੈਂਸ ਹੋਰਾਂ ਸੰਬੋਧਨ ਕੀਤਾ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਗਿਆਨੀ ਕਰਤਾਰ ਸਿੰਘ ਅਤੇ ਗਿਆਨੀ ਕਾਬਲ ਸਿੰਘ ਸਾਡੇ ਸਭ ਦੇ ਰੋਲ ਮਾਡਲ ਹਨ , ਉਨ੍ਹਾਂ ਦੀ ਘਾਲਣਾ, ਸ਼੍ਰੋਮਣੀ ਅਕਾਲੀ ਦਲ ਨੂੰ ਜੋ ਦੇਣ ਹੈ ਉਹ ਬਹੁਤ ਅਨਮੋਲ ਤੇ ਵਡਮੁੱਲੀ ਹੈ। ਉਨ੍ਹਾਂ ਦੀ ਸਾਦਗੀ , ਇਮਾਨਦਾਰੀ ਅਤੇ ਰਾਜਨੀਤੀ ਦੀ ਅਸਲ ਅਰਥਾਂ ਵਿੱਚ ਕੀਤੀ ਪਹਿਰੇਦਾਰੀ ਵਿਲੱਖਣ ਹੈ। ਹੁਣ ਦੀ ਰਾਜਨੀਤੀ ਵਿੱਚ ਗਿਰਾਵਟ ਆ ਗਈ ਹੈ। ਰਾਜਨੀਤੀ ਸਿਰਫ ਸੇਵਾ ਕਰਨ ਦਾ ਨਾਂ ਸੀ ਪਰ ਹੁਣ ਲੋਕ ਹੋਰ ਮਕਸਦ ਲਈ ਆਉਂਦੇ ਹਨ। ਹੁਣ ਤਾਂ ਆਮ ਤੌਰ ਤੇ ਝੂਠ ਬੋਲਣ ਅਤੇ ਧੋਖਾ ਦੇਣ ਨੂੰ ਹੀ ਰਾਜਨੀਤੀ ਸਮਝਿਆ ਜਾਣ ਲੱਗਾ ਹੈ। ਜੋ ਇਸ ਦੇ ਨਿਘਾਰ ਵੱਲ ਇਸ਼ਾਰਾ ਕਰਦਾ ਹੈ। ਦੋਵਾਂ ਸਖ਼ਸ਼ੀਅਤਾਂ ਨੇ ਜੋ ਰਾਜਨੀਤੀ ਵਿੱਚ ਜੋ ਨਾਂ ਕਮਾਇਆ ਹੈ ਉਸ ਤੋਂ ਕੁਝ ਸਿੱਖਣ ਦੀ ਲੋੜ ਹੈ। ਹੁਣ ਦੇ ਪ੍ਰਚਾਰਕ ਸਮਾਜ ਸੁਧਾਰ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਖੁਦ ਉਹ ਅਮਲ ਤੋਂ ਵਾਂਝੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਨਯੋਗ ਸਖਸ਼ੀਅਤਾਂ ਸਬੰਧੀ ਇਸ ਤਰ੍ਹਾਂ ਦੇ ਸਮਾਗਮ ਨਵੀਂ ਪੀੜ੍ਹੀ ਵਾਸਤੇ ਲਾਹੇਵੰਦ ਸਾਬਤ ਹੋ ਸਕਦੇ ਹਨ।

ਪ੍ਰੋ: ਚੰਦੂਮਾਜਰਾ ਨੇ ਗਿਆਨੀ ਕਾਬਲ ਸਿੰਘ ਦੀ ਸਖ਼ਸ਼ੀਅਤ ਬਾਰੇ ਦੱਸਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੌਜੂਦਾ ਚੋਣ ਨਿਸ਼ਾਨ ਤੱਕੜੀ ਗਿਆਨੀ ਜੀ ਦੇ ਦਸਤਖ਼ਤਾਂ ਕਰਕੇ ਮਿਲਿਆ ਸੀ। ਉਨ੍ਹਾਂ ਕਿਹਾ ਕਿ ਜੋ ਰਾਜ ਭਾਗ ਆਪਣਾ ਹੈ ਉਹ ਆਪਣਾ ਹੀ ਹੁੰਦਾ ਹੈ ਅਤੇ ਬੇਗਾਨਾ ਬੇਗਾਨਾ ਹੀ ਹੁੰਦਾ ਹੈ।

ਉਨ੍ਹਾਂ ਵਿਦੇਸ਼ੀ ਧਰਤੀ ਤੇ ਆਪਣੀ ਅਤੇ ਪੰਥਕ ਰਾਜਨੀਤੀ ਦੀ ਧਾਂਕ ਜਮਾਉਣ ਵਾਲੀ ਸ਼ਖ਼ਸ਼ੀਅਤ ਸ. ਦੀਦਾਰ ਸਿੰਘ ਬੈਂਸ ਨੂੰ ਪੰਥ ਪ੍ਰਸਤ ਦੱਸਦਿਆਂ ਕਿਹਾ ਕਿ ਜੋ ਕੰਮ ਉਨ੍ਹਾਂ ਨੇ ਮੋਢੀ ਤੇ ਤੌਰ ਤੇ ਕੀਤਾ ਉਹ ਸਦਾ ਯਾਦ ਰੱਖਣ ਯੋਗ ਹੈ। ਪ੍ਰੋ:ਚੰਦੂਮਾਜਰਾ ਨੇ ਆਪਣੇ ਮੈਂਬਰ ਪਾਰਲੀਮੈਂਟ ਬਣਨ ਤੇ ਸਭ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਸੈਮੀਨਾਰ ਵਿਚ ਸ਼ਾਮਲ ਵਿਚਾਰਕਾਂ ਤੇ ਬੁਲਾਰਿਆਂ ਅਤੇ ਦੋਵਾਂ ਸਖ਼ਸ਼ੀਅਤਾਂ ਦੇ ਨੇੜੇ ਦੇ ਸਬੰਧੀਆਂ ਦਾ ਨੂੰ ਸਨਮਾਨਤ ਕੀਤਾ ਗਿਆ। ਗਿਆਨੀ ਕਾਬਲ ਸਿੰਘ ਜੀ ਦੀ ਧਰਮ ਪਤਨੀ ਗੁਰਮੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਗਿਆਨੀ ਕਰਤਾਰ ਸਿੰਘ ਨਜ਼ਦੀਕੀ ਰਿਸ਼ਤੇਦਾਰ ਸ. ਬਲਦੇਵ ਸਿੰਘ, ਜਥੇਦਾਰ ਤੇਜਾ ਸਿੰਘ ਅਤਰਪੁਰੀ ਦੇ ਪੋਤਰੇ ਅਵਤਾਰ ਸਿੰਘ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਪ੍ਰੋ: ਮੁਖਤਾਰ ਸਿੰਘ ਗਿੱਲ, ਮਾਸਟਰ ਗੁਰਦਿੱਤ ਸਿੰਘ ਜਲਵੇਹੜਾ ਦੇ ਪੁੱਤਰ ਅਵਤਾਰ ਸਿੰਘ ਦਿਓਲ, ਜ਼ਿਲ੍ਹਾ ਯੋਜਨਾ ਬੋਰਡ ਜਲੰਧਰ ਦੇ ਚੇਅਰਮੈਨ ਗੁਰਚਰਨ ਸਿੰਘ ਚੰਨੀ, ਦਿਲਬਾਗ ਸਿੰਘ ਬੈਂਸ, ਜਸਪ੍ਰੀਤ ਸਿੰਘ ਐਟਾਰਨੀ, ਪੰਡਤ ਲਾਹੌਰੀ ਰਾਮ ਟੂਟੋਮਜਾਰਾ ਦੇ ਪੋਤਰੇ ਜਨਕ ਰਾਜ ਸਿਧਰਾ ਅਤੇ ਹੋਰ ਸਖ਼ਸ਼ੀਅਤਾਂ ਦਾ ਪ੍ਰਬੰਧਕਾਂ ਵਲੋਂ ਸਨਮਾਨ ਕੀਤਾ ਗਿਆ। ਸੈਮੀਨਾਰ ਦੀ ਪ੍ਰੈਸ ਕਵਰੇਜ ਲਈ ਪੁੱਜੇ ਪੱਤਰਕਾਰਾਂ ਅਜੀਤ ਦੇ ਹੁਸਨ ਲੜੋਆ, ਪਰਦੇਸ਼ ਟਾਇਮਜ਼ ਦੇ ਰਣਜੀਤ ਸਿੰਘ ਕੰਦੋਲਾ, ਦੇਸ਼ ਦੁਆਬਾ ਦੇ ਮੁੱਖ ਸੰਪਾਦਕਗਲੋਬਲ ਪੰਜਾਬ ਟੀ.ਵੀ.ਦੇ ਜਗਦੇਵ ਸਿੰਘ ਭੰਡਾਲ, ਖੁਸ਼ਬੂ ਪੰਜਾਬ ਦੇ ਇੰਦਰਜੀਤ ਸਿੰਘ ਰੰਧਾਵਾ ਦਾ ਮਾਣ ਸਨਮਾਨ ਕੀਤਾ ਗਿਆ।

ਸੈਮੀਨਾਰ ਦੇ ਅੰਤ ਵਿਚ ਸੀਨੀਅਰ ਤੇ ਬਜ਼ੁਰਗ ਆਗੂ ਸ. ਦੀਦਾਰ ਸਿੰਘ ਬੈਂਸ ਨੇ ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ, ਅਕਾਲੀ ਦਲ ਅਤੇ ਯੂਥ ਵਿੰਗ ਦੇ ਆਗੂਆਂ, ਮਹਿਮਾਨਾਂ ਅਤੇ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਦੇ ਇੱਥੇ ਪੁੱਜਣ ਦੀ ਬੜੀ ਖ਼ੁਸ਼ੀ ਹੋਈ ਹੈ। ਉਨ੍ਹਾਂ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਨਾਲ ਆਪਣਾ ਰਾਬਤਾ ਬਣਾਈ ਰੱਖਣ ਦੀ ਲੋੜ ਹੈ ਨਾ ਕਿ ਉੱਥੋਂ ਦੇ ਹਾਲਾਤਾਂ ਤੋਂ ਘਬਰਾਉਣ ਦੀ ਕਿਉਂਕਿ ਸਮਾਂ ਬਦਲ ਰਿਹਾ ਹੈ ਸਭ ਠੀਕ ਹੋ ਜਾਏਗਾ। ਸਾਨੂੰ ਸਿਰਫ ਚੜ੍ਹਦੀ ਕਲਾ ਵਿੱਚ ਰਹਿਣ ਦੀ ਲੋੜ ਹੈ। ਉਨ੍ਹਾਂ ਨੇ ਸਿੱਖਾਂ ਨਾਲ ਵਿਤਕਰਾ ਕਰਨ ਵਾਲੀਆਂ ਦੇਸ਼ ਦੀਆਂ ਪ੍ਰਮੁੱਖ ਪਾਰਟੀਆਂ ਨੂੰ ਬਰਾਬਰ ਦੀਆਂ ਜਿਮੇਂਵਾਰ ਠਹਿਰਾਉਂਦੇ ਹੋਏ ਸੁਚੇਤ ਹੋ ਕੇ ਚੱਲਣ ਲਈ ਵੀ ਕਿਹਾ। ਲਗਦਾ ਹੈ ਕਿ ਅਮਰੀਕਾ ਦੇ ਨਾਮਵਰ ਧਨਾਢ, ਕਿਸਾਨ ਅਤੇ ਬਜ਼ੁਰਗ ਸਿੱਖ ਲੀਡਰ ਨੇ ਬੜੀਆਂ ਗੁੱਝੀਆਂ ਰੁੱਝੀਆਂ ਸਿਆਸੀ ਰਮਜਾਂ ਨੂੰ ਸਮਝਦਿਆਂ ਸਿੱਖ ਕੌਮ ਨਾਲ਼ ਹਮਦਰਦੀ ਪ੍ਰਗਟਾਉਂਦੇ ਹੋਏ ਅਤੇ ਆਗਾਮੀ ਚੁਣੌਤੀਆਂ ਨੂੰ ਮੁੱਖ ਰੱਖਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਕਾਂਗਰਸ ਪਾਰਟੀ ਭਾਰੂ ਸੀ ਉਹ ਪਰਮਾਤਮਾ ਨੇ ਖਤਮ ਕੀਤੀ ਹੈ ਉਸ ਦਾ ਨਾਂ ਵੀ ਮੁੱਕ ਗਿਆ। ਇਸੇ ਤਰ੍ਹਾਂ ਨਰਿੰਦਰ ਮੋਦੀ ਨਾਲ਼ ਵੀ ਪੰਗਾ ਪੈਣਾ ਈ ਪੈਣਾ ਆ। ਅਸੀਂ ਤਿਆਰ ਬੈਠੇ ਹਾਂ ਉਨ੍ਹਾਂ ਨਾਲ ਵੀ ਦੋ ਦੋ ਹੱਥ ਕਰਨ ਲਈ। ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਆਪਣੀ ਕਿਤਾਬ ਵਿੱਚ ਕਿਹਾ ਕਿ ਅਸੀਂ ਇੰਦਰਾ ਗਾਂਧੀ ਤੋਂ ਦਰਬਾਰ ਸਾਹਿਬ ਤੇ ਅਟੈਕ ਕਰਵਾਇਆ। ਅਸੀਂ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਤੇ ਯਕੀਨ ਨਹੀਂ ਕਰ ਸਕਦੇ। ਬਾਕੀ ਭਾਰਤ ਦੇ ਸਾਡੇ ਆਗੂਆਂ ਨੂੰ ਪਤਾ ਹੋਊ ਕਿ ਕਿਹੜੀ ਪਾਰਟੀ ਉਨ੍ਹਾਂ ਲਈ ਚੰਗੀ ਹੈ ਪਰ ਅਸੀਂ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਇੱਕੋ ਜਿਹੀ ਸੋਚ ਅਤੇ ਵਿਚਾਰਧਾਰਾ ਦੀਆਂ ਹਨ।

ਸ. ਬੈਂਸ ਨੇ ਗਿਆਨੀ ਕਾਬਲ ਸਿੰਘ ਜੀ ਦੀ ਧਰਮ ਪਤਨੀ ਬੀਬੀ ਗੁਰਮੀਤ ਕੌਰ ਦਾ ਵਿਸ਼ੇਸ਼ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਾਰੀ ਉਮਰ ਗਿਆਨੀ ਜੀ ਦਾ ਸੁਚੱਜਾ ਸਾਥ ਨਿਭਾਉਂਦੇ ਹੋਏ ਤਨਦੇਹੀ ਨਾਲ ਸਾਥ ਨਿਭਾਇਆ। ਇਸ ਸੈਮੀਨਾਰ ਵਿੱਚ ਸਟੇਜ ਸੰਚਾਲਕ ਦੀ ਜਿਮੇਂਵਾਰੀ ਨਰਿੰਦਰਪਾਲ ਸਿੰਘ ਹੁੰਦਲ ਨੇ ਨਿਭਾਈ ਅਤੇ ਆਗੂਆਂ, ਹਾਜ਼ਰ ਲੋਕਾਂ ਅਤੇ ਪੱਤਰਕਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵੱਲੋਂ ਤੀਸਰਾ ਮਹਾਨ ਨਗਰ ਕੀਰਤਨ ਅਮਿੱਟ ਛਾਪ ਛੱਡ ਗਿਆ


































# Grant Line Insurance Agency, Inc.

## DBA Sky High Insurance Agency

### One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

# 209-263-0860

3244 W. Grant Line Rd., Tracy, CA 95304

Email: nfo@skyhighinsuranceagency.com
Website: www.skyhighinsuranceagency.com



ਮਨਦੀਪ ਥਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**Buy Quality Used Trucks**

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।



## Call : Dharminder Singh

Cell : 530-870-6600
Fax : 530-405-1429



Email: myfuturetruck@gmail.com

## 2535 Front St. West Sacramento, CA 95691

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਪੁਰਬ 'ਤੇ ਵਿਸ਼ੇਸ਼

# 'ਜਿਤੁ ਡਿਠੈ ਸਭ ਦੁੱਖ ਜਾਇ'



ਪ੍ਰੋ: ਐਚ.ਐਲ.ਕਪੂਰ
01- 916- 587-4002

ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਦਿਨ ਬੁੱਧਵਾਰ 7 ਜੁਲਾਈ 1656 ਈਸਵੀ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਉਹ ਗੁਰੂ ਹਰਿਰਾਇ ਜੀ ਦੇ ਦੂਸਰੇ ਪੁੱਤਰ ਸਨ ਤੇ ਉਨ੍ਹਾਂ ਦੀ ਮਾਤਾ ਜੀ ਦਾ ਨਾਂ ਮਾਤਾ ਕ੍ਰਿਸ਼ਨ ਕੌਰ (ਦੂਸਰਾ ਨਾਂ ਮਾਤਾ ਸੁਲੱਖਣੀ ਜੀ) ਸੀ। ਗੁਰੂ ਹਰਿਕ੍ਰਿਸ਼ਨ ਜੀ ਦੇ ਵੱਡੇ ਭਰਾ ਰਾਮ ਰਾਏ ਸੀ, ਜਿਸ ਨੂੰ ਸਿੱਖ ਧਰਮ 'ਚੋਂ ਛੇਕ ਦਿੱਤਾ ਗਿਆ ਸੀ ਕਿਉਂਕਿ ਉਸ ਦੀਆਂ ਗਤੀਵਿਧੀਆਂ ਗੁਰੂ ਘਰ ਦੇ ਖ਼ਿਲਾਫ਼ ਸਨ ਤੇ ਉਹ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਟੇਟੇ ਚੜ੍ਹਿਆ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਜੀ ਜਦੋਂ ਅਜੇ ਪੰਜ ਸਾਲ ਦੇ ਹੀ ਸਨ ਤਾਂ ਉਹਨਾਂ ਦੇ ਪਿਤਾ ਗੁਰੂ ਹਰਿਰਾਏ ਸਾਹਿਬ ਜੀ ਨੇ ਆਪਣੀ ਮੌਤ 1661 ਤੋਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਮੇਰੀ ਮੌਤ ਤੋਂ ਬਾਅਦ ਸ੍ਰੀ ਹਰਿਕ੍ਰਿਸ਼ਨ ਜੀ ਹੀ ਅੱਠਵੇਂ ਗੁਰੂ ਨਾਨਕ ਹੋਣਗੇ।

ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੇ ਆਪਣੀ ਗੁਰਗੱਦੀ ਦੇ ਵਾਰਸ ਦਾ ਐਲਾਨ ਕੀਤਾ ਤਾਂ ਉਹਨਾਂ ਦੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਬੜੀ ਈਰਖਾ ਹੋਈ ਤੇ ਉਹਨਾਂ ਨੇ ਗੁੱਸੇ 'ਚ ਆ ਕੇ ਬਾਦਸ਼ਾਹ ਔਰੰਗਜ਼ੇਬ ਕੋਲ ਆਪਣੇ ਪਿਤਾ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਇਸ ਫੈਸਲੇ ਦੀ ਸ਼ਿਕਾਇਤ ਕਰ ਦਿੱਤੀ। ਬਾਦਸ਼ਾਹ ਔਰੰਗਜ਼ੇਬ ਨੇ ਫੈਸਲਾ ਰਾਮ ਰਾਏ ਜੀ ਦੇ ਹੱਕ ਵਿਚ ਦਿੱਤਾ ਤੇ ਰਾਜਾ ਜੈ ਸਿੰਘ ਜੀ ਨੂੰ ਕਿਹਾ ਕਿ ਨਵੇਂ ਬਣੇ ਬਾਲਕ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੇਰੇ ਦਰਬਾਰ 'ਚ ਪੇਸ਼ ਕਰੋ। ਰਾਜਾ ਜੈ ਸਿੰਘ ਨੇ ਆਪਣਾ ਦੂਤ ਕੀਰਤਪੁਰ ਸਾਹਿਬ ਭੇਜਿਆ ਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਜੀ ਨੂੰ ਦਿੱਲੀ ਲੈ ਕੇ ਆਉਣ। ਪਹਿਲਾਂ ਤਾਂ ਗੁਰ ਸਾਹਿਬ ਨੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ ਪਰ ਉਹਨਾਂ ਦੇ ਸ਼ਰਧਾਲੂਆਂ ਤੇ ਰਾਜਾ ਜੈ ਸਿੰਘ ਦੇ ਵਾਰ-ਵਾਰ ਕਹਿਣ 'ਤੇ ਗੁਰੂ ਜੀ ਦਿੱਲੀ ਬਾਦਸ਼ਾਹ ਦੇ ਦਰਬਾਰ 'ਚ ਜਾਣ ਲਈ ਰਾਜ਼ੀ ਹੋ ਗਏ।

ਸਿੱਖ ਇਤਿਹਾਸ ਅਨੁਸਾਰ ਗੁਰੂ ਜੀ 20 ਅਕਤੂਬਰ 1661 ਈਸਵੀ ਨੂੰ ਐਤਵਾਰ ਵਾਲੇ ਦਿਨ ਗੁਰਗੱਦੀ ਤੇ ਬੈਠੇ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਦਿਲਾਸਾ ਦਿੱਤਾ ਕਿ ਉਹ ਉਦਾਸ ਨਾ ਹੋਣ ਤੇ ਬਾਕੀ ਸਭ ਕੁਝ ਉਸ ਸਰਬ-ਸ਼ਕਤੀਮਾਨ ਪ੍ਰਮਾਤਮਾ 'ਤੇ ਭਰੋਸਾ ਰੱਖਣ। ਤੁਹਾਨੂੰ ਸਭ ਨੂੰ ਉਸ ਪ੍ਰਮਾਤਮਾ ਦੀ ਭਜਨ ਬੰਦਗੀ ਕਰਨੀ ਚਾਹੀਦੀ ਹੈ ਤੇ ਰੋਣਾ ਜਾਂ ਵਿਰਲਾਪ ਨਹੀਂ ਕਰਨਾ ਚਾਹੀਦਾ। ਜਿਉਂ ਹੀ ਕੁਝ ਦਿਨ ਬੀਤੇ ਗੁਰੂ ਜੀ ਦੇ ਸ਼ਰਧਾਲੂਆਂ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਹੈ ਤਾਂ ਸਿੱਖ ਸੰਗਤਾਂ ਦੂਰੋਂ-ਨੇੜਿਓਂ ਕੀਰਤਪੁਰ ਸਾਹਿਬ ਪਹੁੰਚਣ ਲੱਗੀਆਂ। ਸਿੱਖ ਸੰਗਤਾਂ ਗੁਰੂ ਜੀ ਦੀ ਇਕ ਝਲਕ ਪਾ ਕੇ ਬਹੁਤ ਹੀ ਆਨੰਦਿਤ ਹੋ ਜਾਂਦੀਆਂ ਸਨ। ਨਿਆਣੀ ਉਮਰੇ ਜਦੋਂ ਉਹ ਆਪਣੇ ਤਖ਼ਤ ਭਾਵ ਗੁਰਗੱਦੀ 'ਤੇ ਬੈਠਦੇ ਤਾਂ ਆਪਣੇ ਸ਼ਰਧਾਲੂਆਂ ਨੂੰ ਬਹੁਤ ਗਿਆਨ ਭਰਪੂਰ ਗੱਲਾਂ ਦੱਸਦੇ। ਉਹ ਆਪਣੀ ਛੋਟੀ ਜਿਹੀ ਉਮਰ 'ਚ ਹੀ ਬਹੁਤ ਦੂਰਅੰਦੇਸ਼ੀ, ਸੂਝਵਾਨ ਤੇ ਪ੍ਰਤਿਭਾਸ਼ਾਲੀ ਸਨ।

ਭਾਈ ਸੰਤੋਖ ਸਿੰਘ ਜੀ ਅਨੁਸਾਰ, "ਜਿਸ ਤਰ੍ਹਾਂ ਸਵੇਰੇ ਸੂਰਜ ਨਿਕਲਦਾ ਹੈ ਤਾਂ ਉਹ ਆਕਾਰ 'ਚ ਬਹੁਤ ਛੋਟਾ ਦਿਖਾਈ ਦਿੰਦਾ ਹੈ ਪਰ ਉਸ ਦੀ ਰੌਸ਼ਨੀ ਹਰ ਜਗ੍ਹਾ ਹੁੰਦੀ ਹੈ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਸਿੱਧੀ ਬਹੁਤ ਦੂਰ-ਦੂਰ ਤੱਕ ਸੀ ਤੇ ਇਸ ਦਾ ਕੋਈ ਅੰਤ ਨਹੀਂ ਸੀ।'' ਜਿਹੜੇ ਵੀ ਉਹਨਾਂ ਦੇ ਸ਼ਰਧਾਲੂ ਆਉਂਦੇ, ਉਹਨਾਂ ਨੂੰ ਉਹ ਪੂਰਾ ਗਿਆਨ ਦਾ ਪ੍ਰਕਾਸ਼ ਪ੍ਰਦਾਨ ਕਰਦੇ। ਉਹ ਆਪਣੇ ਸ਼ਰਧਾਲੂਆਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਦੇ ਤੇ ਉਹਨਾਂ ਦੇ ਗੁਨਾਹਾਂ ਨੂੰ ਮੁਆਫ਼ ਕਰ ਦਿੰਦੇ ਸਨ। ਸਿੱਖ ਸੰਗਤਾਂ ਨੇ ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਮੰਨ ਲਿਆ ਸੀ। ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਗ-ਦਗ ਕਰਦੇ ਚਿਹਰੇ ਤੇ ਜਦੋਂ ਦੀਦਾਰ ਕਰਦੇ ਸਨ ਤਾਂ ਸ਼ਰਧਾਲੂਆਂ ਨੂੰ ਉਹਨਾਂ ਦੇ ਚਿਹਰੇ ਤੋਂ ਉਹੀ ਨੂਰ ਦਿਸਦਾ, ਜਿਵੇਂ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਤੋਂ ਨਜ਼ਰ ਆਉਂਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ 'ਚ ਯੋਗਤਾ ਦਾ ਇਕ ਅਲੌਕਿਕ ਕ੍ਰਿਸ਼ਮਾ ਹੀ ਸੀ ਕਿ ਉਹ 'ਗੁਰੂ ਗ੍ਰੰਥ' ਸਾਹਿਬ 'ਚੋਂ ਜੀਵਨ ਜਾਚ ਦਾ ਰਸਤਾ ਜੋ ਆਪਣੇ ਸ਼ਰਧਾਲੂਆਂ ਨੂੰ ਸਮਝਾਉਂਦੇ ਉਹ, ਉਹਨਾਂ ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਸੀ। ਉਹ ਗੁਰਬਾਣੀ ਦੀ ਵਿਆਖਿਆ ਕਰਦੇ ਸਮੇਂ ਆਪਣੇ ਸ਼ਰਧਾਲੂਆਂ ਦੀ ਜਗਿਆਸਾ ਬਣਾਈ ਰੱਖਦੇ। ਉਹ ਉਹਨਾਂ ਨੂੰ ਇਕੋ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਦਾ ਸੰਦੇਸ਼ ਦਿੰਦੇ। ਉਹ ਇਹ ਵੀ ਕਹਿੰਦੇ ਕਿ ਹੇ! ਮਾਨਵ ਤੂੰ ਆਪਣੀਆਂ ਸਾਰੀਆਂ ਬੁਰਾਈਆਂ ਨੂੰ ਤਿਆਗ ਦੇ ਤੇ ਨੇਕੀ, ਪਰਉਪਕਾਰ, ਧੀਰਜ ਤੇ ਸੰਤੋਖ ਦਾ ਰਸਤਾ ਅਪਣਾਉਣ ਦਾ ਸੰਦੇਸ਼ ਵੀ ਦਿੰਦੇ। ਇਸ ਤਰ੍ਹਾਂ ਕਰਨ ਨਾਲ ਹੀ ਅਸੀਂ ਆਪਣੇ ਸਿੱਖ ਵਿਰਸੇ ਨੂੰ ਬੜੀ ਸੁਰੱਖਿਅਤਾ ਨਾਲ ਸੰਭਾਲ ਕੇ ਰੱਖ ਸਕਦੇ ਹਾਂ।

29 ਮਾਰਚ 1662 ਨੂੰ ਵਿਸਾਖੀ ਦੇ ਪੁਰਬ 'ਤੇ ਬੜੀ ਵੱਡੀ ਸੰਖਿਆ 'ਚ ਸਿੱਖ ਸ਼ਰਧਾਲੂ ਕੀਰਤਪੁਰ ਸਾਹਿਬ ਵਿਖੇ ਇਕੱਤਰ ਹੋਏ। ਵਿਸਾਖੀ ਦਾ ਇਹ ਪੁਰਬ ਕੋਈ ਤਿੰਨ ਦਿਨਾਂ ਤੱਕ ਚੱਲਿਆ। ਇਸ ਮੇਲੇ ਦਾ ਸਾਰਾ ਪ੍ਰਬੰਧ, ਸਿੱਖ ਸ਼ਰਧਾਲੂਆਂ ਦੀ ਦੇਖ-ਭਾਲ ਦਾ ਸਾਰਾ ਪ੍ਰਬੰਧ, ਸ੍ਰੀ ਹਰਿਕ੍ਰਿਸ਼ਨ ਜੀ ਦੀ ਦਾਦੀ, ਮਾਤਾ ਬੱਸੀ ਜੀ ਤੇ ਗੁਰੂ ਸਾਹਿਬ ਦੇ ਮਾਤਾ ਜੀ, ਮਾਤਾ ਸੁਲੱਖਣੀ ਜੀ ਨੇ ਕੀਤਾ। ਸਿਆਲਕੋਟ ਜ਼ਿਲ੍ਹੇ ਦੀ ਸੰਗਤ 'ਚ ਪਸਰੂਰ ਤੋਂ ਇਕ ਸ਼ਰਧਾਲੂ ਜਿਸ ਦਾ ਨਾਂ ਪੀਰ ਮੱਲ ਸੀ ਜੋ ਆਪਣੇ ਪਰਿਵਾਰ ਸਮੇਤ ਆਇਆ ਹੋਇਆ ਸੀ। ਉਸ ਦਾ ਪੁੱਤਰ ਖੇਮ ਕਰਨ ਬੜਾ ਹੋਣਹਾਰ ਨੌਜਵਾਨ ਸੀ। ਮਾਤਾ ਬੱਸੀ ਨੇ ਆਪਣੀ ਪੋਤਰੀ ਬੀਬੀ ਰੂਪ ਕੌਰ ਦੀ ਮੰਗਣੀ ਉਸ ਨਾਲ ਕਰ ਦਿੱਤੀ ਤੇ ਫਿਰ ਉਨ੍ਹਾਂ ਦੀ ਸ਼ਾਦੀ 3 ਦਸੰਬਰ 1662 ਨੂੰ ਕਰ ਦਿੱਤੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਮਾਤਾ ਬੱਸੀ ਜੀ ਨੇ ਉਨ੍ਹਾਂ ਨੂੰ ਕਈ ਤੋਹਫ਼ੇ ਦਿੱਤੇ ਤੇ ਉਹਨਾਂ 'ਚ ਗੁਰੂ ਹਰਿਰਾਏ ਜੀ ਵੱਲੋਂ ਲਿਖੀਆਂ ਕਥਾਵਾਂ ਦੀ ਪੋਥੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਟਾਰ ਵੀ ਦਿੱਤੀ।

ਗੁਰੂ ਹਰਿਕ੍ਰਿਸ਼ਨ ਜੀ ਆਪਣੇ ਕੁਝ ਸ਼ਰਧਾਲੂਆਂ ਸਮੇਤ ਦਿੱਲੀ ਲਈ ਰਵਾਨਾ ਹੋ ਗਏ। ਬਾਦਸ਼ਾਹ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਜੀ ਦੀ, ਦਿਨ ਪ੍ਰਤੀ ਦਿਨ ਵਧਦੀ ਪ੍ਰਸਿੱਧਤਾ ਤੋਂ ਖੁਸ਼ ਨਹੀਂ ਸੀ। ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਗੁਰੂ ਜੀ ਖੁਦ ਉਹਨਾਂ ਦੇ ਦਰਬਾਰ 'ਚ ਦਿੱਲੀ ਵਿਖੇ ਪੇਸ਼ ਹੋਣ ਜਿਵੇਂ ਕਿ ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਦੇ ਪਿਤਾ ਗੁਰੂ ਹਰਿਰਾਏ ਜੀ ਨਾਲ ਕੀਤਾ ਸੀ। ਗੁਰੂ ਹਰਿਰਾਏ ਜੀ ਨੇ ਆਪ ਦਿੱਲੀ ਬਾਦਸ਼ਾਹ ਦੇ ਦਰਬਾਰ 'ਚ ਜਾਣ ਦੀ ਬਜਾਏ ਆਪਣੇ ਵੱਡੇ ਪੁੱਤਰ ਸ੍ਰੀ ਰਾਮ ਰਾਏ ਜੀ ਨੂੰ ਬਾਦਸ਼ਾਹ ਦੇ ਦਰਬਾਰ 'ਚ ਭੇਜ ਦਿੱਤਾ ਸੀ।

ਗੁਰੂ ਹਰਿਰਾਏ ਜੀ ਦੀ ਮੌਤ ਤੋਂ ਪਹਿਲਾਂ ਉਹਨਾਂ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਇਹ ਦੱਸ ਦਿੱਤਾ ਸੀ ਕਿ ਉਹ ਅੱਗੋਂ ਤੋਂ ਕਦੀ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਨਾ ਮਿਲਣ ਕਿਉਂਕਿ ਉਹ ਰਾਮ ਰਾਏ ਜੀ ਨੂੰ ਗੁਰਗੱਦੀ ਦੇ ਵਾਰਸ ਬਣਾਉਣਾ ਚਾਹੁੰਦਾ ਸੀ ਕਿਉਂਕਿ ਉਸ ਦੀ ਮੁਗਲਾਂ ਨਾਲ ਸਾਂਠ-ਗਾਂਠ ਸੀ। ਅੰਬੇਰ ਦੇ ਰਾਜਾ ਜੈ ਸਿੰਘ ਦਾ ਇਕ ਨੌਕਰ ਬਾਦਸ਼ਾਹ ਦੇ ਆਦੇਸ਼ ਮੁਤਾਬਕ ਗੁਰੂ ਜੀ ਨੂੰ ਦਰਬਾਰ 'ਚ ਹਾਜ਼ਰ ਕਰਵਾਉਣ ਲਈ ਗਿਆ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਕੁਝ ਪ੍ਰਮੁੱਖ ਸਿੱਖਾਂ ਨਾਲ ਸਲਾਹ ਮਸ਼ਵਰਾ ਕਰਨ ਲਈ, ਇਕ ਸਭਾ ਬੁਲਾਈ ਤੇ ਉਹਨਾਂ ਨੂੰ ਆਪਣੀ ਜੱਫੀ 'ਚ ਲਿਆ ਤੇ ਕਿਹਾ ਕਿ, "ਅਸੀਂ ਤਾਂ ਉਸ ਪ੍ਰਮਾਤਮਾ ਦੇ ਵਫ਼ਾਦਾਰ ਸੇਵਕ ਹਾਂ ਤੇ ਉਹ ਪ੍ਰਮਾਤਮਾ ਹੀ ਜਾਣਦਾ ਹੈ ਕਿ ਅੱਗੇ ਕੀ ਹੋਵੇਗਾ।'' ਗੁਰੂ ਹਰਿਕ੍ਰਿਸ਼ਨ ਜੀ ਨੇ ਫੈਸਲਾ ਕਰ ਲਿਆ ਕਿ ਉਹ ਬਾਦਸ਼ਾਹ ਦੇ ਭੇਜੇ ਹੋਏ ਦੂਤ ਨਾਲ ਦਿੱਲੀ ਲਈ ਚੱਲ ਪੈਣਗੇ। ਦਿੱਲੀ ਨੂੰ ਜਾਂਦੇ ਸਮੇਂ ਗੁਰੂ ਸਾਹਿਬ ਬਰਾਸਤਾ ਰੋਪੜ, ਬਨੂੜ ਤੇ ਅੰਬਾਲਾ ਦੇ ਰਸਤੇ ਹੁੰਦੇ ਹੋਏ ਤੇ ਆਪਣੇ ਬਹੁਤ ਵੱਡੀ ਗਿਣਤੀ 'ਚ ਇਕੱਠੇ ਹੋਏ ਸ਼ਰਧਾਲੂਆਂ ਨੂੰ, ਜੋ ਕਿ ਆਪਣੇ ਨਵੇਂ ਗੁਰੂ ਨੂੰ ਮਿਲਣਾ ਚਾਹੁੰਦੇ ਸਨ, ਮਿਲਦੇ ਹੋਏ ਤੇ ਪੜਾਅ ਕਰਦੇ ਹੋਏ ਦਿੱਲੀ ਵੱਲ ਵਧਦੇ ਗਏ।



ਜਦੋਂ ਗੁਰੂ ਜੀ ਪੰਜੋਖਰਾ ਦੇ ਕੋਲ ਪਹੁੰਚੇ ਤਾਂ ਇਕ ਸਿੱਖ ਸ਼ਰਧਾਲੂ ਬੜੀ ਨਿਮਰਤਾ ਨਾਲ ਬੋਲਿਆ ਕਿ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਪਿਸ਼ਾਵਰ, ਕਾਬਲ ਤੇ ਕਸ਼ਮੀਰ ਤੋਂ ਵੀ ਆ ਰਹੀ ਹੈ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਇਕ ਦਿਨ ਲਈ ਇੱਥੇ ਹੋਰ ਰੁਕਣ ਤਾਂ ਕਿ ਉਹ ਸੰਗਤ ਆਪ ਜੀ ਦੇ ਦਰਸ਼ਨ ਕਰ ਸਕੇ। ਗੁਰੂ ਜੀ ਉਸ ਪਿੰਡ 'ਚ ਰੁਕਣ ਲਈ ਮੰਨ ਗਏ। ਉਸ ਪਿੰਡ 'ਚ ਇਕ ਪੰਡਿਤ ਲਾਲ ਚੰਦ ਨਾਮ ਦਾ ਬੰਦਾ ਰਹਿੰਦਾ ਸੀ ਤੇ ਉਸ ਨੂੰ ਆਪਣੀ ਉੱਚੀ ਜਾਤ ਦਾ ਬੜਾ ਘੁਮੰਡ ਸੀ ਤੇ ਉਹ ਆਪਣੇ ਆਪ ਨੂੰ ਬਹੁਤ ਗਿਆਨਵਾਨ ਸਮਝਦਾ ਸੀ। ਉਹ ਗੁਰੂ ਸਾਹਿਬ ਨੂੰ ਦੇਖਣ ਲਈ ਆਇਆ ਤੇ ਗੁਰੂ ਜੀ ਨੂੰ ਬੜੇ ਮਖੌਲ ਨਾਲ ਬੋਲਿਆ, "ਇਹ ਕਿਹਾ ਜਾਂਦਾ ਹੈ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹੋ ਤੇ ਤੁਸੀਂ ਪੁਰਾਣੇ ਧਾਰਮਿਕ ਗ੍ਰੰਥਾਂ ਬਾਰੇ ਕੀ ਜਾਣਦੇ ਹੋ? ਛੱਜੂ ਰਾਮ ਜਿਹਾ ਕਿ ਇਕ ਅਨਪੜ੍ਹ ਆਦਮੀ ਸੀ ਤੇ ਪਿੰਡ 'ਚ ਲੋਕਾਂ ਦੇ ਘਰਾਂ 'ਚ ਪਾਣੀ ਭਰਨ ਦਾ ਕੰਮ ਕਰਦਾ ਸੀ ਤੇ ਉਹ ਇਕ ਪੱਛੜੇ ਹੋਏ ਵਰਗ ਨਾਲ ਸਬੰਧ ਰੱਖਦਾ ਸੀ ਤੇ ਇਸ ਵਰਗ ਦੇ ਲੋਕਾਂ ਨੂੰ ਵੇਦਾਂ ਦੇ ਪੜ੍ਹਨ ਤੇ ਇਹਨਾਂ ਬਾਰੇ ਕੋਈ ਗੱਲ ਕਰਨ ਦੀ ਮਨਾਹੀ ਸੀ, ਉਹ ਕੋਲ ਦੀ ਲੰਘ ਰਿਹਾ ਸੀ। ਗੁਰੂ ਜੀ ਨੇ ਆਪਣੇ ਪਾਸ ਬੈਠੇ ਦੁਰਗਾ ਮੱਲ ਨੂੰ ਕਿਹਾ ਕਿ ਇਸ ਪਾਣੀ ਢੋਣ ਵਾਲੇ ਬੰਦੇ ਨੂੰ ਮੇਰੇ ਪਾਸ ਬੁਲਾਓ।

ਛੱਜੂ ਰਾਮ ਗੁਰੂ ਜੀ ਪਾਸ ਆਇਆ ਤੇ ਉਸ ਨੂੰ ਪੁੱਛਿਆ ਕਿ ਤੁਸੀਂ ਇਸ ਪੰਡਤ ਨੂੰ 'ਭਗਵਤ ਗੀਤਾ' ਬਾਰੇ ਸੰਖੇਪ 'ਚ ਜਾਣਕਾਰੀ ਦੇ ਸਕਦੇ ਹੋ? ਉਸ ਅਨਪੜ੍ਹ ਪੇਂਡੂ ਬੰਦੇ ਨੇ ਪਵਿੱਤਰ ਭਗਵਤ ਗੀਤਾ ਦਾ ਸਾਰ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਪੰਡਤ ਦਾ ਉਸ ਬੰਦੇ ਕੋਲੋਂ ਭਗਵੰਤ ਗੀਤਾ ਦਾ ਸਾਰ ਸੁਣ ਕੇ ਘੁਮੰਡ ਟੁੱਟ ਗਿਆ। ਪੰਡਤ ਨੇ ਬੜੀ ਸ਼ਰਧਾ ਤੇ ਨਿਮਰਤਾ ਨਾਲ ਗੁਰੂ ਜੀ ਦੇ ਪੈਰਾਂ ਨੂੰ ਹੱਥ ਲਾਇਆ। ਉਹ ਦੋਵੇਂ ਬੰਦੇ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਤੇ ਗੁਰੂ ਜੀ ਨਾਲ ਕੁਰੂਕਸ਼ੇਤਰ ਤੱਕ ਗਏ। ਪੰਡਤ ਲਾਲ ਚੰਦ ਗੁਰੂ ਜੀ ਤੋਂ ਦੀਖਿਆ ਲੈ ਕੇ ਲਾਲ ਸਿੰਘ ਬਣ ਗਿਆ ਤੇ ਇਹ ਲਾਲ ਸਿੰਘ ਉਹ ਸਿੱਖ ਹੈ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲ ਕੇ ਮਿਤੀ 7 ਦਸੰਬਰ 1705 ਨੂੰ ਚਮਕੌਰ ਸਾਹਿਬ ਦੀ ਮੁਗਲਾਂ ਦੇ ਵਿਰੁੱਧ ਲੜਾਈ ਲੜੀ ਤੇ ਮੈਦਾਨੇ ਜੰਗ 'ਚ ਸ਼ਹੀਦ ਹੋ ਗਿਆ।

ਇਸ ਤਰ੍ਹਾਂ ਗੁਰੂ ਜੀ ਆਪਣੀ ਦਿੱਲੀ ਯਾਤਰਾ ਦੌਰਾਨ ਕਈ ਥਾਵਾਂ 'ਤੇ ਰੁਕਦੇ ਹੋਏ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦਿੰਦੇ ਹੋਏ ਦਿੱਲੀ ਪਹੁੰਚ ਗਏ। ਦਿੱਲੀ ਪਹੁੰਚਦਿਆਂ ਹੀ ਉਹਨਾਂ ਦਾ ਮਿਰਜ਼ਾ ਦੇ ਰਾਜਾ ਜੈ ਸਿੰਘ ਤੇ ਦਿੱਲੀ ਦੀ ਸਿੱਖ ਸੰਗਤ ਨੇ ਬੜਾ ਨਿੱਘਾ ਸਵਾਗਤ ਕੀਤਾ। ਦਿੱਲੀ ਵਿਖੇ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ 'ਚ ਰੁਕੇ। ਉਥੇ ਸਿੱਖ ਸੰਗਤਾਂ ਤੇ ਉਹਨਾਂ ਦੇ ਸ਼ਰਧਾਲੂ ਬੜੀ ਵੱਡੀ ਗਿਣਤੀ 'ਚ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਪਹੁੰਚੇ। ਕਈ ਇਤਿਹਾਸਕਾਰ ਲਿਖਦੇ ਹਨ ਕਿ ਸ਼ਹਿਜ਼ਾਦਾ ਮੁਜ਼ਾਮ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੇ ਉਹਨਾਂ ਨਾਲ ਨੇੜਤਾ ਰੱਖਣ ਲਈ ਆਇਆ।

ਦਿੱਲੀ ਵਿਖੇ ਆਪਣੇ ਠਹਿਰਾਅ ਦੌਰਾਨ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ 'ਚ ਰਹੇ ਤੇ ਬਾਅਦ 'ਚ ਇਸ ਜਗ੍ਹਾ ਤੇ ਗੁਰਦੁਆਰਾ ਬਣਾ ਦਿੱਤਾ ਗਿਆ ਜਿਸ ਨੂੰ ਅੱਜਕਲ੍ਹ 'ਗੁਰਦੁਆਰਾ ਬੰਗਲਾ ਸਾਹਿਬ' ਕਿਹਾ ਜਾਂਦਾ ਹੈ। ਇਹ ਮਹੱਲ ਉਹਨਾਂ ਦਿਨਾਂ 'ਚ ਬੜਾ ਸ਼ਾਨਦਾਰ ਤੇ ਖੁੱਲ੍ਹਾ-ਡੁੱਲ੍ਹਾ ਸੀ ਤੇ ਇਸ 'ਚ ਗਰਮੀਆਂ ਤੇ ਸਰਦੀਆਂ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਸਨ। ਦਿੱਲੀ ਦੀ ਸਿੱਖ ਸੰਗਤ ਟੋਲਿਆਂ ਦੇ ਰੂਪ 'ਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਰਹੇ। ਉਹ ਭਜਨ-ਬੰਦਗੀ ਤੇ ਗੁਰਬਾਣੀ ਦਾ ਗਾਇਨ ਕਰਦੇ ਹੋਏ ਆਉਂਦੇ ਤੇ ਗੁਰੂ ਸਾਹਿਬ ਨੂੰ ਕਈ ਤਰ੍ਹਾਂ ਦੇ ਨਜ਼ਰਾਨੇ ਵੀ ਭੇਂਟ ਕਰਦੇ ਸਨ। 'ਗੁਰੂ ਕੀਆਂ ਸਾਖੀਆਂ' 'ਚ ਇਹ ਵਰਣਨ ਆਉਂਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ 'ਚ ਚੇਤ ਸੁਦੀ ਨੌਵੀਂ, 1721 ਬਿਕਰਮੀ ਮੁਤਾਬਕ ਮਾਰਚ 25, 1664 ਈਸਵੀ ਨੂੰ ਪੇਸ਼ ਹੋਏ। 'ਮਹਿਮਾ ਪ੍ਰਕਾਸ਼' 'ਚ ਇਹ ਵਰਣਨ ਵੀ ਆਉਂਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਪ੍ਰੀਖਿਆ ਲੈਣ ਲਈ ਦੋ ਵੱਡੇ ਥਾਲਾਂ ਦਾ ਪ੍ਰਬੰਧ ਕੀਤਾ। ਇਕ ਥਾਲ 'ਚ ਸੋਨੇ ਚਾਂਦੀ ਦੇ ਗਹਿਣੇ, ਕੀਮਤੀ ਕੱਪੜੇ ਤੇ ਖਿਡਾਉਣਿਆਂ ਨਾਲ ਭਰਿਆ ਹੋਇਆ ਸੀ ਤੇ ਦੂਸਰੇ ਥਾਲ 'ਚ ਬਹੁਤ ਕੀਮਤੀ ਚੋਲੇ (ਧਾਰਮਿਕ ਲਿਬਾਸ) ਤੇ ਸਿਰ ਤੇ ਪਹਿਨਣ ਲਈ ਬਹੁਤ ਕੀਮਤੀ ਪੱਗੜੀ ਨੁਮਾ ਧਾਰਮਿਕ ਚਿੰਨ੍ਹ ਪਾਏ ਹੋਏ ਸਨ। ਇਹ ਦੋਵੇਂ ਥਾਲ ਗੁਰੂ ਜੀ ਨੂੰ ਤੋਹਫ਼ੇ ਦੇ ਤੌਰ ਤੇ ਭੇਂਟ ਕੀਤੇ ਗਏ। ਗੁਰੂ ਜੀ ਨੇ ਗਹਿਣਿਆਂ ਤੇ ਕੀਮਤੀ ਬਸਤਰਾਂ ਨਾਲ ਭਰੇ ਹੋਏ ਥਾਲ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਸਿਰਫ਼ ਦੂਸਰੇ ਥਾਲ ਨੂੰ ਹੀ ਤੋਹਫ਼ੇ ਵਜੋਂ ਸਵੀਕਾਰ ਕੀਤਾ। ਬਾਦਸ਼ਾਹ ਔਰੰਗਜ਼ੇਬ ਗੁਰੂ ਜੀ ਦੇ ਪਵਿੱਤਰ ਧਾਰਮਿਕ ਚਿੰਨ੍ਹਾਂ ਨੂੰ ਸਵੀਕਾਰ ਕਰਨ 'ਤੇ ਬਹੁਤ ਖੁਸ਼ ਹੋਇਆ। ਉਹਨਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਦੁਬਾਰਾ ਫਿਰ ਦਰਬਾਰ 'ਚ ਕੋਈ ਚਮਤਕਾਰ ਕਰਨ ਲਈ ਬੁਲਾਇਆ ਜਾਵੇ। ਗੁਰੂ ਹਰਿਕ੍ਰਿਸ਼ਨ ਜੀ ਸਮਝ ਗਏ ਕਿ ਬਾਦਸ਼ਾਹ ਦੇ ਮਨ 'ਚ ਕੀ ਚੱਲ ਰਿਹਾ ਹੈ। ਗੁਰੂ ਜੀ ਨੇ ਆਪਣੇ ਮਨ 'ਚ ਫੈਸਲਾ ਕਰ ਲਿਆ ਕਿ ਉਹ ਦੁਬਾਰਾ ਬਾਦਸ਼ਾਹ ਦੇ ਦਰਬਾਰ 'ਚ ਉਸ ਦੀ ਸੂਰਤ ਦੇਖਣ ਲਈ ਨਹੀਂ ਆਉਣਗੇ। ਗੁਰੂ ਜੀ ਨੂੰ ਪਤਾ ਸੀ ਕਿ ਸਿੱਖ ਧਰਮ ਤਾਂ ਕਰਾਮਾਤਾਂ 'ਚ ਵਿਸ਼ਵਾਸ ਨਹੀਂ ਕਰਦਾ। ਕਰਾਮਾਤ ਕਰਨਾ ਕੁਦਰਤ ਦੇ ਨਿਯਮ ਦੇ ਖ਼ਿਲਾਫ਼ ਹੈ। ਗੁਰੂ ਹਰਿਕ੍ਰਿਸ਼ਨ ਜੀ ਜਾਣਦੇ ਸਨ ਕਿ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦੇ ਵੱਡੇ ਭਰਾ ਰਾਮ ਰਾਏ ਜੀ ਨੂੰ ਕਿਵੇਂ ਸਜ਼ਾ ਦਿੱਤੀ ਸੀ, ਕਿਉਂਕਿ ਉਸ ਨੇ ਔਰੰਗਜ਼ੇਬ ਦੇ ਦਰਬਾਰ 'ਚ ਕਈ ਤਾਂਤਰਿਕ ਕਾਰਨਾਮੇ ਕਰਕੇ ਦਿਖਾਏ ਸਨ।

ਰਾਜਾ ਜੈ ਸਿੰਘ ਨੂੰ ਬਹੁਤ ਲੋਕਾਂ ਨੇ ਕਿਹਾ ਕਿ ਗੁਰੂ ਜੀ ਦੀ ਲਿਆਕਤ ਨੂੰ ਪਰਖਿਆ ਜਾਵੇ ਕਿਉਂਕਿ ਉਹਨਾਂ ਦੀ ਬਾਲ ਉਮਰ ਸੀ ਤੇ ਲੋਕ ਸਮਝਦੇ ਸਨ ਕਿ ਸ਼ਾਇਦ ਗੁਰੂ ਜੀ 'ਚ ਲਿਆਕਤ ਦੀ ਘਾਟ ਹੈ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਪਛਾਣਨਾ ਹੋਵੇਗਾ ਕਿ ਇਹਨਾਂ ਸਾਰੀਆਂ ਸੋਹਦੀਆਂ ਔਰਤਾਂ 'ਚੋਂ ਅਸਲੀ ਰਾਣੀ ਕਿਹੜੀ ਹੈ। ਇਹਨਾਂ ਸਭ ਔਰਤਾਂ ਦੇ ਬੜੇ ਸੋਹਣੇ, ਇਕੋ ਜਿਹੇ ਕੱਪੜੇ ਪਾਏ ਹੋਏ ਸਨ ਤੇ ਉਹ ਗੁਰੂ ਜੀ ਦੇ ਇਰਦ-ਗਿਰਦ ਹੀ ਬੈਠੀਆਂ ਸਨ। ਗੁਰੂ ਜੀ ਨੇ ਬੜੀ ਸਮਝਦਾਰੀ ਨਾਲ ਆਪਣੇ, ਘਰੇਲੂ ਨੌਕਰਾਣੀ ਦਾ ਬੜਾ ਸਾਦਾ ਪਹਿਰਾਵਾ ਪਾਇਆ ਤੇ ਉਹ ਅਸਲੀ ਰਾਣੀ ਦੀ ਗੋਦ 'ਚ ਜਾ ਕੇ ਬੈਠ ਗਏ। ਜਿਸ ਔਰਤ ਦੀ ਗੋਦ 'ਚ ਉਹ ਬੈਠੇ, ਉਹ ਹੀ ਅਸਲੀ ਰਾਣੀ ਸੀ। ਗੁਰੂ ਹਰਿਕ੍ਰਿਸ਼ਨ ਜੀ ਬਾਲ ਗੁਰੂ ਸਨ। ਛੋਟੀ ਉਮਰ ਕਾਰਨ ਉਹਨਾਂ ਦੇ ਵਿਰੋਧੀ ਇਹ ਸਮਝਦੇ ਸਨ ਕਿ ਉਹਨਾਂ ਦੀ ਛੋਟੀ ਉਮਰ ਹੋਣ ਕਾਰਨ ਉਹਨਾਂ 'ਚ ਬਹੁਤੀ ਲਿਆਕਤ ਨਹੀਂ ਹੈ। ਇਸ ਕਾਰਨ ਉਹਨਾਂ ਦੀ ਜੀਵਨੀ 'ਚ ਕਈ ਅਜਿਹੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ ਪਰ ਉਹ ਹਰ ਵਾਰ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ 'ਚ ਪੂਰੇ ਖਰੇ ਉਤਰਦੇ ਰਹੇ ਤੇ ਆਪਣੇ ਵਿਰੋਧੀਆਂ ਨੂੰ ਮਾਤ ਦਿੰਦੇ ਰਹੇ।

ਇਕ ਵਾਰ ਰਾਣੀ ਨੇ ਵਿਉਂਤ ਬਣਾਈ ਰਾਜਾ ਜੈ ਸਿੰਘ ਨੂੰ ਕਿਹਾ ਕਿ ਉਹ ਗੁਰੂ ਜੀ ਨੂੰ ਰਾਣੀਆਂ ਦੇ ਮਹਿਲ 'ਚ ਲਿਆਉਣ ਕਿਉਂਕਿ ਉਹ ਆਪ ਉਹਨਾਂ ਦੀ ਲਿਆਕਤ ਦਾ ਟੈਸਟ ਲੈਣਾ ਚਾਹੁੰਦੀ ਹੈ। ਗੁਰੂ ਜੀ ਨੇ ਰਾਜਾ ਜੈ ਸਿੰਘ ਜੀ ਦੇ ਸੱਦਾ ਪੱਤਰ ਨੂੰ ਸਵੀਕਾਰ ਕਰ ਲਿਆ। ਰਾਣੀ ਦੇ ਮਹਿਲ ਦੀ ਡਿਓੜੀ 'ਚ ਗੁਰੂ ਜੀ ਦਾ ਸਵਾਗਤ ਕਰਨ ਲਈ ਰਾਜੇ ਦੇ ਨੌਕਰਾਂ ਨੂੰ ਖੜ੍ਹੇ ਕੀਤੇ ਗਿਆ ਤੇ ਉਹਨਾਂ ਨੌਕਰਾਂ ਨੇ ਗੁਰੂ ਜੀ ਦਾ ਬਣਦਾ ਪੂਰਾ ਸਤਿਕਾਰ ਕੀਤਾ ਤੇ ਜਦੋਂ ਗੁਰੂ ਜੀ ਮਹਿਲ ਦੇ ਅੰਦਰ ਹੋਰ ਅੱਗੇ ਗਏ ਤਾਂ ਬਹੁਤ ਸੁੰਦਰ-ਸੁੰਦਰ ਇਸਤਰੀਆਂ ਸੋਹਣੇ-ਸੋਹਣੇ ਕੱਪੜੇ ਪਾ ਕੇ, ਹਾਰ ਸ਼ਿੰਗਾਰ ਲਾ ਕੇ ਖੜ੍ਹੀਆਂ ਸਨ ਤੇ ਉਹਨਾਂ ਨੇ ਗੁਰੂ ਜੀ ਦਾ ਪੂਰਾ ਆਦਰ ਸਤਿਕਾਰ ਕੀਤਾ। ਗੁਰੂ ਜੀ ਉਹਨਾਂ ਸਭ ਦਾ ਸਤਿਕਾਰ ਲੈਂਦੇ ਹੋਏ ਅੱਗੇ ਚਲਦੇ ਰਹੇ ਤਾਂ ਉਹ ਇਕ ਘਰ ਦੇ ਬਣੇ ਹੋਏ ਸਧਾਰਨ ਕੱਪੜੇ ਪਹਿਨੀ ਇਕ ਔਰਤ ਪਾਸ ਪਹੁੰਚੇ ਤਾਂ ਉਥੇ ਗੁਰੂ ਜੀ ਰੁਕ ਗਏ ਤੇ ਕਿਹਾ ਕਿ, ''ਤੁਸੀਂ ਹੀ ਅਸਲੀ ਰਾਣੀ ਹੋ ਤੇ ਤੁਸੀਂ ਇਸ ਤਰ੍ਹਾਂ ਦੇ ਸਧਾਰਨ ਜਿਹੇ, ਘਰ ਦੇ ਬਣੇ ਹੋਏ ਕੱਪੜੇ ਦਾ ਪਹਿਰਾਵਾ ਕਿਉਂ ਪਾਇਆ ਹੋਇਆ ਹੈ? ਰਾਣੀ ਨੇ ਬੜੇ ਸਤਿਕਾਰ ਨਾਲ ਆਪਣਾ ਸਿਰ ਝੁਕਾਇਆ। ਥੋੜ੍ਹੇ ਹੀ ਸਮੇਂ 'ਚ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਸਿਆਣਪਤ ਤੇ ਗੁਰਬਾਣੀ ਦੀ ਵਿਆਖਿਆ ਕਰਨ ਨਾਲ ਲੋਕਾਂ ਨੂੰ ਪ੍ਰਭਾਵਿਤ ਕਰ ਲਿਆ ਤੇ ਦਿੱਲੀ 'ਚ ਉਹਨਾਂ 'ਚ ਸ਼ਰਧਾਲੂਆਂ ਦੀ ਵੱਡੀ ਗਿਣਤੀ ਬਣ ਗਈ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਅਜੇ ਦਿੱਲੀ 'ਚ ਹੀ ਸਨ ਤਾਂ ਉਹਨਾਂ ਦਿਨਾਂ 'ਚ ਉਥੇ ਛੂਤ ਦਾ ਭਿਆਨਕ ਤੇ ਮਹਾਂਮਾਰੀ ਰੋਗ ਚੇਚਕ ਤੇ ਹੈਜ਼ਾ ਫੈਲ ਗਿਆ। ਗੁਰੂ ਜੀ ਉਥੋਂ ਦੇ ਇਹਨਾਂ ਰੋਗਾਂ ਨਾਲ ਪੀੜਤ ਲੋਕਾਂ ਦੀ ਸੇਵਾ 'ਚ ਜੁਟ ਗਏ। ਉਹ ਬਿਮਾਰਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਸਨ। ਮਰੀਜ਼ਾਂ ਦੀ ਸੇਵਾ 'ਚ ਬਿਨਾਂ ਕੋਈ ਭਿੰਨ ਭੇਦ ਕੀਤਿਆਂ ਕਰਦੇ ਸਨ। ਗੁਰੂ ਜੀ ਨੇ ਮੁਸਲਮਾਨ ਵਰਗ ਦੀ ਬਿਨਾਂ ਕੋਈ ਭੇਦ-ਭਾਵ ਕਰਦਿਆਂ ਮਾਨਵਤਾ ਦੇ ਆਧਾਰ 'ਤੇ ਬੜੀ ਸੇਵਾ ਕੀਤੀ। ਉਹਨਾਂ ਨੇ ਮੁਸਲਮਾਨ ਵਰਗ ਦੀ ਇੰਨੀ ਸੇਵਾ ਕੀਤੀ ਕਿ ਉਹਨਾਂ ਨੂੰ ਉਹ 'ਬਾਲ ਪੀਰ' ਦੇ ਨਾਮ ਨਾਲ ਪੁਕਾਰਨ ਲੱਗ ਪਏ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਬਾਦਸ਼ਾਹ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਵੀ ਕਿਸੇ ਤਰ੍ਹਾਂ ਪ੍ਰੇਸ਼ਾਨ ਨਹੀਂ ਕੀਤਾ ਪਰ ਬਾਦਸ਼ਾਹ ਨੇ ਰਾਮ ਰਾਏ ਜੀ ਦੇ ਗੱਦੀ ਪ੍ਰਾਪਤ ਕਰਨ ਦੇ ਅਧਿਕਾਰ ਨੂੰ ਤਿਆਗਿਆ ਵੀ ਨਹੀਂ ਸੀ।

ਇਸ ਮਹਾਂਮਾਰੀ ਦੇ ਰੋਗਾਂ ਦੇ ਪੀੜਤਾਂ ਦੀ ਮਾਨਵਤਾ ਦੇ ਆਧਾਰ 'ਤੇ ਦਿਨ ਰਾਤ ਸੇਵਾ ਕਰਦਿਆਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੜਾ ਤੇਜ਼ ਬੁਖ਼ਾਰ ਹੋ ਗਿਆ ਤੇ ਉਹ ਚੇਚਕ ਦੀ ਬਿਮਾਰੀ ਨਾਲ ਬੁਰੀ ਤਰ੍ਹਾਂ ਘਿਰ ਗਏ ਤੇ ਇਸ ਰੋਗ ਨਾਲ ਬਿਸਤਰ ਤੇ ਕਈ ਦਿਨਾਂ ਤੱਕ ਲਈ ਲੇਟ ਗਏ ਤੇ ਉਹਨਾਂ ਦੇ ਸਾਰੇ ਸਰੀਰ ਤੇ ਚੇਚਕ ਦੀ ਬਿਮਾਰੀ ਦੇ ਜ਼ਖ਼ਮ ਹੋ ਗਏ। ਉਹਨਾਂ ਦੇ ਮਾਤਾ ਸੁਲੱਖਣੀ ਜੀ ਗੁਰੂ ਜੀ ਦੀ ਬਿਮਾਰੀ ਦੇਖ ਕੇ ਡੂੰਘੀ ਚਿੰਤਾ ਕਰਨ ਲੱਗੇ ਤੇ ਉਹਨਾਂ ਨੇ ਕਿਹਾ ਕਿ "ਮੇਰੇ ਪਿਆਰੇ ਪੁੱਤਰ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਪ੍ਰਾਪਤ ਕੀਤੀ ਹੈ ਤੇ ਤੁਸੀਂ ਦੁਨੀਆਂ ਦੇ ਦੁੱਖਾਂ-ਤਕਲੀਫਾਂ ਦਾ ਦਾਰੂ ਬਣਦੇ ਹੋ, ਤੁਹਾਡੀ ਇਕੋ ਨਜ਼ਰ ਲੋਕਾਂ ਦੇ ਦੁੱਖ-ਦਰਦ ਦੂਰ ਕਰ ਦਿੰਦੀ ਹੈ ਤੇ ਹੁਣ ਤੁਸੀਂ ਆਪ ਕਿਉਂ ਬਿਸਤਰ ਤੇ ਬਿਮਾਰੀ ਨਾਲ ਪਏ ਹੋ?

ਗੁਰੂ ਹਰਿਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ, 'ਮਾਨਵੀ ਸਰੀਰ ਦੀ ਬਣਤਰ ਹੀ ਅਜਿਹੀ ਹੈ ਕਿ ਇਸ ਨੂੰ ਬੁਖ਼ਾਰ ਤੇ ਬਿਮਾਰੀ ਕਿਸੇ ਵੇਲੇ ਵੀ ਆ ਸਕਦੀ ਹੈ। ਦੁੱਖ ਅਤੇ ਸੁੱਖ ਦੋਵੇਂ ਜੀਵਨ ਦੇ ਭਾਗ ਹਨ ਜੋ ਉਪਰ ਵਾਲਾ ਦਿੰਦਾ ਹੈ ਉਹ ਮਨੁੱਖ ਨਾਲ ਜ਼ਰੂਰ ਵਾਪਰਦਾ ਹੈ। ਇਹੀ ਗੁਰੂ ਨਾਨਕ ਸਾਹਿਬ ਨੇ ਵੀ ਮਨੁੱਖ ਨੂੰ ਸਿੱਖਿਆ ਦਿੱਤੀ ਹੈ। ਮਨੁੱਖ ਨਾਲ ਜੋ ਵੀ ਵਾਪਰਦਾ ਹੈ, ਉਪਰ ਵਾਲੇ ਦਾ ਹੁਕਮ ਹੀ ਹੁੰਦਾ ਹੈ। ਹਰ ਇਨਸਾਨ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਣਾ ਪੈਂਦਾ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਖੁਦ ਮਿਰਜ਼ਾ ਰਾਜਾ ਜੈ ਸਿੰਘ ਜੀ ਦਾ ਘਰ ਛੱਡ ਕੇ ਜਮਨਾ ਦਰਿਆ ਕਿਨਾਰੇ ਲੱਗੇ ਰੋਗੀਆਂ ਦੇ ਕੈਂਪ 'ਚ ਜਾਣਾ ਪਿਆ। ਸਿੱਖ ਸੰਗਤ ਬੜੀ ਹੈਰਾਨ ਤੇ ਪ੍ਰੇਸ਼ਾਨ ਸੀ ਕਿ ਗੁਰੂ ਜੀ ਨੂੰ ਅਜਿਹੀ ਬਿਮਾਰੀ ਨੇ ਘੇਰ ਲਿਆ ਹੈ। ਇਹ, ਉਸ ਸ੍ਰਜਣ ਦੇ ਗਿਰਦ ਹਨੇਰਾ ਕਿਉਂ ਹੈ ਜੋ ਖੁਦ ਲੋਕਾਂ ਨੂੰ ਰੌਸ਼ਨੀ ਦਿੰਦਾ ਹੈ? ਗੁਰੂ ਜੀ ਨੂੰ ਲੱਗੀ ਇਸ ਮਾਰੂ ਬਿਮਾਰੀ ਤੋਂ ਸਿੱਖ ਸੰਗਤਾਂ ਬਹੁਤ ਦੁਖੀ ਤੇ ਪ੍ਰੇਸ਼ਾਨ ਸਨ ਤੇ ਇਹ ਵੀ ਗੱਲਾਂ ਹੋਣ ਲੱਗ ਪਈਆਂ ਸਨ ਕਿ ਇਹਨਾਂ ਤੋਂ ਬਾਅਦ ਇਹਨਾਂ ਦੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ? ਇਸ ਪ੍ਰਤੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਤਾ ਗਿਆ ਸੰਕੇਤ ਸਾਨੂੰ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' 'ਚ ਬੜੇ ਸਪਸ਼ਟ ਰੂਪ 'ਚ ਮਿਲਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਸਦੀਵੀ ਹੈ ਤੇ ਉਹਨਾਂ ਦੇ ਦਿੱਤੇ ਗਏ ਆਦੇਸ਼ ਮਾਨਵਤਾ ਲਈ ਵੀ ਸਦੀਵੀ ਹਨ। 'ਗੁਰੂ ਗ੍ਰੰਥ ਸਾਹਿਬ' ਸਭ ਦੇ ਮਾਲਕ ਹਨ। ਜਿਹੜਾ ਉਸ ਮਾਲਕ ਨੂੰ ਦੇਖਣਾ ਚਾਹੁੰਦਾ ਹੈ, ਉਹ ਇਸ 'ਚ ਵਿਸ਼ਵਾਸ ਰੱਖ ਕੇ ਤੇ ਇਸ ਨਾਲ ਪਿਆਰ ਕਰਕੇ ਮੇਰੇ ਦਰਸ਼ਨ ਕਰ ਸਕਦਾ ਹੈ। ਆਪਣੇ ਪਾਪਾਂ ਤੇ ਗੁਨਾਹਾਂ ਤੋਂ ਛੁਟਕਾਰਾ ਪਾ ਸਕਦਾ ਹੈ। ਜਿਹੜਾ ਵੀ ਆਪਣੇ ਗੁਰੂ ਨਾਲ ਗੱਲ ਕਰਨੀ ਚਾਹੁੰਦਾ ਹੈ, ਉਹ ਇਸ ਨੂੰ ਪੜ੍ਹੇ, ਇਸ ਦਾ ਸ਼ਰਧਾ ਨਾਲ ਅਧਿਐਨ ਕਰੇ। ਜਿਹੜਾ ਵੀ ਇਸ ਦੀਆਂ ਸਿੱਖਿਆਵਾਂ ਤੇ ਅਮਲ ਕਰਦਾ ਹੈ, ਉਹ ਆਪਣੀ ਜ਼ਿੰਦਗੀ 'ਚ ਚਾਰੇ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਵੀ ਇਸ 'ਚ ਪੂਰਨ ਵਿਸ਼ਵਾਸ ਕਰਦਾ ਹੈ, ਉਹ ਦੁਨੀਆਂ ਦੇ ਸਭ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜੋ ਇਸ 'ਚ ਵਿਸ਼ਵਾਸ ਨਹੀਂ ਕਰਦਾ ਉਹ ਬਹੁਤ ਘੱਟ ਪ੍ਰਾਪਤ ਕਰਦਾ ਹੈ। ਇਸ ਸੰਸਾਰ 'ਚ ਹਰ ਵਸਤੂ ਸਦੀਵੀ ਰਹਿਣ ਵਾਲੀ ਨਹੀਂ ਹੈ। ਇਹ ਮਨੁੱਖੀ ਸਰੀਰ

(ਬਾਕੀ ਅਗਲੇ ਸਫ਼ੇ ਤੇ)

# ‘ਜਿਤੁ ਡਿਠੈ ਸਭ ਦੁੱਖ ਜਾਇ’

ਵੀ ਨਾਸ਼ਵਾਨ ਹੈ। ਗੁਰੂ ਗ੍ਰੰਥ ਸਾਹਿਬ ’ਚ ਗੁਰੂ ਦੀ ਸ਼ਕਤੀ ਸਦੀਵੀ ਹੈ। ਇਸ ਲਈ ਇਸ ਨੂੰ ਰੋਜ਼ ਪੜ੍ਹੋ, ਇਸ ਨੂੰ ਨਮਸਕਾਰ ਕਰੋ, ਇਸ ਦਾ ਸਤਿਕਾਰ ਕਰੋ ਤੇ ਇਸ ’ਚ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਆਪਣੇ ਜੀਵਨ ’ਚ ਅਪਣਾਓ। ਇਸ ਤਰ੍ਹਾਂ ਕਰਨ ਨਾਲ ਤੁਹਾਡੇ ’ਚੋਂ ਕ੍ਰੋਧ ਖਤਮ ਹੋਵੇਗਾ ਤੇ ਤੁਹਾਡੇ ’ਚ ਸਥਿਰਤਾ ਆਵੇਗੀ।

ਇਹ ਉਕਤ ਗੁਰੂ ਗ੍ਰੰਥ ਸਾਹਿਬ ਦਾ ਆਖਰੀ ਸੰਦੇਸ਼ ਗੁਰੂ ਜੀ ਤੋਂ ਸੁਣ ਕੇ ਸਭ ਸਿੱਖ ਸੰਗਤਾਂ ਦੇ ਅੱਖਾਂ ’ਚ ਅੱਥਰੂ ਆ ਗਏ। ਇਸ ਉਪਰੰਤ ਮਾਤਾ ਸੁਲੱਖਣੀ ਜੀ ਜਿਹਨਾਂ ਦੇ ਅੱਖਾਂ ’ਚ ਹੰਝੂ ਸਨ, ਅੱਗੇ ਆਏ ਤੇ ਕਹਿਣ ਲੱਗੇ, “ਹੇ! ਪੁੱਤਰ ਮੈਂ ਤੇਰੇ ਤੋਂ ਬਗੈਰ ਕਿਸ ਤਰ੍ਹਾਂ ਰਹਾਂਗੀ? ਮੈਂ ਜਦੋਂ ਵਿਆਹੀ ਇਸ ਪਰਿਵਾਰ ’ਚ ਆਈ ਸੀ ਤਾਂ ਮੈਨੂੰ ਤੇਰੇ ਗੁਰੂ ਪਿਤਾ ਜੀ ਨੇ ਆਸ਼ੀਰਵਾਦ ਦਿੱਤਾ ਸੀ। ਜਦੋਂ ਤੇਰਾ ਜਨਮ ਹੋਇਆ ਉਸ ਸਮੇਂ ਵੀ ਮੈਨੂੰ ਉਹਨਾਂ ਨੇ ਆਸ਼ੀਰਵਾਦ ਦਿੱਤਾ ਸੀ। ਹੁਣ ਤੁਸੀਂ ਮੈਨੂੰ ਗਮਾਂ ਤੇ ਫਿਕਰਾਂ ਦੇ ਸਮੁੰਦਰ ’ਚ ਸੁੱਟ ਕੇ ਆਪ ਤੁਰ ਚੱਲੇ ਹੋ।

ਹੁਣ ਮੇਰਾ ਕੌਣ ਸਹਾਈ ਬਣੇਗਾ? ਇਕ ਮੱਛੀ ਪਾਣੀ ਤੋਂ ਬਾਹਰ ਕਿਵੇਂ ਜਿੰਦਾ ਰਹਿ ਸਕਦੀ ਹੈ? ਸਰੀਰ ਤਾਂ ਨਾਸ਼ਵਾਨ ਹੈ।” ਗੁਰੂ ਹਰਿਕ੍ਰਿਸ਼ਨ ਜੀ ਨੇ ਅੱਗੋਂ ਆਪਣੀ ਮਾਤਾ ਜੀ ਨੂੰ ਉਤਰ ਦਿੱਤਾ।” ਫਿਰ ਗੁਰੂ ਜੀ ਨੇ ਕਿਹਾ ਤੁਹਾਡਾ ਪ੍ਰਮਾਤਮਾ ’ਚ ਦ੍ਰਿੜ੍ਹ ਵਿਸ਼ਵਾਸ ਹੈ, ਇਹ ਵਿਸ਼ਵਾਸ ਹੀ ਤੁਹਾਨੂੰ ਸੰਸਾਰ ਦੇ ਸਾਰੇ ਗ਼ਮਾਂ-ਫਿਕਰਾਂ ਤੋਂ ਛੁਟਕਾਰਾ ਦਿਵਾਏਗਾ ਤੇ ਤੁਹਾਨੂੰ ਸਦੀਵੀ ਸ਼ਾਂਤੀ ਪ੍ਰਾਪਤ ਹੋਵੇਗੀ।”

ਅੱਜ ਦਿੱਲੀ ਵਿਖੇ ਜੋ ‘ਗੁਰਦੁਆਰਾ ਬੰਗਲਾ ਸਾਹਿਬ’ ਸਥਿਤ ਹੈ, ਉਹ ਸਰਦਾਰ ਬਘੇਲ ਸਿੰਘ ਜੀ ਨੇ ਬਣਵਾਇਆ ਸੀ, ਜਿਹੜਾ ਕਿ ਇਕ ਮਹਾਨ ਸਿੱਖ ਜਰਨੈਲ ਸੀ ਤੇ ਉਸ ਨੇ ਦਿੱਲੀ ’ਤੇ ਆਪਣੀ ਹਕੂਮਤ ਕਾਇਮ ਕੀਤੀ ਸੀ। ਇਹ ਰਾਜਾ ਜੈ ਸਿੰਘ ਦੀ ਹਵੇਲੀ ਦੀ ਉਹੀ ਜਗ੍ਹਾ ਹੈ, ਜਿੱਥੇ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣਾ ਦਿੱਲੀ ਵਿਖੇ ਨਿਵਾਸ ਕੀਤਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਮੌਤ ਤੋਂ ਥੋੜ੍ਹਾ ਸਮਾਂ ਪਹਿਲਾਂ, ਆਪਣੇ ਇਸ ਸੰਸਾਰ ਤੋਂ ਜਾਣ ਬਾਅਦ ਹੋਣ ਵਾਲੇ ਹਾਲਾਤ ਨੂੰ ਸਮਝਿਆ ਤੇ ਆਪਣੀ ਮਾਤਾ ਜੀ ਨੂੰ ਆਪਣੇ ਪਾਸ ਮਿਤੀ 30 ਮਾਰਚ 1664 ਈਸਵੀ ਨੂੰ ਬੁਲਾਇਆ ਤੇ ਕਿਹਾ ਕਿ ਹੁਣ ਮੇਰਾ ਅੰਤ ਨੇੜੇ ਆ ਗਿਆ ਹੈ। ਮਾਤਾ ਜੀ ਨੇ ਪੁੱਛਿਆ ਕਿ ਹੁਣ ਤੁਹਾਡੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ ਤਾਂ ਗੁਰੂ ਜੀ ਨੇ ਸਿਰਫ ਇੰਨਾ ਹੀ ਉਤਰ ਦਿੱਤਾ ’ਬਾਬਾ ਬਕਾਲਾ’। ਗੁਰੂ ਜੀ ਦਾ ਇਹ ਐਲਾਨ ਸੁਣ ਕੇ ਬਾਬਾ ਬਕਾਲਾ ਵਿਖੇ ਕਈ ਗੁਰੂ ਪ੍ਰਗਟ ਹੋ ਗਏ ਤੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਕਹਿਣ ਲੱਗ ਪਏ। ਭਾਵੇਂ ਕਿਵੇਂ ਵੀ ਸੀ ਪ੍ਰੰਤੂ ਉਨ੍ਹਾਂ ਦਿਨਾਂ ’ਚ ਗੁਰਗੱਦੀ ਦੇ ਵਾਰਸ (ਗੁਰੂ) ਤੇਗ ਬਹਾਦਰ ਸਾਹਿਬ ਜੀ ਵੀ, ਬਾਬਾ ਬਕਾਲਾ ਪੰਜਾਬ ਵਿਖੇ ਰਹਿੰਦੇ ਸਨ।

ਆਖਰੀ ਸਮੇਂ ਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਕਿਹਾ ਕਿ ਉਹਨਾਂ ਦੇ ਚਲਾਣੇ ਤੋਂ ਬਾਅਦ ਕੋਈ ਵੀ ਰੋਵੇ ਨਾ ਤੇ ਨਾ ਹੀ ਅਫਸੋਸ ਮਨਾਏ, ਸਗੋਂ ਗੁਰਬਾਣੀ ਦਾ ਪਾਠ ਕੀਤਾ ਜਾਵੇ ਤੇ ਸ਼ਬਦ ਗਾਏ ਜਾਣ। ਇਹ ਸ਼ਬਦ ਕਹਿ ਕੇ ਗੁਰੂ ਜੀ ਨੇ ਚੇਤ ਸੁਦੀ 14 (3 ਵਿਸਾਖ) ਵਿਕਰਮੀ ਸੰਮਤ 1721, ਮੁਤਾਬਕ ਸ਼ਨੀਵਾਰ ਵਾਲੇ ਦਿਨ 16 ਅਪ੍ਰੈਲ 1664 ਈਸਵੀ ਨੂੰ ਹੋਲੀ ਦੇਣੀ, ਅੰਤਿਮ ਸ਼ਬਦ ‘ਵਾਹਿਗੁਰੂ’ ਕਹਿ ਕੇ ਆਪਣੇ ਪ੍ਰਾਣ ਤਿਆਗ ਦਿੱਤੇ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਹਰਿਕ੍ਰਿਸ਼ਨ ਜੀ ਨੂੰ ਆਪਣੀ ਸ਼ਰਧਾਂਜਲੀ ਦਿੰਦੇ ਹੋਏ ‘ਵਾਰ ਸ੍ਰੀ ਭਗਾਉਤੀ ਜੀ ਕੀ’ ’ਚ ਕਿਹਾ ਹੈ ਕਿ, “ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਧਿਆਈਐ, ਜਿਤੁ ਡਿਠੈ ਸਭ ਦੁੱਖ ਜਾਇ।” ਭਾਵ ਆਓ ਉਸ ਮਹਾਨ ਪਵਿੱਤਰ ਆਤਮਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਰੇ ਵਿਚਾਰ ਕਰੀਏ, ਜਿਹਨਾਂ ਦੀ ਇਕੋ ਮਿਹਰ ਦੀ ਨਜ਼ਰ ਇਨਸਾਨੀ ਦੁੱਖਾਂ-ਕਲੇਸ਼ਾਂ ਨੂੰ ਦੂਰ ਕਰ ਦਿੰਦੀ ਸੀ। ਇਹਨਾਂ ਉਕਤ ਗੁਰਬਾਣੀ ਦੇ ਸ਼ਬਦਾਂ ਨੂੰ ਸਿੱਖ ਜਗਤ ਆਪਣੀ ਰੋਜ਼ ਦੀ ਅਰਦਾਸ ’ਚ ਹਰ ਰੋਜ਼ ਦੁਹਰਾਉਂਦਾ ਹੈ।

ਗੁਰੂ ਹਰਿਕ੍ਰਿਸ਼ਨ ਜੀ ਦਾ ਅੰਤਿਮ ਸੰਸਕਾਰ ਦਿਨ ਸ਼ਨੀਵਾਰ 16 ਅਪ੍ਰੈਲ 1664 ਈਸਵੀ ਨੂੰ ਦਿੱਲੀ ’ਚ ਉਸੇ ਜਗ੍ਹਾ ’ਤੇ ਕੀਤਾ ਗਿਆ, ਜਿੱਥੇ ਉਹ ਦਿੱਲੀ ’ਚ ਮਹਾਂਮਾਰੀ ਫੈਲਣ ਸਮੇਂ, ਬਿਮਾਰੀ ਦੇ ਪੀੜਤ ਲੋਕਾਂ ਲਈ ਬਣੇ ਕੈਂਪ ’ਚ ਉਹਨਾਂ ਦੀ ਦੇਖਭਾਲ ਕਰਦੇ ਸਨ। ਉਹਨਾਂ ਦੀ ਯਾਦ ’ਚ ਇਸ ਜਗ੍ਹਾ ’ਤੇ “ਗੁਰਦੁਆਰਾ ਬਾਲਾ ਸਾਹਿਬ” ਸੁਸ਼ੋਭਿਤ ਹੈ। ਮੁਸਲਮਾਨ ਸਮਾਜ ਦੇ ਲੋਕ ਉਹਨਾਂ ਨੂੰ ਹਮੇਸ਼ਾ “ਬਾਲਾ ਪੀਰ’ ਤੇ ਹਿੰਦੂ ਸਮਾਜ ਦੇ ਲੋਕ ’ਬਾਲ ਮੁਕੰਦ’ ਦੇ ਨਾਮ ਨਾਲ ਯਾਦ ਕਰਦੇ ਰਹਿਣਗੇ।

‘ਗੁਰੂ ਕੀਆਂ ਸਾਖੀਆਂ’ ਅਨੁਸਾਰ ਗੁਰੂ ਸਾਹਿਬ ਦੇ ਦਾਦੀ ਜੀ, ਮਾਤਾ ਬੱਸੀ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਜੀ ਦੀ ਯਾਦ ’ਚ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕੀਤਾ ਜਾਵੇ। ਦੁਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਨੂੰ, ਪੰਜਾਬ ਗੁਰੂ ਸਾਹਿਬ ਜੀ ਦੀ ਦੁੱਖਦਾਈ ਮੌਤ ਦੀ ਖ਼ਬਰ ਦੱਸਣ ਲਈ ਭੇਜਿਆ ਗਿਆ।

ਉਹਨਾਂ ਨੇ ਸਭ ਤੋਂ ਪਹਿਲਾਂ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਦੀ ਭੈਣ ਬੀਬੀ ਰੂਪ ਕੌਰ ਨੂੰ, ਇਸ ਦੁਖਦਾਇਕ ਮੌਤ ਦੀ ਖ਼ਬਰ ਦੱਸੀ। ਅਗਲੇ ਦਿਨ ਉਹ ਬਾਬਾ ਬਕਾਲੇ ਗਏ ਤੇ ਸਿੱਖ ਗੁਰਗੱਦੀ ਦੇ ਵਾਰਸ, ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਹਰਿਕ੍ਰਿਸ਼ਨ ਜੀ ਦੀ ਮੌਤ ਦੀ ਖ਼ਬਰ ਦੱਸੀ। ਗੁਰੂ ਜੀ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲ ਕੇ ਆਏ ਸਨ ਤੇ ਅੱਜ ਉਹਨਾਂ ਨੇ ਉਹਨਾਂ ਦੀ ਮੌਤ ਦੀ ਖ਼ਬਰ ਸੁਣ ਲਈ।


ਦੀਵਾਨ ਦੁਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਬਾਬਾ ਬਕਾਲਾ ਵਿਖੇ ਦਿੱਲੀ ਵਾਪਸ ਪਰਤਣ ਤੋਂ ਪਹਿਲਾਂ ਤਿੰਨ ਦਿਨ ਉਥੇ ਰੁਕੇ।

ਭੱਟ ਵਹੀ ਤਲਾਉਂਦਾ ਪਰਗਣਾ ਜੀਂਦ ’ਚ ਕੀਤੇ ਗਏ ਇੰਦਰਾਜ਼ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਦੇ ਅਸ਼ਤੀਕਲਸ਼ ਦਿੱਲੀ ਤੋਂ ਕੀਰਤਪੁਰ ਸਾਹਿਬ ਲਿਜਾਏ ਗਏ ਤੇ ਅਸ਼ਤਾ ਨੂੰ ਸਤਲੁਜ ਨਦੀ ਦੇ ਪਾਣੀ ’ਚ ਜਲ ਪ੍ਰਵਾਹ ਕਰ ਦਿੱਤਾ ਗਿਆ ਤੇ ਇਸ ਇੰਦਰਾਜ਼ ਦੀ ਸ਼ਬਦਾਵਲੀ ਨਿਮਨ ਲਿਖਤ ਅਨੁਸਾਰ ਹੈ:-

ਸੰਗਤ ਪੁੱਤਰ ਬਿਨਾ ਉਪਲ ਜੋ ਅੰਬ ਮਾੜੀ ਪਰਗਣਾ ਮੀਆਂ ਕਾ ਮੌੜ ਦੇ ਰਹਿਣ ਵਾਲੇ, ਨੰਨੂ ਰਾਮ ਪੁੱਤਰ ਬਾਘਾ ਕੈਲੀਕੋ ਪਰਿੰਨਟਰ ਆਫ ਮੁਹੱਲਾ ਦਿਵਾਲੀ ਦਿੱਲੀ, ਜੱਗੂ ਪੁੱਤਰ ਪਦਮਾ ਜੋ ਦਬੁਰਜੀ ਪਰਗਨਾ ਸੋਧਾਰਾ ਤੇ ਦਰਿਆ ਪੁੱਤਰ ਮੂਲਾ ਅਲੀਪੁਰ ਸ਼ਾਮਲੀ ਪਰਗਨਾ ਮੁਲਤਾਨ, ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਤੋਂ ਅਸ਼ਤ ਲੈ ਕੇ ਕੀਰਤਪੁਰ, ਪਰਗਨਾ ਕਹਿਲੂਰ ਭਾਦੋਂ ਦੀ ਅੱਧੀ ਰਾਤ ਉਪਰੰਤ 1721 ਬਿਕਰਮੀ ਮੁਤਾਬਕ ਦਿਨ 7 ਅਗਸਤ 1664 ਈਸਵੀ ਨੂੰ ਆਏ। ਅਸ਼ਤ ਸਤਲੁਜ ਦਰਿਆ ’ਚ ਜਲ ਪ੍ਰਵਾਹ ਕਰਨ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

## ਗੌਰਵਮਈ ਇਨਕਲਾਬੀ ਇਤਿਹਾਸ ਨਾਲ ਜੋੜਦੀ ਹੈ ਪੁਸਤਕ


# “ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ”



ਡਾ. ਧਰਮਪਾਲ ਸਾਹਿਲ
91-98761-56964

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਅਣਗਿਣਤ ਦੇਸ਼ ਭਗਤਾਂ ਨੇ ਫਾਂਸੀ ਦਾ ਫੰਦਾ ਚੁੰਮਿਆ ਅਤੇ ਕਈਆਂ ਨੇ ਉਮਰ ਕੈਦ ਕੱਟੀ ਤੇ ਸੈਂਕੜੇ ਜਲਾਵਤਨ ਹੋ ਕੇ ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਸਖ਼ਤ ਸਜ਼ਾ ਭੁਗਤਦੇ ਰਹੇ। ਇਸ ਸੰਗਰਾਮ ਵਿਚ ਕਈ ਇਨਕਲਾਬੀ ਲਹਿਰਾਂ ਤੇ ਪਾਰਟੀਆਂ ਨੇ ਅੰਗਰੇਜ਼ਾਂ ਵਿਰੁੱਧ ਲੋਹਾ ਲਿਆ ਤੇ ਸਿੱਟੇ ਵਜੋਂ ਅੰਗਰੇਜ਼ਾਂ ਦੀ ਦੁਸ਼ਮਣੀ ਦਾ ਸ਼ਿਕਾਰ ਹੋਏ। ਇਹਨਾਂ ਦੇਸ਼ ਭਗਤਾਂ, ਸੁਤੰਤਰਤਾ ਸੰਗਰਾਮੀਆਂ ਤੇ ਇਨਕਲਾਬੀਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਰੱਖਣ ਲਈ, ਉਹਨਾਂ ਬਾਰੇ ਕਾਫੀ ਕੁਝ ਲਿਖਿਆ ਗਿਆ। ਇਤਿਹਾਸ ਦੇ ਪੰਨਿਆਂ ਤੇ ਉਹਨਾਂ ਦੀ ਸੰਘਰਸ਼ਮਈ ਜੀਵਨ ਗਾਥਾ ਨੂੰ ਸੁਨਹਿਰੇ ਅੱਖਰਾਂ ਵਿਚ ਦਰਜ ਕੀਤਾ ਗਿਆ ਪਰ ਗਦਰ ਪਾਰਟੀ ਜਿਸ ਦਾ ਕਿ ਆਜ਼ਾਦੀ ਦੀ ਲੜਾਈ ਵਿਚ ਬਹੁਤ ਜ਼ਿਕਰਯੋਗ ਯੋਗਦਾਨ ਰਿਹਾ, ਉਹਨਾਂ ਗਦਰੀਆਂ ਦੇ ਜੀਵਨ ਬਾਰੇ ਨਾ ਜ਼ਿਆਦਾ ਲਿਖਿਆ ਗਿਆ ਤੇ ਨਾ ਹੀ ਉਹਨਾਂ ਦੇ ਜੀਵਨ ਨਾਲ ਸਬੰਧਿਤ ਸਮੱਗਰੀ ਦੀ ਸਾਂਭ-ਸੰਭਾਲ ਕੀਤੀ ਗਈ। ਲੇਕਿਨ ਸਮੇਂ ਦੀ ਲੋੜ ਨੂੰ ਵਿਚਾਰਦਿਆਂ ਕਈ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਨੇ ਇਸ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕੀਤਾ। ਜਿਸ ਦੇ ਸਿੱਟੇ ਵਜੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਾਹਰੀ ਦੇ ਜੰਮਪਲ ਗਦਰੀ ਲਹਿਰ ਦੇ ਇਨਕਲਾਬੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਬਾਰੇ ਇਕ ਮਹੱਤਵਪੂਰਨ ਖੋਜ ਪੁਸਤਕ ਸਾਹਰੀ ਪਿੰਡ ਦੇ ਹੀ ਨੌਜਵਾਨ ਲੇਖਕ ਡਾ. ਜਸਵੰਤ ਰਾਏ ਨੇ ਪਾਠਕਾਂ ਨੂੰ ਭੇਟ ਕੀਤੀ ਹੈ। ਵਿਲੱਖਣ ਗੱਲ ਇਹ ਹੈ ਕਿ ਬਾਬੂ ਹਰਨਾਮ ਸਿੰਘ ਦੇ ਜੀਵਨ ਬਾਰੇ ਬਹੁਤ ਘੱਟ ਸਮੱਗਰੀ ਪ੍ਰਾਪਤ ਹੋਣ ਦੇ ਬਾਵਜੂਦ, ਡਾ. ਜਸਵੰਤ ਰਾਏ ਨੇ ਆਪਣੀ ਖੋਜ ਪ੍ਰਵਿਰਤੀ ਕਾਰਨ ਬੜੀ ਮਿਹਨਤ ਤੇ ਲਗਨ ਨਾਲ ਇਹ ਸਮੱਗਰੀ ਜੁਟਾ ਕੇ ਉਸਨੂੰ ਪੁਸਤਕ ਰੂਪ ਦੇ ਕੇ ਇਕ ਮਹੱਤਵਪੂਰਨ ਦਸਤਾਵੇਜ਼ ਉਪਲਬਧ ਕਰਵਾਇਆ ਹੈ।

ਪੁਸਤਕ “ਕੌਮ ਦਾ ਸਿਤਾਰਾ” ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਸੱਤ ਚੈਪਟਰਾਂ ਵਿਚ ਪੁਸਤਕ ਦੇ ਜਨਮ, ਗਦਰ ਲਹਿਰ ਦੇ ਪਿਛੋਕੜ, ਪਿੰਡ ਸਾਹਰੀ ਦਾ ਸਮਾਜ ਤੇ ਸਭਿਆਚਾਰ, ਬਾਬੂ ਹਰਨਾਮ ਸਿੰਘ ਦਾ ਪਿੰਡ ਨਿਵਾਸ, ਗਦਰ ਲਹਿਰ ਤੋਂ ਪਹਿਲਾਂ, ਗਦਰ ਪਾਰਟੀ ਅਤੇ ਕਾਮਾਗਾਟਾਮਾਰੂ ਦੇ ਘਟਨਾਕ੍ਰਮ ਵਿਚ ਲਾਸਾਨੀ ਭੂਮਿਕਾ, ਬਰਮਾ ਦੀ ਗਦਰ ਲਹਿਰ ਵਿਚ ਬਾਬੂ ਹਰਨਾਮ ਸਿੰਘ ਅਤੇ ਚਾਂਦ ਫਾਂਸੀ ਅੰਕ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਬਰਮਾ ਕਾਂ-ਸਪੀਰੇਸੀ ਕੇਸ, ਜੱਜ ਦੇ ਬਾਬੂ ਹਰਨਾਮ ਸਿੰਘ ਨਾਲ ਸਵਾਲ-ਜਵਾਬ, ਕਿਰਤੀ: ਅਗਸਤ 1947, ਬਾਬੂ ਹਰਨਾਮ ਸਿੰਘ ਜੀ ਸਾਹਰੀ ਸ਼ਹੀਦ, ਗਦਰ ਲਹਿਰ ਦੀ ਕਵਿਤਾ, ਜਦੋਂ ਆਪਣਿਆਂ ਨੇ ਆਪਣਿਆਂ ਦੇ ਖ਼ੂਨ ਨਾਲ ਖੇਡੀ ਹੋਲੀ, ਬਾਬੂ ਹਰਨਾਮ ਸਿੰਘ ਜੇਲ੍ਹ ਵਿਚ ਬੰਦ ਸਮੇਂ, ਪੰਡਤ ਸੋਹਣ ਲਾਲ ਪਾਠਕ ਦਾ ਸਵਦੇਸ਼ ਸੇਵਕ ਅਤੇ ਗਦਰ ਡਾਇਰੈਕਟਰੀ ਦਾ ਰਿਕਾਰਡ ਆਦਿ ਅਹਿਮ ਦਸਤਾਵੇਜ਼ੀ ਜਾਣਕਾਰੀ ਵੀ ਉਪਲਬਧ ਕਰਵਾਈ ਗਈ ਹੈ। ਡਾ. ਜਸਵੰਤ ਰਾਏ ਨੇ ਰੋਚਕ ਸ਼ੈਲੀ ਵਿਚ ਤਰਤੀਬਵਾਰ ਬਾਬੂ ਹਰਨਾਮ ਸਿੰਘ ਦਾ ਆਪਣੀ ਜੰਮਣ ਭੋਇੰ ਸਾਹਰੀ ਤੋਂ ਵਿਦੇਸ਼ ਜਾ ਕੇ ਗਦਰ ਪਾਰਟੀ ਦੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਣ ਦਾ ਦਲੇਰਾਨਾ ਢੰਗ ਅਤੇ ਆਪਣੇ ਲਈ ਨਾ ਕਰਕੇ, ਕਈ ਥਾਵਾਂ ਤੇ ਰੂਪ ਬਦਲ ਕੇ ਅੰਗਰੇਜ਼ਾਂ ਨਾਲ ਟੱਕਰ ਲੈਣ ਅਤੇ ਆਖਿਰ ਅੰਗਰੇਜ਼ ਜੱਜ ਵੱਲੋਂ ਫਾਂਸੀ ਦੀ ਸਜ਼ਾ ਸੁਣਾਏ ਜਾਣ ਤੇ ਸ਼ਹੀਦੀ ਪ੍ਰਾਪਤ ਕਰ ਲੈਣ ਦੀ ਗਾਥਾ ਇਸ ਪੁਸਤਕ ਵਿਚ ਪੜ੍ਹਨ ਨੂੰ ਮਿਲਦੀ ਹੈ। ਬਾਬੂ ਹਰਨਾਮ ਸਿੰਘ ਦੀ ਕਾਰਜ ਸ਼ੈਲੀ, ਕੌਮ ਪ੍ਰਸਤੀ ਤੇ ਦੇਸ਼ ਭਗਤੀ ਬਾਰੇ ਪੜ੍ਹਦਿਆਂ ਜਿੱਥੇ ਲੂੰਅ ਕੰਡੇ ਖੜ੍ਹੇ ਹੋ ਜਾਂਦੇ ਹਨ, ਉਥੇ ਉਹਨਾਂ ਦੀ ਕੁਰਬਾਨੀ ਤੋਂ ਉਹਨਾਂ ਪ੍ਰਤੀ ਸ਼ਰਧਾ ਨਾਲ ਸਿਰ ਵੀ ਝੁਕ ਜਾਂਦਾ ਹੈ।




ਬਾਬੂ ਹਰਨਾਮ ਸਿੰਘ ਸਾਹਰੀ ਦੀ ਸ਼ਹੀਦੀ ਦੇ ਲੱਗਭੱਗ ਸੌ ਸਾਲ ਬਾਅਦ ਡਾ. ਜਸਵੰਤ ਰਾਏ ਵੱਲੋਂ ਉਹਨਾਂ ਦੀ ਇਨਕਲਾਬੀ ਜੀਵਨ ਗਾਥਾ ਨੂੰ ਰੋਚਕ ਢੰਗ ਨਾਲ, ਇਤਿਹਾਸਕ ਸਮੱਗਰੀ ਦੀ ਪ੍ਰਮਾਣਿਕਤਾ ਨੂੰ ਕਾਇਮ ਰੱਖਦਿਆਂ, ਸੌ ਸਾਲ ਪੁਰਾਣੇ ਇਤਿਹਾਸ ਨੂੰ ਸਿਰਜਦਿਆਂ ਜੋ ਯਥਾਰਥ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ, ਇਹ ਖੋਜ ਕਾਰਜ ਹੋਰ ਕਈ ਸਾਹਿਤਕਾਰਾਂ ਤੇ ਇਤਿਹਾ-ਸਕਾਰਾਂ ਲਈ ਪ੍ਰੇਰਨਾ ਦਾ ਸੋਮਾ ਬਣੇਗਾ। ਅਜਿਹਾ ਇਤਿਹਾਸ ਲਿਖਣ ਸਮੇਂ ਲੇਖਕ ਨੇ ਜੀਵਨੀ ਦੇ ਨਾਇਕ, ਉਸ ਦੇ ਜੀਵਨ, ਕਾਰਨਾਮਿਆਂ, ਸਾਥੀਆਂ, ਸਬੰਧਿਤ ਥਾਵਾਂ ਤੇ ਵਿਸ਼ੇਸ਼ ਕਰ ਉਸ ਦੀ ਵਿਚਾਰਧਾਰਾ ਨੂੰ ਇੰਨ ਬਿਨ ਉਭਾਰਨਾ ਹੁੰਦਾ ਹੈ ਤੇ ਖੁਦ ਛਿਪੇ ਸੂਤਰਧਾਰ ਵਾਂਗ ਪਰਦੇ ਪਿੱਛੇ ਰਹਿਣਾ ਹੁੰਦਾ ਹੈ। ਡਾ. ਜਸਵੰਤ ਰਾਏ ਨੇ ਹੱਥਲੀ ਪੁਸਤਕ ਲਿਖਦਿਆਂ ਆਪਣੀ ਇਹ ਡਿਊਟੀ ਬਾਖ਼ੂਬੀ ਨਿਭਾਈ ਹੈ। “ਹਾਂ, ਇੰਝ ਲਿਖ ਹੋਈ ਪੁਸਤਕ” ਚੈਪਟਰ ਵਿਚ ਡਾ. ਜਸਵੰਤ ਰਾਏ ਨੇ ਪੁਸਤਕ ਲਿਖਣ ਲਈ ਸ: ਗੁਲਜ਼ਾਰ ਸਿੰਘ ਸੰਧੂ ਅਤੇ ਚਰੰਜੀ ਲਾਲ ਕੰਗਣੀਵਾਲ ਹੋਰਾਂ ਤੋਂ ਮਿਲੀ ਪ੍ਰੇਰਨਾ ਅਤੇ ਬਾਬੂ ਹਰਨਾਮ ਸਿੰਘ ਦੇ ਜੀਵਨ ਦੀਆਂ ਘਟਨਾਵਾਂ ਨੂੰ ਲਿਖਦਿਆਂ ਲੇਖਕ ਵੱਲੋਂ ਭਾਵੁਕ ਹੋ ਜਾਣਾ, ਡਾ. ਜਸਵੰਤ ਰਾਏ ਦੀ ਇਸ ਪੁਸਤਕ ਦੇ ਨਾਇਕ ਪ੍ਰਤੀ ਸ਼ਰਧਾ ਅਤੇ ਇਸ ਇਤਿਹਾਸਕ ਕਾਰਜ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਪ੍ਰਦਰਸ਼ਿਤ ਕਰਦਾ ਹੈ। ਸਾਹਿਤ ਦੀਆਂ ਹੋਰ ਵੰਨਗੀਆਂ ਸਿਰਜਦੇ ਸਮੇਂ ਅਸੀਂ ਘਰ ਅੰਦਰ ਬੈਠ ਕੇ ਆਪਣੇ ਚੇਤਨ/ਅਵਚੇਤਨ ਵਿਚੋਂ ਸਮੱਗਰੀ ਕੱਢ ਕੇ ਉਸ ਨੂੰ ਪੁਨਰ ਸਿਰਜਿਤ ਕਰ ਲੈਂਦੇ ਹਾਂ, ਲੇਕਿਨ ਕਿਸੇ ਇਨਕਲਾਬੀ ਜਾਂ ਦੇਸ਼ ਭਗਤ ਦੀ ਜੀਵਨ ਗਾਥਾ ਲਿਖਣ ਤੋਂ ਪਹਿਲਾਂ ਉਸ ਦੇ ਜੀਵਨ ਨਾਲ ਸਬੰਧਤ ਦਸਤਾਵੇਜ਼ ਇਕੱਠੇ ਕਰਨੇ ਪੈਂਦੇ ਹਨ। ਉਸ ਨਾਲ ਜੁੜੇ ਰਹੇ ਲੋਕਾਂ ਤੋਂ ਜਾਣਕਾਰੀ ਹਾਸਲ ਕਰਨੀ ਪੈਂਦੀ ਹੈ। ਕਈ ਤਰ੍ਹਾਂ ਦੇ ਅੰਕੜੇ ਤੇ ਤਸਵੀਰਾਂ ਇਕੱਤਰ ਕਰਨੀਆਂ ਪੈਂਦੀਆਂ ਹਨ। ਇਹ ਕਾਰਜ ਉਦੋਂ ਹੋਰ ਵੀ ਔਖਾ ਹੋ ਜਾਂਦਾ ਹੈ ਜਦੋਂ ਬਾਬੂ ਹਰਨਾਮ ਸਿੰਘ ਸਾਹਰੀ ਵਰਗੇ ਸ਼ਹੀਦਾਂ ਨੇ ਵਧੇਰਾ ਜੀਵਨ ਵਿਦੇਸ਼ਾਂ ਵਿਚ ਗੁਜ਼ਾਰਿਆ ਹੋਵੇ ਤ ਸੌ ਸਾਲ ਬੀਤਣ ਉਪਰੰਤ ਉਹਨਾਂ ਦੇ ਸੰਗੀ ਸਾਥੀ ਤੇ ਦਸਤਾਵੇਜ਼ ਬਹੁਤ ਘੱਟ ਉਪਲਬਧ ਹੋਣ। ਪਰ ਡਾ. ਜਸਵੰਤ ਰਾਏ ਨੇ ਜਿਸ ਲਗਨ, ਮਿਹਨਤ ਤੇ ਰੁਚੀ ਨਾਲ ਅਜਿਹੀ ਦੁਰਲੱਭ ਜਾਣਕਾਰੀ ਇਕੱਠੀ ਕੀਤੀ ਹੈ, ਪੁਸਤਕ ਉਸਦਾ ਮੂੰਹ ਬੋਲਦਾ ਪ੍ਰਮਾਣ ਹੈ।

ਇਸ ਪੁਸਤਕ ਦੀ ਮਹੱਤਤਾ ਉਦੋਂ ਹੋਰ ਵੀ ਵੱਧ ਜਾਂਦੀ ਹੈ ਜਦੋਂ ਪਾਠਕ ਪੁਸਤਕ ਪੜ੍ਹਦਿਆਂ ਇਹ ਮਹਿਸੂਸ ਕਰਦਾ ਹੈ ਕਿ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਦੇ ਕਈ ਪਹਿਲੂ ਜਿਹਨਾਂ ਤੋਂ ਉਹ ਸੌ ਸਾਲ ਤੱਕ ਅਣਜਾਣ ਰਿਹਾ ਹੈ, ਉਸ ਦੀ ਜਾਣਕਾਰੀ ਹਾਸਲ ਹੁੰਦੀ ਹੈ। ਬਾਬੂ ਹਰਨਾਮ ਸਿੰਘ ਵੱਲੋਂ ਵਿਦੇਸ਼ੀ ਧਰਤੀ ਤੇ ਪਹਿਲਾ ਪੰਜਾਬੀ ਅਖ਼ਬਾਰ ਸ਼ੁਰੂ ਕਰਨਾ, ਨਿੱਜੀ ਤੌਰ ਤੇ ਉਹ ਖ਼ੁਦ ਇਕ ਵਧੀਆ ਕਾਰਟੂਨਿਸਟ ਹੋਣਾ, ਕਈ ਭਾਸ਼ਾਵਾਂ ਦਾ ਜਾਣੂ ਹੋਣਾ ਆਦਿ ਬਾਰੇ ਪਤਾ ਚਲਦਾ ਹੈ।

ਡਾ. ਜਸਵੰਤ ਰਾਏ ਵੱਲੋਂ ਵਰਤੀ ਗਈ ਸਰਲ, ਮੁਹਾਵਰੇਦਾਰ ਤੇ ਕਾਵਿਮਈ ਭਾਸ਼ਾ ਪੁਸਤਕ ਨੂੰ ਰੋਚਕ ਬਣਾਉਂਦੀ ਹੈ। ਇਹ ਜੀਵਨੀ ਗਦਰ ਪਾਰਟੀ ਦੇ ਹੋਰ ਦੇਸ਼ ਭਗਤਾਂ ਦੀ ਜੀਵਨੀ ਪੜ੍ਹਨ ਲਈ ਵੀ ਪ੍ਰੇਰਨਾ ਪੈਦਾ ਕਰਦੀ ਹੈ। ਪਾਠਕ ਨੂੰ ਆਪਣੇ ਗੌਰਵਮਈ ਇਨਕਲਾਬੀ ਇਤਿਹਾਸ ਨਾਲ ਜੋੜਦੀ ਹੈ। ਲੇਖਕ ਡਾ. ਜਸਵੰਤ ਰਾਏ ਨੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਜੀਵਨੀ ਲਿਖ ਕੇ ਨਾ ਸਿਰਫ ਇਨਕਲਾਬੀਆਂ ਦੀਆਂ ਜੀਵਨੀਆਂ ਲਿਖਣ ਦੇ ਸਿਲਸਿਲੇ ਨੂੰ ਅਗਾਂਹ ਤੋਰਿਆ ਹੈ, ਸਗੋਂ ਉਸਨੇ ਪਿੰਡ ਸਾਹਰੀ ਦੇ ਜੰਮਪਲ ਹੋਣ ਕਰਕੇ ਉਸ ਮਿੱਟੀ ਦਾ ਰਿਣ ਵੀ ਉਤਾਰਿਆ ਹੈ, ਜਿਸ ਵਿਚੋਂ ਬਾਬੂ ਹਰਨਾਮ ਸਿੰਘ ਵਰਗੇ ਦੇਸ਼ ਭਗਤ ਪੈਦਾ ਹੋਏ ਹਨ।

ਪੁਸਤਕ ਢੁਕਵੀਆਂ ਤਸਵੀਰਾਂ, ਹੱਥ ਲਿਖਤਾਂ, ਅੰਕੜਿਆਂ ਅਤੇ ਹੋਰ ਦਸਤਾਵੇਜ਼ਾਂ ਕਰਕੇ ਮਹੱਤਵਪੂਰਨ ਬਣ ਗਈ ਹੈ। ਸਮਾਜ ਨੂੰ ਇਕ ਚੰਗੀ ਕਿਰਤ ਦੇਣ ਲਈ ਡਾ. ਜਸਵੰਤ ਰਾਏ ਵਧਾਈ ਦਾ ਪਾਤਰ ਹੈ।

*ਇਹ ਕਿਤਾਬ ‘ਦੇਸ਼ ਦੁਆਬਾ ਹਫਤਾਵਾਰੀ ਅਖਬਾਰ,*
*ਜਿਸ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਹਨ’*
*ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਦੇ ਛਾਪਕ ਲੋਕ*
*ਗੀਤ ਪ੍ਰਕਾਸ਼ਨ ਚੰਡੀਗੜ੍ਹ’ ਹਨ।*

## ‘ਯਾਦਾਂ’

ਚਰਨ ‘ਪ੍ਰਦੇਸੀ’
916-587-4002

ਯਾਦਾਂ ਤੇਰੀਆਂ ਜੋ ਆਉਂਦੀਆਂ ਨੇ, ਅਸੀਂ ਹੁਣ ਕੀ ਕਰੀਏ।
ਦਿਨੇ ਰਾਤੀਂ ਸਤਾਉਂਦੀਆਂ ਨੇ, ਦੱਸ ਹੁਣ ਕੀ ਕਰੀਏ।।


ਬੂਟਾ ਪਿਪਲੇ ਦਾ ਅਸਾਂ ਜੋ ਲਾਇਆ ਸੀ,
ਪਿਆਰ ਇੰਝ ਤੂੰ ਸਾਡੇ ਨਾਲ ਪਾਇਆ ਸੀ।
ਅੱਖਾਂ ਥੱਕੀਆਂ ਨੇ ਉਸ ਨੂੰ ਵਧਾ ਕੇ,
ਪਾਣੀ ਜਿਗਰ ਦਾ ਉਸ ਨੂੰ ਪਿਲਾ ਕੇ।
ਦੱਸ ਯਤਨ ਅਸੀਂ ਹੋਰ ਕੀ ਕਰੀਏ...
ਯਾਦਾਂ ਤੇਰੀਆਂ ਜੋ.......

ਹੁਣ ਫੁੱਲਾਂ ਤੇ ਬਹਾਰ ਪਈ ਆਉਂਦੀ ਏ,
ਹਰ ਪਾਸੇ ਕਲੀ ਪਈ ਮੁਸਕਰਾਉਂਦੀ ਏ।
ਦਿਲ ਮੇਰੇ ਨੂੰ ਲਾਂਬੂ ਜਿਹਾ ਲਾਉਂਦੀ ਏ,
ਜਿਸਮ ਆਪਣੇ ਦਾ ਖ਼ੂਨ ਵੀ ਪਿਲਾਇਆ,
ਇਸ ਪਿੱਪਲੇ ’ਤੇ ਫੁੱਲ ਕਿਉਂ ਨਾ ਆਇਆ....
ਦੱਸ ਹੁਣ ਕੀ ਕਰੀਏ .....

ਰਾਤ ਕਾਲੀ ਘਟਾ ਵਿਹੜੇ ਉਤੇ ਛਾ ਗਈ,
ਹੁਣ ਮੁੜ ਸਾਨੂੰ ਯਾਦ ਤੇਰੀ ਆ ਗਈ।
ਬੈਠੇ ਪਿੱਪਲੇ ਦੀ ਛਾਵੇਂ ਜਦੋਂ ਦੋਵੇਂ ਸੀ,
ਸਾਵਨ ਵਰਸਿਆ ਜੋ ਸਾਡੇ ਉਤੇ ਹੌਲ਼ੇ ਸੀ।
ਬੈਠ ਬੀਤੀ ਯਾਦਾਂ ਨੂੰ ਦੁਹਰਾਨੀ ਆਂ .......
ਅਸੀਂ ਹੁਣ ਕੀ ......

ਹੁਣ ਪਿੱਪਲੇ ਦਾ ਬੂਟਾ ਵੱਡਾ ਹੋ ਗਿਆ,
ਦਿਲ ਤੇਰਾ ਜਾਣੇ ਕਿੱਧਰੇ ਖੋ ਗਿਆ।
ਉੱਠ ਗਿਣਤੀ ਮੈਂ ਰੋਜ਼ ਲਗਾਨੀਆਂ,
ਹਰ ਘੜੀ ਪਈ ਦਿਲ ਨੂੰ ਸਮਝਾਨੀਆਂ।

ਕਿਉਂ ਕਰਮਾਂ ਦੇ ਗੇੜਿਆਂ ’ਚ ਪਾਉਂਨਾ ਏ .....
ਯਾਦਾਂ ਤੇਰੀਆਂ ਜੋ .......



ਸਾਡੇ ਪਿੱਪਲਾਂ ਦਾ ਇਹ ਹੁਣ ਹਾਲ ਵੇ,
ਜੇ ਤੂੰ ਆਵੇਂ ਤਾਂ ਆਊ ਬਹਾਰ ਵੇ।
ਬਿਨ ਰੂਹੋਂ ਸਰੀਰ ਹੋਇਆ ਕੰਗਲਾ,
ਤਾਨੇ ਮਾਰਦਾ ਏ ਮੈਨੂੰ ਜੱਗ ਕਮਲਾ।
ਆਜਾ ’ਚਰਨ’ ਕਰਨਾ ਹੁਣ ਦੇਰੀਆਂ ...
ਯਾਦਾਂ ਤੇਰੀਆਂ ਜੋ....

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ




ਪ੍ਰੋਫੈਸਰ (ਡਾ.) ਰੌਣਕੀ ਰਾਮ
Dean, Faculty of Arts
Honorary Director, ICSSR,
North-Western Regional Centre
Shaheed Bhagat Singh Professor
of Political Science, Arts Block IV,
Panjab University, Chandigarh
0091-9779142308


*(ਪੰਜਵੀ ਕਿਸਤ)*

ਅਸਲ ਵਿਚ ਇਹ ਗੱਲ ਲਾਲ ਸਿੰਘ ਦਿਲ ਬਾਰੇ ਹੀ ਨਹੀਂ ਬਲਕਿ ਸਾਰੀਆਂ ਇਨਕਲਾਬੀ ਲਹਿਰਾਂ ਉੱਤੇ ਲਾਗੂ ਹੁੰਦੀ ਹੈ ਜਿਸ ਵਿਚ ਕਵਿਤਾ ਦਾ ਅਦਬ ਸਥਾਨ ਹੈ। ਇਹ ਵਿਚਾਰ ਇਸੇ ਤਰ੍ਹਾਂ ਪੂਰਨ ਤੌਰ 'ਤੇ ਗ਼ਦਰ ਲਹਿਰ ਨੂੰ ਵੀ ਛੂੰਹਦਾ ਹੈ। ਅਗਰ ਅਸੀਂ ਬਹੁਤ ਪਿਛੇ ਵੀ ਚੱਲੇ ਜਾਈਏ ਤਾਂ ਪੂਰੀ ਦੀ ਪੂਰੀ ਭਗਤੀ ਲਹਿਰ ਜਾਂ ਫਿਰ ਉਸ ਤੋਂ ਵੀ ਪਹਿਲਾਂ ਹੋਂਦ ਵਿਚ ਆਏ ਵੇਦ ਅਤੇ ਵੈਦਿਕ ਰਚਨਾਵਾਂ ਸਮੇਤ ਪਤਾਂਜਲੀ ਅਤੇ ਪਾਣਨੀ ਦੀਆਂ ਲਿਖਤਾਂ ਸਾਡੇ ਤਕ ਕਵਿਤਾ ਦੇ ਰੂਪ ਵਿਚ ਹੀ ਪਹੁੰਚਦੀਆਂ ਹਨ। ਸਾਰੀ ਗੁਰਬਾਣੀ ਵੀ ਸੰਗੀਤਮਈ ਕਵਿਤਾ ਦੇ ਰੂਪ ਵਿਚ ਹੀ ਉਚਾਰੀ ਗਈ ਹੈ। ਅਜਿਹਾ ਸਭ ਕੁਝ ਭਾਂਪ ਕੇ ਇਵੇਂ ਨਹੀਂ ਲੱਗਦਾ ਕਿ ਜਿਸ ਖਿੱਤੇ ਦੀ ਅਸੀਂ ਗੱਲ ਕਰਦੇ ਹਾਂ, ਕਵਿਤਾ ਉਸ ਦੀ ਰੂਹ ਹੈ। ਜੇ ਇਹ ਸੱਚ ਹੈ ਤਾਂ ਫਿਰ ਇਹ ਵੀ ਸੱਚ ਹੈ ਕਿ ਕਵਿਤਾ ਦੇ ਰਚਣਹਾਰ ਮਹਿਜ਼ ਕਵੀ ਹੀ ਨਾ ਹੋ ਕੇ ਚਿੰਤਨਸ਼ੀਲ, ਯਥਾਰਥਵਾਦੀ, ਵਿਗਿਆਨੀ ਹੋਣ ਦੇ ਨਾਲ-ਨਾਲ ਇਸ ਧਰਤੀ ਉੱਤੇ ਸਮਾਜਿਕ ਬਰਾਬਰਤਾ ਅਤੇ ਹਸਮੁੱਖ ਇਨਸਾਨਾਂ ਦੀ ਹੋਂਦ ਦੇ ਸਾਰਥੀ/ ਇਨਕਲਾਬੀ ਵੀ ਸਨ ਅਤੇ ਹਨ। ਕਵੀਆਂ ਦਾ ਅਜਿਹਾ ਹੋਣਾ ਕਵਿਤਾ ਦੇ ਮਾਨ੍ਹਿਆਂ ਨੂੰ ਬਹੁਤ ਵਿਸ਼ਾਲ ਬਣਾ ਦਿੰਦਾ ਹੈ।

ਲਾਲ ਸਿੰਘ ਦਿਲ ਅਜਿਹੇ ਕਵੀਆਂ ਵਿਚੋਂ ਇਕ ਸਨ। ਕਵੀ ਹੋਣਾ, ਸਮਾਜਿਕ ਬਰਾਬਰਤਾ ਦੀ ਗੱਲ ਕਰਨਾ, ਚਿੰਤਨਸ਼ੀਲ ਹੋਣਾ ਅਤੇ ਨਕਸਲਵਾਦੀ ਹੋਣਾ ਸਭ ਸਮਾਨਾਰਥੀ ਸ਼ਬਦ ਹਨ। ਇਨਕਲਾਬੀਆਂ ਦਾ ਕਵੀ ਹੋਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਹ ਪੂੰਜੀਵਾਦੀ ਅਨਾਰਕੀ ਦੇ ਉਲਟ ਖ਼ੁਸਹਾਲਤਾ, ਸਮਾਜਿਕ ਬਰਾਬਰਤਾ ਅਤੇ ਸਾਵੀਂ ਆਰਥਿਕਤਾ, ਜੋ ਕਿ ਲੁੱਟ ਖਸੁੱਟ ਤੋਂ ਮੁਕਤ ਹੋਵੇ, ਦੇ ਅਗਰਦੂਤ ਸਨ। ਜਿਥੋਂ ਤਕ ਕਵੀਆਂ ਦਾ ਅਨਾਰਕੀ ਦੇ ਨਾਲ ਨਾਤਾ ਹੈ ਉਹ ਆਪਸ ਵਿਚ ਇਕ ਅਲੱਗ ਪਹਿਚਾਣ ਰੱਖਦਾ ਹੈ। ਕਵੀ ਹਮੇਸ਼ਾ ਹੀ ਲੁੱਟ-ਖਸੁੱਟ ਦੇ ਵਿਰੁੱਧ ਜਿਹੜਾ ਵਿਧਾਨ ਘੜਿਆ ਹੁੰਦਾ ਹੈ ਉਸ ਦੇ ਵਿਰੁੱਧ ਆਵਾਜ਼ ਉਠਾ ਕੇ ਅਨਾਰਕੀ ਦਾ ਪਰਚਮ ਲਹਿਰਾਉਂਦਾ ਹੈ। ਦਿਲ ਨੇ ਇਹ ਪਰਚਮ ਆਪਣੀ ਕਵਿਤਾ ਦੇ ਰਾਹੀਂ ਜੱਗ ਜਾਹਰ ਕੀਤਾ ਹੈ। ਇਹੀ ਕਾਰਨ ਹੈ ਕਿ ਜਿਸ ਵੀ ਲਹਿਰ ਜਾਂ ਜਥੇਬੰਦੀ ਦੀ ਪ੍ਰੋੜ੍ਹਤਾ ਕਵਿਤਾ ਵਿਚ ਹੋਣ ਲੱਗ ਪਵੇ ਤਾਂ ਉਹ ਲਹਿਰ/ ਜੱਥੇਬੰਦੀ ਕਵਿਤਾ ਦੇ ਸਹਾਰੇ ਅਮਰ ਹੋ ਜਾਂਦੀ ਹੈ। ਲੋਕਾਂ ਦੇ ਦਿਲਾਂ ਵਿਚ ਘਰ ਕਰ ਜਾਂਦੀ ਹੈ। ਆਪ ਮੁਹਾਰੇ ਜ਼ੁਬਾਨ ਤੇ ਆ ਜਾਂਦੀ ਹੈ।

ਲਾਲ ਸਿੰਘ ਦਿਲ ਵੀ ਸਮਾਜਿਕ ਬਾਰਬਰਤਾ ਅਤੇ ਸਾਵੀਂ ਆਰਥਿਕਤਾ ਦਾ ਸੁਪਨਾ ਲੈ ਕੇ ਭਾਰਤ ਵਿਚ ਇਨਕਲਾਬ ਲਿਆਉਣ ਲਈ ਨਕਸਲਬਾੜੀ ਲਹਿਰ ਵਿਚ ਕੁੱਦਿਆ ਸੀ। ਦਿਲ ਦਾ ਕਵੀ ਹੋਣਾ, ਉਸ ਦਾ ਗ਼ਰੀਬ ਪਰਿਵਾਰ ਵਿਚ ਜਨਮ ਲੈਣਾ ਅਤੇ ਅੱਗੋਂ ਉਸ ਪਰਿਵਾਰ ਦਾ ਜਾਤੀ ਪੱਧਰ 'ਤੇ ਹਾਸ਼ੀਆਗ੍ਰਸਤ ਹੋਣਾ ਮਹਿਜ ਸੰਜੋਗ ਹੀ ਨਹੀਂ ਬਲਕਿ ਅੱਟਲ ਹੋਣੀ ਹੈ, ਪਰੰਤੂ ਅਜਿਹੀ ਹੋਣੀ ਜ਼ਰੂਰੀ ਨਹੀਂ ਕਿ ਸਭ ਦੇ ਹਿੱਸੇ ਆਵੇ। ਅਗਰ ਅਜਿਹਾ ਹੁੰਦਾ ਵੀ ਤਾਂ ਫਿਰ ਇਹ ਜ਼ਰੂਰੀ ਨਹੀਂ ਕਿ ਉਸ ਦੀ ਹੋਣੀ ਲਾਲ ਸਿੰਘ ਦਿਲ ਵਾਲੀ ਹੋਣੀ ਹੀ ਹੋਵੇਗੀ। ਲਾਲ ਸਿੰਘ ਦਿਲ ਗਰੀਬਾਂ ਦੀ ਸਭ ਤੋਂ ਥੱਲੜੀ ਜਾਤੀ ਨਾਲ ਸੰਬੰਧਿਤ ਲੋਕਾਂ, ਜਿਨ੍ਹਾਂ ਨੂੰ ਆਪਣੇ ਹੀ ਘਰ ਵਿਚ ਬੇਗਾਨਾ ਬਣਾ ਕੇ ਛੇਕਿਆ ਗਿਆ ਅਤੇ ਪੀੜਤ ਔਰਤਾਂ ਦੀ ਉਹ ਮਰਦੰਗ ਸੀ ਜਿਹੜੀ ਬ੍ਰਾਹਮਣਵਾਦੀ ਵਰਣ-ਪ੍ਰਥਾ ਤੋਂ ਪ੍ਰੇਰਿਤ ਕਾਣੇ ਸਮਾਜ ਅਤੇ ਲੋਟੂ ਆਰਥਿਕਤਾ ਦੀ ਬੁਰਛਾਗਰਦੀ ਦੇ ਸਿਰ ਸ਼ੰਖ ਬਣ ਕੇ ਜੰਗੀ ਲਹਿਰ ਦੀ ਲਲਕਾਰ ਵਾਂਗੂ ਗਰਜੀ। ਪਰ ਹਾਂ, ਉਸ ਦੀ ਕਵਿਤਾ ਦੀ ਅਜਿਹੀ ਲਲਕਾਰ ਕੱਤਈ ਹੀ ਜ਼ਾਲਮਮਈ ਨਹੀਂ ਸੀ। ਉਹ ਤਾਂ ਜ਼ਾਲਮਤਾ ਦੇ ਵਿਰੁੱਧ ਬੁਲੰਦੀ ਦਾ ਪਰਚਮ ਲਹਿਰਾਉਂਦੀ ਹੋਈ ਸਿਰਜਣਾਮਕ ਸ਼ਾਂਤੀ ਬਹਾਲ ਕਰਨ ਪ੍ਰਤੀ ਬਚਨਬੱਧ ਸੀ। ਉਸ ਦਾ ਵੇਗ ਬਿਜਲੀ ਵਰਗਾ ਹੁੰਦਾ ਹੋਏ ਵੀ ਸੁੱਤੇ ਸਮੁੰਦਰ ਦੀ ਸਹਿਜਤਾ ਵਰਗਾ ਸੀ। ਉਸ ਦੀ ਕਵਿਤਾ ਦਾ ਇਹ ਸਹਿਜਮਈ ਗੁਣ ਦਿਲ ਦੀ ਰਾਜਨੀਤਿਕ ਵਿਚਾਰਧਾਰਾ ਅਤੇ ਸਮਾਜਿਕ ਸਰੋਕਾਰਾਂ ਨੂੰ ਅਲੱਗ-ਅਲੱਗ ਨਾ ਪੇਸ਼ ਕਰਦਾ ਹੋਇਆ ਇਕ ਸੁਰ ਵਿਚ ਲੈਅ-ਬੱਧ ਕਰਦਾ ਨਜ਼ਰ ਆਉਂਦਾ ਹੈ। ਇਹੋ ਹੀ ਗੁਣ ਉਸ ਨੂੰ ਖੁਦਕੁਸ਼ੀ ਕਰਨ ਤੋਂ ਜਾਂ ਫਿਰ ਕਿਸੇ ਦਾ ਕਤਲ ਕਰਨ ਤੋਂ ਵੀ ਬਚਾਉਂਦਾ ਆਇਆ ਸੀ। ਉਸ ਨੂੰ ਇਹ ਭਲੀ-ਭਾਂਤ ਖ਼ਬਰ ਸੀ ਕਿ ਜਿਸ ਲੜਾਈ ਵਿਚ ਉਹ ਕੁੱਦ ਚੁੱਕਾ ਹੈ ਉਹ ਲੜਾਈ ਇੰਨੀ ਛੋਟੀ ਨਹੀਂ ਕਿ ਜਿਸ ਦਾ ਬੰਨਾ ਖੁਦਕੁਸ਼ੀਆਂ ਜਾਂ ਕਤਲ ਬੰਨ੍ਹ ਸਕਣ। ਅਜਿਹੀ ਲੜਾਈ ਲੰਬੇ ਦਮ ਦੀ ਪੁਕਾਰ ਕਰਦੀ ਹੈ ਕਿਉਂਕਿ ਇਸ ਲੜਾਈ ਨੇ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਸਮਾਜਿਕ ਤੌਰ 'ਤੇ ਬੇਦਖ਼ਲ ਕੀਤੇ ਦਲਿਤਾਂ ਅਤੇ ਔਰਤਾਂ ਦੀ ਅਸਹਿ ਦੁੱਖ-ਤਕਲੀਫ਼ਾਂ ਦੀ ਤਿੱਖੀ ਨਿਸ਼ਾਨਦੇਹੀ ਕਰਨੀ ਹੈ ਜਿਸ ਨੂੰ ਦਿਲ ਨੇ ਆਪਣੀ ਕਵਿਤਾ ਦਾ ਸਿਰਸ਼ਕ ਬਣਾ ਕੇ ਲੜਾਈ ਦਾ ਬਿਗਲ ਵਜਾਇਆ। ਦਿਲ ਦਾ ਅਜਿਹਾ ਕਰਨਾ ਉਸ ਨੂੰ ਹਮੇਸ਼ਾ-ਹਮੇਸ਼ਾ ਲਈ ਲੋਕਾਂ ਦੇ ਚੇਤਿਆਂ ਵਿਚ ਪਰੋਈ ਰੱਖੇਗਾ।

ਲਾਲ ਸਿੰਘ ਦਿਲ ਸਮਾਜਿਕ ਤੰਗ ਦ੍ਰਿਸ਼ਟੀ, ਔਰਤ ਪ੍ਰਤੀ ਘੋਰ ਅਨਿਆਇ ਅਤੇ ਜਾਤੀਪਾਤੀ ਦੇ ਕੋਹੜ ਦੇ ਵਿਤਕਰੇ 'ਚ ਇਨਕਲਾਬ ਦਾ ਉਤਪੰਨ ਹੋਣਾ ਐਲਾਨਦਾ ਮਹਿਸੂਸ ਹੁੰਦਾ ਹੈ। ਉਹ ਕਾਰਲ ਮਾਰਕਸ ਦੇ ਅਰਥਵਿਵਸਥਾ ਦੇ ਸਿਧਾਂਤ ਦੇ ਨਾਲ ਜਾਤੀ ਪੱਧਰ ਤੇ ਹੋ ਰਹੇ ਘੋਰ ਵਿਤਕਰੇ ਅਤੇ ਨਾਲ-ਨਾਲ ਔਰਤ ਦੇ ਹੱਕਾਂ ਦੇ ਉਤੇ ਸਦੀਆਂ ਤੋਂ ਹੋ ਰਹੇ ਅੱਤਿਆਚਾਰਾਂ ਨੂੰ ਜੋੜ ਕੇ ਇਕ ਨਵੀਂ ਸਿਧਾਂਤਕ ਵਿਉਂਤਬੰਦੀ ਸਿਰਜਦਾ ਨਜ਼ਰ ਆਉਂਦਾ ਹੈ ਜਿਸ ਦੀ ਖ਼ਾਸ ਤੌਰ ਤੇ ਭਾਰਤ ਵਿਚਲੇ ਖੱਬੇ ਪੱਖੀਆਂ, ਸਿਆਸਤਦਾਨਾਂ ਅਤੇ ਖੋਜਾਰਥੀਆਂ ਨੇ ਕੋਈ ਸਾਰ ਨਹੀਂ ਲਈ। ਲਾਲ ਸਿੰਘ ਦਿਲ ਵਾਸਤੇ ਇਨਕਲਾਬ ਦਾ ਆਉਣਾ ਸਿਰਫ਼ ਅਸਾਵੀਂ ਆਰਥਿਕਤਾ ਦੇ ਜੂਲੇ ਤੋਂ ਨਿਜਾਤ ਹੀ ਨਹੀਂ ਦਵਾਉਂਦਾ ਬਲਕਿ ਇਕ ਅਜਿਹੇ ਸਮਾਜ ਦੀ ਵੀ ਉਸਾਰੀ ਕਰਦਾ ਹੈ ਜਿਥੇ ਮੁਹੱਬਤ ਅਤੇ ਇਨਸਾਨਾ ਦੀ ਵਿਅਕਤੀਗਤ ਪਹਿਚਾਣ ਪੂਰਨ ਤੌਰ ਤੇ ਜਾਤੀ ਪਾਤੀ ਗ਼ਲਬੇ ਤੋਂ ਮੁਕਤ ਹੋ ਜਾਂਦੀ ਹੈ। ਜਿਥੇ ਉਸ ਨੂੰ ਇਹ ਨਹੀਂ ਕਹਿਣਾ ਪਵੇਗਾ ਯ

ਮੈਨੂੰ ਪਿਆਰ ਕਰਦੀਏ ਪਰ-ਜਾਤ ਕੁੜੀਏ
ਸਾਡੇ ਸਕੇ ਮੁਰਦੇ ਵੀ
ਇਕ ਥਾਂ ਤੇ ਨਹੀਂ ਜਲਾਉਂਦੇ।

ਲਾਲ ਸਿੰਘ ਦਿਲ ਦੇ ਆਦਰਸ਼ਕ ਸਮਾਜ ਵਿਚ ਕਿਸੇ ਨੂੰ ਇਸ ਕਰਕੇ ਪੀੜਤ ਨਹੀਂ ਹੋਣਾ ਪਵੇਗਾ ਕਿ ਉਸ ਦੇ ਜੂਠੇ ਗਲਾਸ ਨੂੰ ਉਸ ਦੀ ਮਹਿਬੂਬਾ ਦੀ ਮਾਂ ਅੱਗ 'ਚ ਤਪਾ ਕੇ ਭਿੱਟ ਨਸ਼ਟ ਕਰਦੀ ਹੈ ਜਾਂ ਫਿਰ ਪੁਲਿਸ ਦਾ ਦੂਹਰਾ ਦਮਨ ਝੱਲਣਾ ਪੈਂਦਾ ਹੈ : ਨਾਲੇ ਕੁੱਟ ਅਤੇ ਨਾਲੇ ਜ਼ਹਿਰ ਭਰੇ ਬੋਲ "ਦੇਈਏ ਤੁਹਾਨੂੰ ਜ਼ਮੀਨਾਂ ਚਮਾਰੋ?"

ਲਾਲ ਸਿੰਘ ਦਿਲ ਦੀ ਕਵਿਤਾ ਦੇ ਵਿਚ ਉਸ ਦਾ ਅੰਦਰਲਾ ਤੋਤਾ ਬੋਲਦਾ ਸਾਫ਼-ਸਾਫ਼ ਨਜ਼ਰ ਆਉਂਦਾ ਹੈ। ਉਸ ਨੇ ਆਪਣੇ ਅੰਦਰਲੇ ਤੋਤੇ ਨੂੰ ਆਜ਼ਾਦ ਕੀਤਾ ਹੋਇਆ ਹੈ। ਜਿਹੜਾ ਕਿ ਸਮਾਜ ਦੀਆਂ ਤਮਾਮ ਬੰਦਸ਼ਾਂ ਨੂੰ ਚੀਰਦਾ ਹੋਇਆ ਬਾਹਰਲੇ ਰੌਲੇ ਨੂੰ ਲਗਾਤਾਰ ਚੁੱਪ ਕਰਾਉਂਦਾ ਨਜ਼ਰ ਆਉਂਦਾ ਹੈ। ਦੂਸਰੇ ਸ਼ਬਦਾਂ ਵਿਚ ਲਾਲ ਸਿੰਘ ਦਿਲ ਦੀ ਕਵਿਤਾ ਭਾਰਤ ਵਿਚਲੀ ਜਾਤੀਪਾਤੀ ਕੋਹੜ ਦੇ ਨਿਜ਼ਾਮ ਦੀ ਸਾਫ਼-ਸਾਫ਼ ਗੱਲ ਕਰਦੀ ਹੈ ਜਿਹੜੀ ਲਾਲ ਸਿੰਘ ਦਿਲ ਨੂੰ ਆਪਣੇ ਸਮਕਾਲੀ ਅਤੇ ਆਪਣੇ ਤੋਂ ਪਹਿਲਾਂ ਹੋਏ ਕਵੀਆਂ ਤੋਂ ਅਲੱਗ ਪੇਸ਼ ਕਰਦੀ ਹੈ। ਅਮਰਜੀਤ ਚੰਦਨ ਨੇ ਸਹੀ ਹੀ ਲਿਖਿਆ ਹੈ ਕਿ "ਲਾਲ ਸਿੰਘ ਦਿਲ ਚਮਾਰਾਂ ਦੇ ਘਰ ਜੰਮਿਆ ਇਹ ਗੱਲ ਇਹਦੀ ਕਵਿਤਾ ਵਿਚ ਕਈ ਥਾਈਂ ਆਈ ਹੈ। ਸਵੈਜੀਵਨੀ ਵਿਚ ਇਹਨੇ ਆਪਣੇ ਵਿਹੜੇ, ਸਕੂਲ ਤੇ ਨਕਸਲੀ ਪਾਰਟੀ ਤੇ ਫਿਰ ਪੁਲਿਸ ਦੇ ਜਾਤ ਅਭਿਮਾਨ ਬਾਰੇ ਖੁੱਲ੍ਹ ਕੇ ਲਿਖਿਆ ਹੈ।"

ਦਿਲ ਦੀ ਕਵਿਤਾ "ਏ ਕਰਕੇ ਰੋਟੀ ਮੰਗਦੇ, ਤੇ ਹੈਂ ਜੀ ਹੈਂ ਜੀ ਕਰਦੇ, 'ਜਲ ਦੀ ਪਿਆਸ ਨੂੰ ਪੀਣ ਵਾਲੇ', 'ਮੋਢਿਆਂ' 'ਤੇ ਚੁੱਕੀ ਫਿਰਦੇ ਕੁੱਲੀਆਂ ਦੇ ਬਾਂਸ', ਪਤੀਲਿਆਂ 'ਚ ਲਈ ਫਿਰਦੇ ਮਾਵਾਂ ਦੇ ਪੁੱਤ, 'ਗਧਿਆਂ' 'ਤੇ ਬੈਠੇ 'ਸੱਪਾਂ ਵਾਲੇ', 'ਛੱਜਾਂ ਵਾਲੇ', 'ਪੱਥਰ ਢਾਉਂਦੇ', 'ਢੋਲ ਬਜਾਉਂਦੇ', 'ਭੋਲੀਆਂ ਭੋਲੀਆਂ ਬਾਤਾਂ ਪਾਉਂਦੇ', 'ਬੱਠਲ ਵੇਚਣ ਵਾਲੇ', 'ਮੈਲ ਕੱਢਣ ਵਾਲੇ', 'ਕੱਛੂ ਫੜਨ ਵਾਲੇ', 'ਵਾਸਣਾ', 'ਵੇਸਵਾਵਾਂ', 'ਬਗਾਂਲੇ ਸਾਹਸੀ' ਅਤੇ 'ਭੀਲਾਂ' ਦੇ ਨੀਕੇ ਮੋਟੇ ਲਾਰਿਆਂ ਦੀ ਪਰਿਕਰਮਾ ਕਰਦੀ ਨਜ਼ਰ ਆਉਂਦੀ ਹੈ। ਉਸ ਦੀ ਕਵਿਤਾ ਜਿੱਥੇ ਗ਼ਰੀਬੀ ਨੂੰ ਦੰਦੀਆਂ ਚੁਘਾਉਂਦੀ ਹੈ ਉਥੇ ਜਾਤੀ ਅਪਮਾਨ ਦਾ ਭਾਂਡਾ ਵੀ ਭੰਨਦੀ ਹੈ। ਉਸ ਦੀ ਕਵਿਤਾ ਇਹ ਦਾਅਵਾ ਕਰਦੀ ਹੈ ਕਿ ਜੇ ਇਸ ਧਰਤ 'ਤੇ ਵਸਦੇ ਝੰਬੇ-ਭਿੱਟੇ ਦਲਿਤਾਂ ਅਤੇ ਔਰਤਾਂ ਦੀ ਦਾਸਤਾਨ ਦਾ ਕਿਧਰੇ ਦੂਜੇ ਸਿਤਾਰੇ ਦੇ ਲੋਕਾਂ ਨੂੰ ਪਤਾ ਲੱਗ ਜਾਵੇ ਤਾਂ ਉਹ ਪੱਥਰ ਹੋ ਜਾਵਣ ਅਤੇ ਜੇਕਰ ਪਸ਼ੂਆਂ ਨੂੰ ਇਸ ਦਾ ਅਨੁਭਵ ਹੋ ਜਾਵੇ ਤਾਂ ਉਹ ਜੰਗਲਾਂ ਵੱਲ ਭੱਜ ਜਾਵਣ।

ਦਿਲ ਦੀ ਕਵਿਤਾ 'ਬ੍ਰਾਹਮਣਵਾਦੀ' ਜਲਵੇ ਵਾਲੀ ਉਸ ਵਿਵਸਥਾ ਦਾ ਜ਼ਿਕਰ ਕਰਦੀ ਹੈ ਜਿਸ ਨੇ ਮਨੁੱਖ ਨੂੰ ਉਸ ਦੀ ਮਨੁੱਖਤਾ ਤੋਂ ਵੰਚਿਤ ਕਰ ਦਿੱਤਾ ਹੈ। ਅਸਲ ਵਿਚ ਲਾਲ ਸਿੰਘ ਦਿਲ ਭਾਰਤ ਦਾ ਪਹਿਲਾ ਕਵੀ ਹੈ ਜਿਸ ਨੇ ਉਨ੍ਹਾਂ ਲੋਕਾਂ ਦੀ ਗੱਲ ਕੀਤੀ ਹੈ ਜਿਨ੍ਹਾਂ ਉੱਤੇ ਪਰਾਏ ਅਤੇ ਬਾਹਰੋਂ ਆਏ ਆਰੀਆ ਧਾੜਵੀਆਂ ਨੇ ਇੰਨੇ ਸਿਤਮ ਢਾਏ ਕਿ ਉਨ੍ਹਾਂ ਦੇ ਅਸਲੇ ਦੀ ਪਹਿਚਾਣ ਹੀ ਗਵਾ ਕੇ ਰੱਖ ਦਿੱਤੀ। ਉਨ੍ਹਾਂ ਦੇ ਇਤਿਹਾਸ, ਉਨ੍ਹਾਂ ਦੇ ਲੋਕ-ਨਾਇਕ ਅਤੇ ਹੋਰ ਸਭ ਸੱਭਿਆਚਾਰਕ ਨਿਸ਼ਾਨ-ਚਿੰਨ੍ਹਾਂ ਦਾ ਮਲੀਆਮੇਟ ਕਰ ਦਿੱਤਾ। ਦਿਲ ਦੇ ਵੇਲੇ ਅਤੇ ਅੱਜ-ਕੱਲ੍ਹ ਵੀ ਗਧੇ ਲਈ ਫਿਰਦੇ, ਝਿੜਕਾਂ ਖਾਂਦੇ, ਪਿੰਡੋ-ਪਿੰਡ ਤੇ ਜੰਗਲੋ-ਜੰਗਲੀ ਖੱਜਲ-ਖਵਾਰ ਹੁੰਦੇ ਅਤੇ ਲਾਰੇ ਬਣਾ-ਬਣਾ ਰਹਿੰਦੇ, ਭੁੱਖਾਂ ਦੇ ਮਾਰੇ ਇਹ ਉਹੀ ਨਾਗ ਲੋਕ ਹਨ ਜੋ ਆਰੀਆਂ ਦੇ ਆਉਣ ਤੋਂ ਪਹਿਲਾਂ ਇਸ ਧਰਤੀ ਦੇ ਕਦੇ ਰਾਜੇ ਅਤੇ ਰਾਣੀਆਂ ਹੋਇਆ ਕਰਦੇ ਸਨ। ਜਿਨ੍ਹਾਂ ਨੂੰ ਆਰੀਆ ਸਮਾਜ ਆਪਣੇ ਵਿਚ ਆਤਮਸਾਤ ਕਰਨ 'ਚ ਅਸਫ਼ਲ ਰਿਹਾ ਹੈ, ਤੇ ਜਿਨ੍ਹਾਂ ਨੇ ਬ੍ਰਾਹਮਣਵਾਦ ਦੀ ਅਧੀਨਗੀ ਕਦੇ ਵੀ ਕਬੂਲ ਨਹੀਂ ਕੀਤੀ। ਇਹੀ ਲੋਕ ਜਿਨ੍ਹਾਂ ਨੂੰ ਸਮੇਂ ਦੀ ਸਿਆਸਤ ਅਤੇ ਬ੍ਰਾਹਮਣਵਾਦੀ ਵਿਧਾਨ ਨੇ ਮਨੁੱਖਾਂ ਤੋਂ ਅਛੂਤ, ਪੰਚਮ, ਢੇਡ, ਪੇਰੀਆ, ਚੰਡਾਲ, ਹਰੀਜਨ ਅਤੇ ਦਲਿਤ ਆਦਿ ਬਣਾ ਦਿੱਤਾ, ਲਾਲ ਸਿੰਘ ਦਿਲ ਦੀ ਕਵਿਤਾ ਦਾ ਸ਼ਿੰਗਾਰ ਬਣਦੇ ਹਨ। ਇੰਨਾਂ ਲੋਕਾਂ ਦਾ ਦੇਸ਼, ਘਰ, ਸਲਤਨਤ, ਲੀਡਰ, ਭਰਾ, ਸੱਜਣ, ਕੁੜੀ, ਮਾਂ, ਪੁੱਤ ਕੁਝ ਵੀ ਆਪਣਾ ਨਹੀਂ। ਇਹ ਉਹ ਸਬਾਲਟਰਨਜ਼ ਹਨ (ਸਮਾਜ ਦੀਆਂ ਸਭ ਤੋਂ ਹੇਠਲੀਆਂ ਸਫ਼ਾਂ 'ਤੇ ਬੈਠੇ ਹੋਏ) ਜਿਨ੍ਹਾਂ ਨੂੰ ਸੱਤਾਧਾਰੀਆਂ ਤੋਂ ਕੋਈ ਆਸ ਵੀ ਨਹੀਂ ਹੈ। ਦਿਲ ਅਪਣੀ ਕਵਿਤਾ ਵਿਚ ਇਨ੍ਹਾਂ ਦੀ ਅਗਵਾਈ ਕਰਦਾ ਕਹਿੰਦਾ ਹੈ ਕਿ ਹੁਣ ਇਨ੍ਹਾਂ ਨੂੰ ਕਿਸੇ ਰਹਿਮ 'ਤੇ ਕੁਝ ਵੀ ਮਨਜ਼ੂਰ ਨਹੀਂ। ਲਾਲ ਇਨ੍ਹਾਂ ਲੋਕਾਂ ਨਾਲ ਇਕਮਿਕ ਹੋ ਕੇ ਆਪਣੀ ਕਵਿਤਾ ਵਿਚ ਗਰਜਦਾ ਹੈ ਕਿ ਸੱਤਾ ਵਾਲਿਓ "ਤੁਸੀਂ ਸਾਨੂੰ ਰਤਾ ਇਹ ਦੱਸੋ ਕਿ ਤੁਸੀਂ ਸਾਡੇ ਲਈ ਕੁਝ ਕਰਨ ਵਾਲੇ ਕੌਣ ਹੁੰਦੇ ਹੋ?" ਲਾਲ ਸਿੰਘ ਦਿਲ ਲਾਰਿਆਂ ਵਾਲਿਆਂ ਦੇ ਵਿਰੋਧੀਆਂ ਨੂੰ ਮੁਖ਼ਾਤਿਬ ਹੁੰਦਾ ਹੋਇਆ ਕਹਿੰਦਾ ਹੈ-

ਉਹ ਤਾਂ ਸਾਨੂੰ ਸੁੱਟਦੇ ਨੇ
ਸਾਵੀ ਲਚਕੀਲੀ ਕਾਹੀ ਵਿਚ
ਜਾਂ ਪਹਾੜੀ ਕਿੱਕਰਾਂ ਦੀ ਮਹਿਕ ਵਿਚ ਅਸੀਂ ਉਨ੍ਹਾਂ ਨੂੰ
ਨਾਲੀਆਂ 'ਚ
ਗੋਹਿਆਂ 'ਚ
ਕੁੱਤਿਆਂ ਥੀਂ
ਲੋਕਾਂ ਦੀਆਂ ਜੁੱਤੀਆਂ ਦੇ ਹੇਠੋਂ ਘੜੀਸਾਂਗੇ।

ਦਿਲ ਇਨ੍ਹਾਂ ਦੱਬੇ-ਕੁੱਚਲੇ ਲੋਕਾਂ ਲਈ ਥਾਂ-ਥਾਂ 'ਚ ਗੁਰੀਲੇ ਖੜੇ ਕਰਨ ਦੀ ਗੱਲ ਕਰਦਾ ਹੈ।

ਲਾਲ ਸਿੰਘ ਦਿਲ ਦੀ ਕਵਿਤਾ ਦਾ ਇਹ ਪਹਿਲੂ ਜਿਨ੍ਹਾਂ ਅਤਿ ਦਲਿਤਾਂ ਦੀ ਗੱਲ ਕਰਦਾ ਹੈ ਉਹ ਤਾਂ ਬਾਬਾ ਸਾਹਿਬ ਡਾ ਅੰਬੇਦਕਰ ਦੁਆਰਾ ਸੰਵਿਧਾਨ ਵਿਚ ਦਿਲਵਾਏ ਗਏ ਅਧਿਕਾਰਾਂ ਦੀਆਂ ਧਾਰਾਵਾਂ ਤੋਂ ਵੀ ਸੱਖਣੇ ਹਨ। ਇਹ ਲਾਲ ਸਿੰਘ ਦਿਲ ਦੀ ਕਵਿਤਾ ਦੀ ਪ੍ਰਾਪਤੀ ਹੈ ਕਿ ਉਸ ਨੇ ਇਨ੍ਹਾਂ ਲੋਕਾਂ ਦੇ ਦੁੱਖਾਂ ਨੂੰ ਸ਼ਬਦਾਂ ਵਿੱਚ ਲਿਆਉਣ ਦੀ ਪਹਿਲ ਕਦਮੀ ਕਰਨ ਦੀ ਹਿੰਮਤ ਕੀਤੀ। ਲਾਲ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਇਨਕਲਾਬੀ ਕਵੀ ਨੇ ਇਨ੍ਹਾਂ ਲੋਕਾਂ ਦੀ ਇੰਨੀ ਸ਼ਿੱਦਤ ਨਾਲ ਗਲ ਕੀਤੀ ਹੋਵੇ। ਅਸਲ ਵਿਚ ਇਹ ਲਾਰਿਆਂ ਵਾਲੇ ਲੋਕ ਤਾਂ ਭਾਰਤ ਦੀ ਆਜ਼ਾਦੀ ਤੋਂ ਬਾਅਦ ਨਵਾਂ ਸੰਵਿਧਾਨ ਘੜਨ ਵੇਲੇ ਵੀ ਅਣਗੌਲੇ ਹੀ ਰਹੇ। ਇਨ੍ਹਾਂ ਨੂੰ ਤਾਂ ਲਾਲ ਸਿੰਘ ਦਿਲ ਵਰਗੇ ਕਵੀ ਦੀ ਅੱਖ ਹੀ ਪਰਖ ਸਕਦੀ ਸੀ ਅਤੇ ਇਨਾਂ ਨੂੰ ਸਦੀਆਂ ਤੋਂ ਮੌਲਿਕ ਅਧਿਕਾਰਾਂ ਤੋਂ ਵੰਚਿਤ ਬਣਦਾ ਸਰਦਾ ਸਥਾਨ ਦਿਵਾ ਸਕਦੀ ਸੀ ਪਰ ਅਜਿਹੀ ਹੋਣੀ ਇਨਾਂ ਦੇ ਹਿੱਸੇ ਨਹੀਂ ਆਈ। ਲਾਲ ਸਿੰਘ ਦਿਲ ਨੇ ਇਨਾਂ ਲਾਰੇ ਵਾਲਿਆਂ ਦੀ ਅਪਣੀ ਕਵਿਤਾ ਵਿਚ ਗੱਲ ਕਰਕੇ ਭਾਰਤ ਸਰਕਾਰ ਨੂੰ ਇਕ ਬਹੁਤ ਵੱਡੀ ਚੁਣੌਤੀ ਦਿੱਤੀ ਹੈ ਕਿ ਕਿਵੇਂ ਅਜ਼ਾਦੀ ਤੋਂ ਬਾਅਦ ਵੀ ਧਨਾਢਾਂ ਦਾ ਇੰਡੀਆ ਆਪਣੇ ਅਸਲੀ ਬਸ਼ਿੰਦਿਆਂ ਜੋ ਕਿ ਭਾਰਤ ਨੂੰ ਸੰਗਠਿਤ ਕਰਦੇ ਹਨ ਅੱਖੋਂ ਉਹਲੇ ਰੱਖੀ ਬੈਠਾ ਹੈ।

ਲਾਲ ਸਿੰਘ ਦਿਲ ਜਿਸ ਤਰ੍ਹਾਂ ਦੇ ਸਮਾਜੀ ਸੰਬੰਧ ਅਤੇ ਇਤਿਹਾਸਿਕ ਪ੍ਰਸੰਗਾਂ ਦੀ ਚਰਚਾ ਆਪਣੀ ਕਵਿਤਾ ਵਿੱਚ ਕਰਦਾ ਹੈ ਉਹ ਜਿੱਥੇ ਉਸ ਦੀ ਕਵਿਤਾ ਦੀ ਅਹਿਮੀਅਤ ਨੂੰ ਬੌਧਿਕ ਦ੍ਰਿਸ਼ਟੀ ਤੋਂ ਨਿਖਾਰਦੀ ਹੈ ਉੱਥੇ ਉਸਦੇ ਇਤਿਹਾਸ ਪ੍ਰਤੀ ਇੱਕ ਨਵੇਂ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨ ਦੀ ਵਿਲੱਖਣਤਾ ਨੂੰ ਵੀ ਦਰਸਾਉਂਦੀ ਹੈ। ਸ਼ਾਮ ਦਾ ਰੰਗ ਕਵਿਤਾ ਵਿੱਚ ਉਸ ਵਲੋਂ ਉਠਾਇਆ ਗਿਆ ਸਵਾਲ ਇਹ ਭੁੱਖ ਦੇ ਮਾਰੇ ਆਰੀਆ ਕੌਣ ਹਨ? ਆਰੀਆ ਲੋਕਾਂ ਬਾਰੇ ਇੱਕ ਨਵੀਂ ਦ੍ਰਿਸ਼ਟੀ ਤੋਂ ਵਿਚਾਰ ਬਣਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ ਆਰੀਆ ਕੌਮ ਬਾਰੇ ਜਿਸ ਤਰ੍ਹਾਂ ਦੀ ਵਿਚਾਰਧਾਰਾ ਹੁਣ ਤੱਥ ਦੇਖਣ ਵਿੱਚ ਆਉਂਦੀ ਹੈ ਉਹ ਆਰੀਆ ਲੋਕਾਂ ਨੂੰ ਬਹਾਦਰ, ਯੋਧੇ, ਕੁਸ਼ਲ ਅਤੇ ਕੂਟਨੀਤੀ ਦੇ ਮਾਹਰ ਦੇ ਤੌਰ ਤੇ ਪੇਸ਼ ਕਰਦੀ ਹੈ ਪਰ ਇਹ ਲਾਲ ਸਿੰਘ ਦਿਲ ਹੀ ਹਨ ਜੋ ਆਰੀਆ ਲੋਕਾਂ ਨੂੰ 'ਭੁੱਖ ਦੇ ਮਾਰੇ' ਵਿਸ਼ੇਸ਼ਣ ਨਾਲ ਸੰਬੋਧਤ ਹੁੰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਆਰੀਆ ਲੋਕਾਂ ਨੂੰ ਸਮਝਦੇ ਹੋਏ ਇਹ ਸਾਫ਼-ਸਾਫ਼ ਜ਼ਾਹਰ ਹੋ ਜਾਂਦਾ ਹੈ ਕਿ ਅਗਰ ਉਹ ਆਪਣੇ ਮੁਲਕਾਂ ਵਿੱਚ ਸਾਧਨ ਸੰਪਨ ਹੁੰਦੇ ਤਾਂ ਉਨਾਂ ਨੂੰ ਉੱਥੋਂ ਪਲਾਇਣ ਕਰਨ ਦੀ ਕੀ ਲੋੜ ਪੈਣੀ ਸੀ। ਆਰੀਆਂ ਨੂੰ ਉਨ੍ਹਾਂ ਦੀ ਭੁੱਖ ਹੀ ਭਾਰਤ ਲੈ ਆਈ। ਦਿਲ ਟੱਪਰੀਵਾਸਾਂ, ਆਦਿ ਵਾਸੀ ਖਾਨਾਬਦੋਸ਼ਾ ਨੂੰ ਵੀਰ ਕਿਸਾਨ ਮੰਨਦਾ ਹੋਇਆ ਆਰੀਆਂ ਦੇ ਭਾਰਤ ਆਉਣ ਤੋਂ ਬਾਅਦ ਉੱਜੜੇ ਜੀਵਨ ਦ੍ਰਿਸ਼ ਨੂੰ ਭੁੱਖ ਦੇ ਮਾਰੇ ਆਰੀਅਨਾਂ ਨਾਲ ਮੇਲਦੇ ਹੋਏ ਵਿਅੰਗਮਈ ਤਰੀਕੇ ਨਾਲ ਉਨਾਂ ਦੀ ਭੜਕਣ ਨੂੰ ਕੋਈ ਨਾ ਮਿਲਣ ਵਾਲੀ 'ਭਾਰਤ ਦੀ ਜ਼ਮੀਨ' ਦੀ ਆਸ ਵਿੱਚ ਖਾਨਾਬਦੋਸ਼ੀ ਦਾ ਸੰਤਾਪ ਹੰਢਾਉਂਦੇ ਪੇਸ਼ ਕਰਦਾ ਹੈ। ਦਿਲ ਆਪਣੀ ਕਵਿਤਾ ਵਿੱਚ 'ਦਲਿਤ ਦੀ ਪਰਿਭਾਸ਼ਾ ਦੇ ਘੇਰੇ ਨੂੰ ਵਿਸ਼ਾਲ ਕਰਦੇ ਹੋਏ ਆਰੀਅਨਾਂ ਦੇ ਭਾਰਤ ਆਉਣ ਤੋਂ ਬਾਅਦ ਇੱਥੋਂ ਦੇ ਮੂਲ ਵਸ਼ਿੰਦਿਆਂ ਨੂੰ ਖਾਨਾਬਦੋਸ਼ਾ 'ਚ ਬਦਲ ਕੇ ਸੰਤਾਪ ਹੰਢਾਉਂਦੇ ਭੀਲ, ਗਧੀਲੇ, ਨਾਗ, ਗਧਿਆ ਵਾਲੇ ਆਦਿ ਨੂੰ ਸ਼ਾਮਿਲ ਕਰਦਾ ਹੈ। ਉਹ ਆਪਣੀ ਕਵਿਤਾ 'ਭੀਲ' ਵਿੱਚ ਇੱਥੋਂ ਦੇ ਮੂਲ ਵਾਸੀਆਂ ਨੂੰ ਆਰੀਅਨਾਂ ਵੱਲੋਂ ਦਾਸ ਪ੍ਰਥਾ ਦੇ ਰਾਹੀਂ ਦਲਿਤ ਬਣਨ ਦੀ ਪ੍ਰਕਿਰਿਆ ਦਾ ਜਿਸ ਢੰਗ ਨਾਲ ਵਰਣਨ ਕਰਦਾ ਹੈ ਉਸਦੀ ਕਵਿਤਾ ਨੂੰ ਸਿਰਫ਼ ਨਵੇਂ ਅਰਥ ਹੀ ਪ੍ਰਦਾਨ ਨਹੀਂ ਕਰਦਾ ਬਲਕਿ ਇੱਕ ਨਵੀਂ ਦਲਿਤ ਪਛਾਣ ਦੀ ਵੀ ਨੀਂਹ ਧਰਦਾ ਹੈ।

ਲਾਲ ਸਿੰਘ ਦਿਲ ਦੀ ਮਿਆਰੀ ਅਤੇ ਨਿਆਰੀ ਕਵਿਤਾ ਦਾ ਦੂਸਰਾ ਪਹਿਲੂ ਹੈ ਔਰਤ। ਲਾਲ ਵਾਸਤੇ ਔਰਤ ਮਹਿਜ਼ ਇਕ ਪ੍ਰਾਣੀ ਹੀ ਨਹੀਂ ਉਹ ਤਾਂ ਉਸ ਵਾਸਤੇ ਇਕ ਬਹੁਤ ਵੱਡਾ ਆਦਰਸ਼ ਹੈ। ਜਿਸ ਨੂੰ ਉਹ ਧਰਤੀ ਦੀ ਵਿਸ਼ਾਲਤਾ ਦੇ ਨਾਲ ਸੰਬੋਧਿਤ ਹੁੰਦਾ ਹੈ। ਲਾਲ ਦੀਆਂ ਕਵਿਤਾਵਾਂ ਵਿੱਚ ਔਰਤ ਦਾ ਗਮ ਨਿਰਾ ਜਿਨਸ ਦਾ ਨਾ ਹੋ ਕੇ ਸਗੋਂ ਹਸਤੀ ਦਾ ਹੋ ਕੇ ਪੇਸ਼ ਹੋਇਆ ਨਜ਼ਰ ਆਉਂਦਾ ਹੈ। ਦਿਲ ਔਰਤ ਨੂੰ ਧਰਤੀ ਦਾ ਇਕ ਅਜੂਬਾ ਮੰਨਦਾ ਹੈ, ਜਿਸ ਨੇ ਧਰਤੀ ਆਪਣੇ ਹੱਥ ਉੱਤੇ ਚੁੱਕੀ ਹੋਈ ਹੈ। ਅਮਰਜੀਤ ਚੰਦਨ ਨੇ ਠੀਕ ਹੀ ਲਿਖਿਆ ਹੈ ਕਿ ਜਿਵੇਂ ਲਾਲ ਔਰਤ ਹੋਣ ਦੇ ਦਰਦ ਨੂੰ ਬਿਆਨ ਕਰਦਾ ਹੈ, ਉਹ ਲਾਸਾਨੀ ਹੈ। ਦਿਲ ਜਿਨ੍ਹਾਂ ਔਰਤਾਂ ਦੀ ਗੱਲ ਕਰਦਾ ਹੈ ਉਹ ਨਾ ਤਾਂ ਪਿੰਡਾਂ ਦੀਆਂ ਦਲਿਤ ਬਸਤੀਆਂ ਵਿਚ ਵਸਦੀਆਂ, ਮਟਰ ਤੋੜਨ ਵਾਲੀਆਂ, ਆਲੂ ਪੁੱਟਣ ਵਾਲੀਆਂ, ਕਣਕ ਵੱਢਣ ਵਾਲੀਆਂ, ਹਵੇਲੀਆਂ 'ਚ ਗੋਹਾ-ਕੂੜਾ ਕਰਨ ਵਾਲੀਆਂ, ਕੋਠੇ-ਵਿਹੜੇ ਸੰਭਰਨ ਵਾਲੀਆਂ ਔਰਤਾਂ ਹਨ ਅਤੇ ਨਾ ਹੀ ਪਰੰਪਰਾਗਤ ਸਮਾਜ ਵਿਚਲੇ ਖਾਨਦਾਨੀ ਪਰਿਵਾਰਾਂ ਦੀ ਇੱਜ਼ਤ ਦੇ ਨਾਂ 'ਤੇ ਘਰ ਗ੍ਰਹਿਸਤੀ ਦੀ ਚਾਰ-ਦੀਵਾਰੀ ਦੀਆਂ ਕੈਦਣਾਂ ਹਨ। ਉਹ ਤਾਂ ਰਾਖਸ਼ ਬਾਣਾ ਪਹਿਨਣ ਵਾਲੀਆਂ ਬੇਰ ਚੁਗਦੀਆਂ ਭੋਲੀਆਂ ਕੁੜੀਆਂ ਜ਼ਮੀਨਾਂ ਵਾਲਿਆਂ ਦੇ ਬੋਲ-ਕੁਬੋਲ ਸੁਣਦੀਆਂ, ਦਰੱਖਤਾਂ ਤੋਂ ਸੁੱਕੀਆਂ ਟਾਹਣੀਆਂ ਲਾਹੁੰਦੀਆਂ ਝਿੜਕਾਂ ਖਾਂਦੀਆਂ, ਬੁੱਤੀਆਂ ਕਰਦੀਆਂ ਪੁਰਾਣੇ ਤੇ ਸਸਤੇ ਕੱਪੜਿਆਂ ਅਤੇ ਸਸਤੇ ਸਾਬਣ ਕ੍ਰੀਮ ਦੀ ਮਹਿਕ ਮਾਣਦੀਆਂ, ਧਰਤੀ ਨੂੰ ਹੱਥਾਂ 'ਤੇ ਚੁੱਕੀ ਖੜੀਆਂ, ਮਿੱਟੀ ਦੀਆਂ ਰੋਟੀਆਂ ਬਣਾਉਂਦੀਆਂ, ਭਾਂਡੇ 'ਚੋਂ ਲੂਣ ਝਾੜਦੀਆਂ, ਪੱਥਰ ਦੀ ਨਿਆਈ ਜੁਆਨੀ ਕੁੱਟਦੀਆਂ, ਜੀਵਨ ਦੇ ਚਿੱਕੜ 'ਚੇ ਜੂਝਦੀਆਂ, ਖੁਰਲੀਆਂ ਸੰਭਰਦੀਆਂ, ਗੋਹੇ ਚੁਗਦੀਆਂ, ਕੰਚਨ ਦੇਹ ਨੂੰ ਸਾੜਦੀਆਂ, ਕਾਲੇ-ਕਾਲੇ ਸੂਟ ਪਹਿਣੀ ਮਜ਼ੂਰੀ ਕਰਦੀਆਂ, ਝੋਲਿਆਂ 'ਚ ਬੱਚੇ ਚੁੱਕੀ ਫਿਰਦੀਆਂ, ਘੋੜੇ ਚਾਰਨ ਵਾਲੀਆਂ, ਕੁੜੇਲੀ ਦੀਆਂ ਵਾਸਣਾਂ, ਜਿਨ੍ਹਾਂ ਦੀ ਅਤੇ ਧਰਤੀ ਦੀ ਪੀੜ ਇੱਕ ਹੈ, ਇਸ ਧਰਤੀ ਦੀਆਂ ਮੂਲ ਅਦਿ-ਵਾਸਣਾਂ ਮਾਵਾਂ, ਭੈਣਾਂ ਹਨ।

ਦਿਲ ਨੇ ਆਪਣੀਆਂ ਕਵਿਤਾਵਾਂ ਵਿਚ ਜਿਸ ਤਰ੍ਹਾਂ ਔਰਤ ਦਾ ਨਕਸ਼ਾ ਉਕਰਿਆ ਹੈ ਉਹ ਸ਼ਾਇਦ ਹੀ ਪਹਿਲਾਂ ਕਿਸੇ ਕਵੀਫੈਮੀਨਿਸਟ ਦੀ ਸੰਵੇਦਨਸ਼ੀਲਤਾ ਦਾ ਬਿੰਦੂ ਬਣਿਆ ਹੋਵੇ। ਦਿਲ ਦਾ ਔਰਤ ਨੂੰ ਨਿਰਮਲ ਤੇ ਠੰਡੇ ਪਾਣੀ ਨਾਲ ਸੰਬੋਧਤ ਹੋਣਾ ਅਤੇ ਉਸ ਦੇ ਦੁੱਖਾਂ ਨੂੰ ਸਾਗਰ ਦੇ ਖਾਰੇ ਪਾਣੀ ਦੇ ਰਾਹੀਂ ਸਿੰਬੋਲਾਈਜ਼ ਕਰਨਾ ਆਪਣੇ ਆਪ ਵਿਚ ਇਕ ਪਹਿਲ ਕਦਮੀ ਤਾਂ ਹੈ ਹੀ ਇਸ ਤੋਂ ਇਲਾਵਾਂ ਫੈਮੀਨਿਸਟ ਡਿਸਕੋਰਸ ਵਿਚ ਇਕ ਨਵੀਂ ਦਿੱਖ ਦਾ ਪ੍ਰਗਟਾਵਾ ਹੈ।

ਲਾਲ ਸਿੰਘ ਦਿਲ ਦੀ ਕਵਿਤਾ ਦੇ ਉਪਰੋਕਤ ਦੋਨੋਂ ਪਹਿਲੂ (ਲਾਰਿਆਂ ਵਾਲੇ ਤੇ ਔਰਤਾਂ) ਆਪਸ ਵਿਚ ਇਕ ਨਵੀਂ ਇਕਾਈ ਬਣ ਕੇ ਪੇਸ਼ ਹੁੰਦੇ ਨਜ਼ਰ ਆਉਂਦੇ ਨੇ। ਦਰਅਸਲ ਜਿਥੇ ਲਾਲ ਸਿੰਘ ਦਿਲ ਇਹਨਾਂ ਲੋਕਾਂ ਨੂੰ ਪਰਿਭਾਸ਼ਿਤ ਕਰਦਾ ਨਜ਼ਰ ਆਉਂਦਾ ਹੈ ਉਥੇ ਉਹ ਇਨਾਂ ਦੇ ਮਾਧਿਅਮ ਰਾਹੀਂ ਜੋ ਕਿ ਸਿਵਾਏ ਦੁਖਾਂ ਤੇ ਤਕਲੀਫਾਂ ਦੇ ਕੁਝ ਵੀ ਨਹੀਂ ਅਜੋਕੇ ਸਮਾਜ ਦੇ ਉਤੇ ਕਰਾਰੀ ਸੱਟ ਵੀ ਮਾਰਦਾ ਹੈ। ਉਹ ਇਹ ਦਰਸਾਉਂਦਾ ਨਜ਼ਰ ਆਉਂਦਾ ਹੈ ਕਿ ਜਿਸ ਤਰ੍ਹਾਂ ਧਨਾਢ ਸਮਾਜ ਨੇ ਲਾਰਿਆਂ ਵਾਲਿਆਂ ਅਤੇ ਆਪਣੀ ਕਵਿਤਾ ਵਿਚਲੀਆਂ ਔਰਤਾਂ ਨੂੰ ਬਿਲਕੁਲ ਸਮਾਜ ਵਿੱਚੋਂ ਛੇਕ ਹੀ ਦਿੱਤਾ ਹੈ ਉਸੇ ਤਰ੍ਹਾਂ ਉਹ ਉਨਾਂ ਲੋਕਾਂ ਨੂੰ ਵੀ ਛੇਕਣ ਤੇ ਹੁਣ ਤੁਲਿਆ ਹੋਇਆ ਹੈ ਜਿਨਾਂ ਨੂੰ ਅਖੌਤੀ ਤੌਰ ਉਤੇ ਹਰੀਜਨ, ਅਛੂਤ ਆਦਿਕ ਸੂਚਕਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਦਿਲ ਇਨ੍ਹਾਂ ਸਭ ਲੋਕਾਂ ਨੂੰ ਜੋ ਕਿ ਭਾਰਤ ਦੀ ਅਸਲੋਂ ਰੂਹ ਨੇ, ਨੂੰ ਭਾਰਤ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਰਣਭੂਮੀ ਵਿਚ ਆਪਣੇ ਹੱਕਾਂ ਲਈ ਜੂਝਦੇ ਦੇਖਣਾ ਚਾਹੁੰਦਾ ਹੈ। ਇਹ ਲਾਰਿਆਂ ਵਾਲੇ ਉਨ੍ਹਾਂ ਸੁੱਕਦੇ ਨਦੀਣਾਂ, ਮੁਰਝਾਉਂਦੇ ਫੁੱਲਾਂ ਅਤੇ ਕੁਮਲਾਉਂਦੇ ਰੰਗਾਂ ਤੋਂ ਉਠਦੀਆਂ ਖੁਸ਼ਬੂਆਂ ਭਾਂਤੀ ਹਨ ਜਿਨ੍ਹਾਂ ਨੂੰ "ਸੁੰਘ ਕੇ ਗਾਵਣ ਨੂੰ ਦਿਲ ਕਰਦਾ ਹੈ।" ਜਿਨ੍ਹਾਂ ਨੂੰ ਦੇਖ ਕੇ ਅਪਣੱਤ ਦਾ ਝਾਉਲਾ ਪੈਂਦਾ ਹੈ। ਦਿਲ ਇਨ੍ਹਾਂ ਲਾਰਿਆਂ ਵਾਲਿਆਂ ਤੋਂ ਸਮਾਜਕ ਅਤੇ ਰਾਜਨੀਤਿਕ ਲੜਾਈ ਦੀ ਆਸ ਰੱਖਦਾ ਆਪਣੀ ਕਵਿਤਾ ਵਿਚ ਇਨ੍ਹਾਂ ਨੂੰ ਵਾਰ ਵਾਰ ਸੰਬੋਧਿਤ ਹੁੰਦਾ ਹੈ। ਇਹ ਲੜਾਈ ਉਹ ਊਨ੍ਹਾਂ ਲਾਰਿਆਂ ਵਾਲਿਆਂ ਵਲੋਂ ਹੀ ਕਰਨ ਦੀ ਪੇਸ਼ਕਸ ਕਰਦਾ ਹੈ। ਇਹ ਲੜਾਈ ਲਾਲ ਸਿੰਘ ਦਿਲ ਅਨੁਸਾਰ ਕਿਸੇ ਹੋਰ ਨੇ ਨਹੀਂ ਲੜਨੀ। ਇਹ ਲੜਾਈ ਤਾਂ ਇਨ੍ਹਾਂ ਲੋਕਾਂ ਨੇ ਖ਼ੁਦ ਹੀ ਲੜਨੀ ਹੈ ਜੋ ਇਨ੍ਹਾਂ ਦੀ ਅਪਣੀ ਹੈ। ਹਾਂ ਲਾਲ ਸਿੰਘ ਦਿਲ ਇਸ ਲੜਾਈ ਦੇ ਪਵਿੱਤਰ ਕੁੰਡ ਵਿਚ ਆਪਣੀ ਅਹੌਤੀ ਆਪਣੀ ਕਵਿਤਾ ਦੇ ਜਰੀਏ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਦਿੰਦਾ ਨਜ਼ਰ ਆ ਰਿਹਾ ਹੈ।

ਸੰਤ ਰਾਮ ਉਦਾਸੀ ਪੰਜਾਬ ਵਿੱਚ ਦਲਿਤ ਇਨਕਲਾਬੀ ਕਵਿਤਾ ਲਿਖਣ ਵਾਲਾ ਦੂਸਰਾ ਦਲਿਤ ਕਵੀ ਹੈ। ਉਨ੍ਹਾਂ ਦਾ ਜਨਮ ਬੇਜ਼ਮੀਨੇ ਮਜ਼੍ਹਬੀ ਸਿੱਖ ਪਰਿਵਾਰ ਵਿੱਚ 30 ਅਪ੍ਰੈਲ 1939 ਨੂੰ ਹੋਇਆ। 1970 ਵਿਆਂ ਦੌਰਾਨ ਉਹ ਇਨਕਲਾਬੀ ਕਵੀ ਵਜੋਂ ਉਭਰਕੇ ਸਾਹਮਣੇ ਆਇਆ। ਐਸ. ਤਰਸੇਮ ਦੇ ਸ਼ਬਦਾਂ ਵਿੱਚ "ਆਧੁਨਿਕ ਪੰਜਾਬੀ ਕਵਿਤਾ ਵਿੱਚ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਪਿਛੋਂ ਸਭ ਤੋਂ ਵੱਧ ਹਰਮਨ ਪਿਆਰਾ ਕਵੀ ਸ਼ਿਵ ਕੁਮਾਰ ਨੂੰ ਮੰਨਿਆ ਜਾਂਦਾ ਹੈ। ਬਿਲਕੁਲ ਸ਼ਿਵ ਕੁਮਾਰ ਤੋਂ ਪਿਛੋਂ ਆਮ ਲੋਕਾਂ ਵਿੱਚ ਅਤੇ ਬੌਧਿਕ ਦਾਇਰੇ ਵਿੱਚ ਮਕਬੂਲੀਅਤ ਹਾਸਲ ਕਰਨ ਵਾਲਾ ਸੰਤ ਰਾਮ ਉਦਾਸੀ ਹੀ ਹੈ। ਪਰ ਸੰਤ ਰਾਮ ਉਦਾਸੀ ਇਕ ਪ੍ਰਤੀਬੱਧ ਕਵੀ ਹੈ ਜਿਸ ਕਾਰਨ ਉਸ ਦੀ ਰਚਨਾ ਨੂੰ ਉਹਦੇ ਪਾਠਕਾਂ ਤੇ ਸਰੋਤਿਆਂ ਵੱਲੋਂ ਸ਼ਿਵ ਕੁਮਾਰ ਦੀ ਕਵਿਤਾ ਤੋਂ ਵੀ ਵੱਧ ਪ੍ਰਸ਼ੰਸਾਆਤਮਿਕ ਦ੍ਰਿਸ਼ਟੀ ਨਾਲ ਵੇਖਿਆ ਤੇ ਵਾਚਿਆ ਜਾਂਦਾ ਹੈ। ਉਹ ਹੇਠਲੀ ਮੱਧ-ਸ਼੍ਰੇਣੀ ਦਾ ਰੁਕਨ ਹੋਣ ਦੇ ਬਾਵਜੂਦ ਦਲਿਤ ਵਰਗ ਨਾਲ ਨੇੜਿਓਂ ਰਿਸ਼ਤਾ ਰੱਖਣ ਕਾਰਨ ਉਨ੍ਹਾਂ ਦੀਆਂ ਤੰਗੀਆਂ ਤੁਰਸ਼ੀਆਂ, ਝਿੜਕਾਂ, ਫਿਟਕਾਰਾਂ ਤੇ ਹੋਰ ਸਮਾਜਕ ਤੇ ਆਰਥਿਕ ਵਿਸੰਗਤੀਆਂ ਦਾ ਡੂੰਘਾ ਅਨੁਭਵ ਰੱਖਦਾ ਤੇ ਸ਼ੁਰੂ ਤੋਂ ਹੀ ਮਾਨਵਤਾਵਾਦੀ ਚੇਤਨਾ ਦਾ ਅਨੁਸਾਰੀ ਹੈ, ਜਿਸ ਕਾਰਨ ਉਹਦੀ ਕਵਿਤਾ ਦਾ ਬੋਲ ਲੋਕਪੱਖੀ ਸਮਾਜ ਮੁੱਖੀ ਹੈ"। **(ਚਲਦਾ)**

# ਸਮੇ ਦੇ ਹਾਣ ਦੇ ਸੁਪਨੇ ਪਾਲ ਰਹੀ ਬਹੁ-ਪੱਖੀ ਸਖਸ਼ੀਅਤ- ਮਿਸ ਸਰਬਜੀਤ ਕੌਰ ਜੋਤੀ



ਪ੍ਰੀਤਮ ਲੁਧਿਆਣਵੀ
9876428641

ਉਸਾਰੂ ਅਗਾਂਹ-ਵਧੂ ਕਲਮ, ਵਿਦਵਤਾ ਅਤੇ ਹਸੂ-ਹਸੂ ਕਰਦੇ ਖੂਬਸੂਰਤ ਸੁਮੇਲ ਦਾ ਦੂਜਾ ਨਾਂਓਂ ਹੈ- ਸਰਬਜੀਤ ਕੌਰ ਜੋਤੀ। ਉਹ ਜੋਤੀ, ਜਿਸਨੂੰ ਜੱਗਜੀਤ ਮੁਕਤਸਰੀ ਅਤੇ ਜਸਪ੍ਰੀਤ ਕੌਰ ਮੁਕਤਸਰੀ ਦੀ ਲਾਡਲੀ ਸਪੁੱਤਰੀ ਅਤੇ ਗਿਆਨੀ ਰਣ ਸਿੰਘ ਵੈਦ ਜੀ ਦੀ ਪੋਤਰੀ ਹੋਣ ਦਾ ਸੁਭਾਗ ਹਾਸਲ ਹੈ। ਇਨ੍ਹਾਂ ਤਿੰਨੋਂ ਸਖਸ਼ੀਅਤਾਂ ਨੂੰ ਜਿੱਥੇ ਮਾਲਕ ਨੇ ਕਲਮੀ-ਦਾਤ ਬਖਸ਼ੀ, ਉਥੇ ਜੱਗਜੀਤ ਮੁਕਤਸਰੀ ਨੂੰ ਤਾਂ ਗਾਇਕੀ ਕਲਾ ਦੀ ਦਾਤ ਵੀ ਬਖਸ਼ ਰੱਖੀ ਹੈ, ਮਾਲਕ ਨੇ। ਘਰ ਦਾ ਮਹੌਲ ਹਰ ਵਕਤ ਸੰਗੀਤ-ਮਈ ਅਤੇ ਸਾਹਿਤਕ ਰੰਗਣ ਵਿਚ ਰੰਗਿਆ ਮਿਲਣਾ ਕਿਸੇ ਵਿਰਲੇ ਨੂੰ ਹੀ ਨਸੀਬ ਹੁੰਦਾ ਹੈ। ਐਸੇ ਖੁਸ਼-ਗਵਾਰ ਘਰੇਲੂ ਸੰਗੀਤ-ਮਈ ਅਤੇ ਸਾਹਿਤਕ ਮਹੌਲ ਦਾ ਸਰਬਜੀਤ ਦੇ ਕੋਮਲ ਹਿਰਦੇ ਵਲੋਂ ਪ੍ਰਭਾਵ ਕਬੂਲਿਆ ਜਾਣਾ ਕੁਦਰਤੀ ਹੀ ਸੀ। ਨਤੀਜਨ, ਉਸਦਾ ਕੋਮਲ ਹਿਰਦਾ ਵੀ ਬਚਪਨ ਵਿਚ ਹੀ ਸਾਹਿਤਕ, ਸੱਭਿਆਚਾਰਕ ਅਤੇ ਧਾਰਮਿਕ ਰੰਗਣ ਵਿਚ ਰੰਗਿਆ ਗਿਆ। ਸਮਾਜ ਵਿਚੋਂ ਗੁਆਚਦੀਆਂ ਜਾ ਰਹੀਆਂ ਕਦਰਾਂ-ਕੀਮਤਾਂ, ਸਹਿਨਸ਼ੀਲਤਾ, ਸਬਰ-ਸੰਤੋਖ, ਸਦਾਚਾਰਤਾ ਅਤੇ ਇਲਖਾਕ ਦੀ ਜਗਾ ਪਸਰਦੀ ਜਾ ਰਹੀ ਬੇਈਮਾਨੀ, ਧੋਖੇਬਾਜੀ ਅਤੇ ਸੁਆਰਥ-ਪਨ ਵਿਰੁੱਧ ਡੱਟਕੇ ਲੜਨ ਲਈ ਉਸਨੇ ਜੋਰਦਾਰ ਕਲਮੀ-ਅਵਾਜ ਬੁਲੰਦ ਕੀਤੀ। ਆਪਣੀ ਗੱਲ ਕਹਿਣ ਲਈ ਜਿੱਥੇ ਉਸਨੇ ਵੱਖ-ਵੱਖ ਅਖਬਾਰਾਂ ਦਾ ਸਹਾਰਾ ਲਿਆ, ਉਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ ਪ੍ਰਕਾਸ਼ਿਤ ਕਰਵਾਏ 287 ਕਲਮਾਂ ਦੇ ਛੇਵੇਂ ਸਾਂਝੇ ਕਾਵਿ-ਸੰਗ੍ਰਿਹ, "ਕਲਮਾਂ ਦੇ ਸਿਰਨਾਵੇ" ਤਕ ਪਹੁੰਚ ਕਰਨ ਵਿਚ ਵੀ ਉਸਨੂੰ ਸਫਲਤਾ ਹਾਸਲ ਹੋਈ।

ਜਿਲ੍ਹਾ ਮੁਕਤਸਰ ਵਿਚ ਪੈਂਦੇ ਕਸਬਾ ਮਲੋਟ ਦੇ ਪ੍ਰੀਤ ਨਗਰ ਦੀ ਵਸਨੀਕ ਸਰਬਜੀਤ ਨੇ ਦੱਸਿਆ ਕਿ ਬੀ.ਏ. ਤਕ ਦੀ ਪੜਾਈ ਡੀ.ਏ.ਵੀ. ਕਾਲਜ ਮਲੋਟ ਤੋ ਕਰਨ ਉਪਰੰਤ ਬੀ.ਐਡ, ਐਮ. ਐਡ. ਅਤੇ ਐਮ. ਏ. ਦੀ ਵਿੱਦਿਆ ਉਸਨੇ ਦਸ਼ਮੇਸ਼ ਗਰਲਜ ਕਾਲਜ, ਬਾਦਲ ਤੋਂ ਪ੍ਰਾਪਤ ਕੀਤੀ। ਕਾਲਿਜ ਦੀ ਇਸ ਪੜ੍ਹਾਈ ਦੋਰਾਨ ਉਸਨੇ ਐਮ.ਏ. ਦੇ ਦੂਜੇ ਅਤੇ ਤੀਜੇ ਸਮੈਸਟਰ ਵਿਚੋ ਕਾਲਜ ਵਿੱਚ ਫਸਟ ਅਤੇ ਪੰਜਾਬ ਯੂਨੀਵਰਸਿਟੀ ਤੋਂ ਦੂਜਾ ਸਥਾਨ ਪ੍ਰਾਪਤ ਕੀਤਾ, ਜੋ ਕਿ ਇਕ ਮਾਣ ਵਾਲੀ ਗੱਲ ਹੈ। ਉਪਰੰਤ ਉਸਨੇ ਰਿਜਨਲ ਸੈਂਟਰ ਬਠਿੰਡਾ ਤੋਂ ਐਮ ਫਿਲ ਪੰਜਾਬੀ ਪਾਸ ਕੀਤੀ। ਉਸ ਦੇ ਗਾਇਡ ਜੀਤ ਸਿੰਘ ਜੋਸ਼ੀ ਜੀ ਸਨ। ਹੁਣ ਉਸ ਨੇ ਪੀ.ਐਚ.ਡੀ. ਦੀ ਤਿਆਰੀ ਸ਼ੁਰੂ ਕਰ ਰੱਖੀ ਹੈ ਅਤੇ ਇਸ ਵਿਚ ਵੀ ਉਸ ਦੇ ਗਾਇਡ ਜੀਤ ਸਿੰਘ ਜੋਸ਼ੀ ਜੀ ਹੀ ਹਨ।



ਮੁਲਾਕਾਤ ਦੌਰਾਨ ਸਰਬਜੀਤ ਨੇ ਦੱਸਿਆ ਕਿ ਕਿੱਤੇ ਪੱਖੋਂ ਉਹ ਸਹਾਇਕ ਪ੍ਰੋਫੈਸਰ ਵਜੋਂ ਨੈਸ਼ਨਲ ਗਰਲਜ ਕਾਲਜ ਚੁਵਾੜਿਆਂ ਵਾਲੀ (ਫਾਜਿਲਕਾ) ਵਿਖੇ ਰੈਗੂਲਰ ਪੋਸਟ ਤੇ ਕੰਮ ਕਰ ਰਹੀ ਹੈ, ਲਿਖਣਾ ਉਸਦਾ ਇਕ ਸ਼ੌਕ ਹੈ, ਜੋ ਕਿ ਰੂਹ ਨੂੰ ਕਹਿਰਾਂ ਦਾ ਸਕੂਨ ਦਿੰਦਾ ਹੈ। ਇੱਥੋਂ ਤੱਕ ਦੇ ਸਫਰ ਦੀ ਗੱਲ ਕਰਦਿਆਂ ਉਸ ਨੇ ਕਿਹਾ, "ਜੇਕਰ ਮੈਨੂੰ ਪਰਿਵਾਰਿਕ ਸਹਿਯੋਗ ਨਾ ਹੁੰਦਾ, ਤਾਂ ਸਮੇਂ ਦੇ ਹਾਣ ਦੇ ਸੁਪਨੇ ਪਾਲਣ ਦੀਆਂ ਮੱਲਾਂ ਮਾਰਨ ਵਿਚ ਸ਼ਾਇਦ ਮੈ ਇਸ ਮੁਕਾਮ ਤੇ ਨਾ ਹੁੰਦੀ। ਇਵੇਂ ਹੀ ਬਾਦਲ ਕਾਲਜ ਵਿੱਚ ਪੜ੍ਹਦੇ ਸਮੇ ਮੇਰੇ ਬਹੁਤ ਹੀ ਸਤਿਕਾਰ ਯੋਗ ਪ੍ਰਿੰਸੀਪਲ ਸੰਘਾ ਸਾਹਿਬ ਅਤੇ ਮੈਡਮ ਕੁਲਵੰਤ ਕੋਰ ਜੀ, ਜੋ ਪੰਜਾਬੀ ਵਿਭਾਗ ਦੇ ਮੁਖੀ ਹਨ, ਦਾ ਮੈਨੂੰ ਪੂਰਨ ਸਹਿਯੋਗ ਰਿਹਾ।" ਇਕ ਹੋਰ ਸਵਾਲ ਦਾ ਜੁਵਾਬ ਦਿੰਦਿਆਂ ਸਰਬਜੀਤ ਨੇ ਕਿਹਾ, "ਸਾਡੇ ਛੋਟੇ ਜਿਹੇ ਪਰਿਵਾਰ ਵਿੱਚ ਸੰਤਾਨ ਪੱਖੋਂ ਮੇਰਾ ਛੋਟਾ ਭਰਾ ਗੁਰਿੰਦਰਜੀਤ ਸਿੰਘ ਗੋਲਡੀ ਅਤੇ ਮੈਂ, ਅਸੀ ਦੋ ਹੀ ਭੈਣ ਭਰਾ ਹਾਂ। ਮੇਰੇ ਮੰਮੀ ਜੀ ਸਿੱਖਿਆ ਵਿਭਾਗ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਸੀਤੋ ਗੁੰਨੋ (ਅਬੋਹਰ) ਵਿਖੇ ਬਤੌਰ ਸੈਂਟਰ ਹੈਡ-ਟੀਚਰ ਸਰਵਿਸ ਕਰ ਰਹੇ ਹਨ ਅਤੇ ਡੈਡੀ ਜੱਗਜੀਤ ਮੁਕਤਸਰੀ ਜੀ ਜੋ ਸੁਪ੍ਰਸਿੱਧ ਗੀਤਕਾਰ ਅਤੇ ਗਾਇਕ ਹਨ, ਨੇ ਵੀ ਵਿਦਿਆ ਦਾ ਚਾਨਣ ਵੰਡਣ ਦੀ ਹੀ ਸਰਕਾਰੀ ਸੇਵਾ ਨਿਭਾਈ ਹੈ।"

"ਜਿੰਦਗੀ ਦੇ ਕੋਈ ਸੁਪਨੇ, ਸਰਬਜੀਤ ਜੀ?"

"ਲੁਧਿਆਣਵੀ ਜੀ, ਸੁਪਨੇ ਸਿਰਫ ਮੇਰੇ ਹੀ ਨਹੀ, ਬਲਕਿ ਮੇਰੇ ਪੂਜਨੀਕ ਮਾਤਾ ਤੇ ਪਿਤਾ ਜੀ ਦੇ ਵੀ ਅਨੇਕਾਂ ਸੁਪਨੇ ਹਨ ਮੇਰੇ ਲਈ, ਜਿਨ੍ਹਾਂ ਨੂੰ ਪੂਰਾ ਕਰਨ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਲੜਨਾ ਮੈਂ ਇਕ ਸ਼ੌਕ ਬਣਾ ਲਿਆ ਹੈ, ਜਿੰਦਗੀ ਦਾ। ....ਸੁਪਨਿਆਂ ਵਿਚੋਂ ਇਕ ਸੁਪਨਾ, ਆਪਣੇ ਪਿਤਾ ਜੀ ਵਾਂਗ, ਨਿਰੋਲ ਆਪਣੀਆਂ ਰਚਨਾਵਾਂ ਦਾ ਇਕ ਕਾਵਿ-ਸੰਗ੍ਰਿਹ ਜਲਦੀ ਹੀ ਪਾਠਕਾਂ ਦੇ ਹੱਥਾਂ ਵਿਚ ਫੜਿਆ ਦੇਖਣ ਦਾ ਵੀ ਹੈ: ਜਿਸ ਦਾ ਖਰੜਾ ਸੰਭਾਲੀ ਬੈਠੀ ਹਾਂ।"

ਸ਼ਾਲ੍ਹਾ! ਆਪਣੀ ਕਲਮ ਦੁਆਰਾ ਅਮਨ-ਚੈਨ, ਸਬਰ-ਸੰਤੋਖ, ਸੁੱਖ-ਸ਼ਾਂਤੀ, ਖੁਸ਼ਹਾਲੀ ਅਤੇ ਸਦਾਚਾਰਤਾ ਦੇ ਸੁਨੇਹੇ ਦੇਣ ਵਾਲੀ, ਵਿਦਿਆ ਦੇ ਖੇਤਰ ਵਿਚ ਜੋਤ ਜਗਾਉਣ ਦੀ ਅਹਿਮ ਸੇਵਾ ਦਾ ਰੋਲ ਨਿਭਾਉਂਦੀ, ਖ਼ੂਬਸੂਰਤ ਤੇ ਹੋਣਹਾਰ ਮੁਟਿਆਰ ਸਰਬਜੀਤ ਕੌਰ ਜੋਤੀ ਦੇ ਸੁਪਨਿਆਂ ਨੂੰ ਭਰਵਾਂ ਬੂਰ ਪਵੇ! ਤਾਰਿਆਂ ਦੇ ਭਰੇ ਅੰਬਰ ਜਿੰਨੀਆਂ ਦੁਆਵਾਂ, ਇੱਛਾਵਾਂ ਅਤੇ ਕਾਮਨਾਵਾਂ ਹਨ ਮੇਰੀਆਂ, ਉਸਦੇ ਬੁਲੰਦ ਹੌਸਲੇ ਲਈ! ਆਮੀਨ!

# ਜ਼ਫ਼ਰ ਦਾ ਵਿਵੇਕ

ਮਿੰਟੂ ਬਰਾੜ
ਐਡੀਲੇਡ, ਆਸਟ੍ਰੇਲੀਆ

ਉਸ ਰਾਤ ਨੀਂਦ ਅੱਖਾਂ ਤਾਂ ਕੀ, ਸਰੀਰ ਦੇ ਕਿਸੇ ਵੀ ਹਿੱਸੇ 'ਚ ਨਹੀਂ ਰੜਕ ਰਹੀ ਸੀ। ਵਜ੍ਹਾ ਜਾਣਦਾ ਸੀ, ਪਰ ਅਣਜਾਣ ਬਣਨ ਦੀ ਕੋਸ਼ਿਸ਼ 'ਚ ਸਾਂ। ਹਾਲਾਂਕਿ ਆਪਣਾ ਨਿੱਤਨੇਮ, ਸੌਣ ਤੋਂ ਪਹਿਲਾਂ ਕਿਸੇ ਕਿਤਾਬ ਦੇ ਪੱਚੀ ਵਰਕਿਆਂ ਦਾ ਪਾਠ ਕਰ ਚੁੱਕਿਆ ਸੀ। ਨੀਂਦ ਨਾ ਲੱਭਦੀ ਦੇਖ ਫੇਰ ਸਰਹਾਣੇ ਲਗੀ ਬੱਤੀ ਜੱਗਾ ਕੇ ਰੈਕ ਤੇ ਪਈਆਂ ਅਣਗਿਣਤ ਕਿਤਾਬਾਂ ਤੇ ਸਰਸਰੀ ਜਿਹੀ ਨਿਗ੍ਹਾ ਮਾਰੀ ਕਿ ਇਸ ਹਾਲਾਤ 'ਚ ਕੋਣ ਹੋ ਸਕਦਾ ਜੋ ਧਰਵਾਸੇ ਦੇ ਨਾਲ-ਨਾਲ ਭਾਣਾ ਮੰਨਣ ਦਾ ਮੂਲ ਸਮਝਾ ਸਕੇ। ਪਰਮਿੰਦਰ ਸੋਢੀ 'ਰੱਬ ਦੇ ਡਾਕੀਏ' ਦੇ ਰੂਪ 'ਚ ਆਵਾਜ਼ਾਂ ਮਾਰਦਾ ਦਿਸਿਆ। ਚੇਤ ਮਨ ਪੜ੍ਹ ਰਿਹਾ ਸੀ ਤੇ ਅਚੇਤ ਕਦੇ ਲੁਧਿਆਣੇ ਉਸ ਘਰ ਦੀ ਦਹਲੀਜ ਤੇ ਜਾ ਪਹੁੰਚਦਾ ਜਿੱਥੇ ਇਕ ਮਾਂ ਪਾਣੀ ਵਾਰਨ ਦੇ ਮੁਕਾਮ ਦੇ ਬਿਲਕੁਲ ਬਰੂੰਹਾਂ ਤੇ ਖੜ੍ਹੀ ਹੈ ਤੇ ਕਦੇ ਪ੍ਰਦੇਸ ਦੇ ਇਕ ਹਸਪਤਾਲ ਦੇ ਉਸ ਬੈਡ 'ਤੇ ਜਾ ਕੇ ਸਰਹਾਣੇ ਖੜ ਜਾਂਦਾ ਜਿੱਥੇ ਇਕ ਪੰਛੀ ਉਡਾਰੀ ਮਾਰਨ ਲਈ ਕਾਹਲਾ ਪਰ 'ਆਧੁਨਿਕਤਾ ਦੇ ਰੱਬ' ਪਾਈਪਾਂ ਤੇ ਤਾਰਾਂ ਦੇ ਜਾਲ ਪਾ ਕੇ ਉਸ ਨੂੰ ਰਿਸ਼ਤਿਆਂ 'ਚ ਬੰਨ੍ਹੀ ਰੱਖਣ ਦੀ ਵਾਹ ਲਾ ਰਹੇ ਹਨ।

ਕੁੱਝ ਅਚਵੀ ਜਿਹੀ ਤੋਂ ਬਾਅਦ ਦੱਬੇ ਪੈਰੀਂ ਠੰਢ ਨਾਲ ਠੁਰ ਰਹੀ ਰਾਤ 'ਚ ਘਰ ਦੇ ਪਿਛਵਾੜੇ ਚਲਾ ਜਾਂਦਾ ਹਾਂ। ਹਾਲੇ ਦੋ ਚਾਰ ਖੁੱਲ੍ਹੇ ਸਾਹ ਲੈਂਦਾ ਹਾਂ ਕਿ ਨਿਗਾਹ ਕੁੱਝ ਚਿਰ ਪਹਿਲਾਂ ਲਾਏ ਅੰਬ ਦੇ ਬੂਟੇ ਤੇ ਚਲੀ ਜਾਂਦੀ ਹੈ। ਜਿਸ ਦੀ ਕੱਲ੍ਹ ਦਿਨੇ ਇਕ ਕਰੂੰਬਲ ਫੁੱਟਦੀ ਦੇਖ ਮਨ ਬਾਗੋ-ਬਾਗ਼ ਹੋਇਆ ਸੀ। ਪਰ ਇਹ ਕੀ! ਅੱਜ ਦੀ ਇਸ ਰਾਤ ਦੇ ਪਾਲੇ ਦੀ ਮਾਰ ਹੇਠ ਆ ਕੇ ਆਪਾ ਗੁਆ ਚੁੱਕਿਆ ਸੀ। ਦੇਖਣਾ ਮੁਸ਼ਕਿਲ ਸੀ। ਜਿਸ ਗੱਲ ਨੂੰ ਭੁਲਾਉਣ ਮਾਰਾ ਬਾਹਰ ਆਇਆ ਸਾਂ ਫੇਰ ਉਹੀ ਤਾਰ ਹਿੱਲ ਗਈ ਤੇ ਝਰਨਾਹਟ ਸਿਰ ਤੋਂ ਲੈ ਕੇ ਪੈਰਾਂ ਤੱਕ ਕੰਬਣੀ ਛੇੜ ਗਈ।

ਅੰਦਰ ਆ ਕੇ ਫੇਰ ਮਨ ਨੇ ਕਿਹਾ ਕਿ ਡੋਲ ਰਹੇ ਚਿੱਤ ਨੂੰ ਸ਼ਬਦਾਂ ਦਾ ਸਹਾਰਾ ਹੀ ਕਾਰਗਰ ਹੋ ਸਕਦਾ। ਸੋ ਫੇਰ ਹੱਥ ਰੈਕ ਵੱਲ ਵਧੇ ਨਿਗਾਹ ਕੋਈ ਖ਼ਾਸ ਕਿਤਾਬ ਲੱਭ ਰਹੀ ਸੀ। ਕਾਰਨ ਸ਼ਾਇਦ ਫੇਰ ਉਹੀ! ਉਸ ਖ਼ਾਸ ਕਿਤਾਬ ਦੇ ਰਚੇਤਾ ਨੂੰ ਪੜ੍ਹ ਕੇ ਸਮਝਣਾ ਚਾਹੁੰਦਾ ਸੀ ਕਿ ਕਿਵੇਂ ਐਨੀ ਸਹਿਜਤਾ ਆ ਗਈ ਇਸ ਇਨਸਾਨ 'ਚ! ਅੰਦਰ ਏਨੀ ਕਾਹਲ ਕਿ ਕਦੋਂ ਫੇਰ ਪੜ੍ਹਾ ਕਿ 'ਬਾਬੇ ਨਾਨਕ ਦੇ ਅਸੀਂ ਕੀ ਲਗਦੇ।' ਪਰ ਕਿਤਾਬ ਨਹੀਂ ਮਿਲੀ। ਨਿਗਾਹ 'ਅਸਲੀ ਇਨਸਾਨ ਦੀ ਕਹਾਣੀ' ਕਿਤਾਬ ਤੇ ਅਟਕ ਗਈ। ਸੋਚ ਕਹੇ ਠੀਕ ਤਾਂ ਹੈ ਇਹੋ ਜਿਹਾ ਧਰਵਾਸਾ ਤਾਂ ਕੋਈ 'ਅਸਲੀ ਇਨਸਾਨ' ਹੀ ਰੱਖ ਸਕਦਾ ਹੈ। ਆਪਣੇ ਆਪ 'ਚ ਸਹਿਜਤਾ ਲਿਆਉਣ ਦੀ ਕੋਸ਼ਿਸ਼ 'ਚ ਤਰ-ਲੋਮੱਛੀ ਸਾਂ, ਪਰ ਨਾਕਾਮਯਾਬ। ਮੇਰੀ ਇਸ ਹਿਲਜੁਲ ਨੇ ਕੋਲ ਪਈ ਸ਼ਰੀਕ-ਏ-ਹਿਯਾਤ ਨੂੰ ਵੀ ਜਗਾ ਦਿਤਾ।

"ਕੀ ਗੱਲ ਨੀਂਦ ਨਹੀਂ ਆ ਰਹੀ?'' ਉਹ ਕਹਿੰਦੀ

"ਬੱਸ ਉਂਜ ਹੀ'' ਮੈਂ ਗੱਲ ਟਾਲਣ ਦੀ ਕੋਸ਼ਿਸ਼ ਕੀਤੀ

ਮੈਨੂੰ ਪਤਾ, ਤੁਹਾਨੂੰ ਤਾਂ ਕੀ ਆਉਣੀ ਹੈ, ਮੈਨੂੰ ਵੀ ਨਹੀਂ ਆ ਰਹੀ

"ਕਿਉਂ'' ਮੈਂ ਪੁੱਛਿਆ?

''ਤੁਸੀਂ ਤਾਂ ਉਸ ਪਰਵਾਰ ਨੂੰ ਤਿੰਨ ਵਾਰ ਮਿਲੇ ਹੋ, ਮੈਂ ਤਾਂ ਭਾਵੇਂ ਕਦੇ ਮਿਲੀ ਵੀ ਨਹੀਂ ਪਰ ਫੇਰ ਵੀ ਜਦੋਂ ਦਾ ਸੁਣਿਆ ਬਹੁਤ ਅਚਵੀ ਆ, ਬੱਸ ਉਂਜ ਹੀ ਮੂੰਹ ਢਕੀ ਪਈ ਸੀ।''

"ਰਾਤ ਦੇ ਦੋ ਵੱਜ ਗਏ! ਚਲੋ ਸੌਣ ਦੀ ਕੋਸ਼ਿਸ਼ ਕਰੀਏ, ਕੱਲ੍ਹ ਅਨਮੋਲ ਦੀ ਜੌਬ ਲਈ ਇੰਟਰਵਿਊ ਵੀ ਹੈ'' ਮੈਂ ਕਿਹਾ।

ਅਨਮੋਲ ਦਾ ਨਾਮ ਜ਼ਿਹਨ 'ਚ ਆਉਂਦਿਆਂ ਫੇਰ ਸੂਈ ਉੱਥੇ ਅਟਕ ਗਈ। ਵਿਵੇਕ ਵੀ ਅਨਮੋਲ ਦਾ ਹਾਣੀ ਸੀ! ਉਸ ਦੇ ਮਾਂ ਬਾਪ ਨੂੰ ਵੀ ਚਾਅ ਹੋਣਾ ਉਸ ਦੀ ਜੌਬ ਦੀ ਪਹਿਲੀ ਇੰਟਰਵਿਊ ਦਾ! ਦਿਲ ਏਨਾ ਕੁ ਤੇਜ ਧੜਕ ਰਿਹਾ ਸੀ ਕਿ ਬੈਡ ਉੱਤੇ ਪੈ ਨਹੀਂ ਸੀ ਹੋ ਰਿਹਾ। ਮੈਂ ਘਰ ਵਾਲੀ ਨੂੰ ਕਿਹਾ ਚੁੱਪ ਕਰ ਕੇ ਸੌਣ ਦੀ ਕੋਸ਼ਿਸ਼ ਕਰਦੇ ਹਾਂ।

"ਨਹੀਂ ਇੰਜ ਨੀਂਦ ਨਹੀਂ ਆਉਣੀ'' ਉਹ ਕਹਿੰਦੀ

"ਫੇਰ''

"ਇਕ ਬਾਰ ਜੋ ਮਨ 'ਚ ਹੈ ਉਹ ਬਾਹਰ ਕੱਢ ਦਿਓ, ਮਤਲਬ ਗੱਲਾਂ ਕਰੋ। ਚਲੋ! ਤੁਸੀਂ ਮੈਨੂੰ ਹੁਣ ਤੱਕ ਦੀ ਜ਼ਫ਼ਰ ਪਰਵਾਰ ਨਾਲ ਆਪਣੀ ਸਾਂਝ ਦੀ ਗੱਲ ਸੁਣਾਓ।''

"ਮੇਰੀ ਸਾਂਝ! ਉਂਜ ਤਾਂ ਇਹ ਕਾਫ਼ੀ ਪੁਰਾਣੀ ਹੈ, ਇਕ ਪਾਠਕ ਤੇ ਲਿਖਾਰੀ ਵਾਲੀ। ਪਰ ਦੋ ਕੁ ਸਾਲ ਪਹਿਲਾਂ ਉਨ੍ਹਾਂ ਨੇ ਮੈਨੂੰ 'ਬਾਈ ਜੀ' ਕਹਿਣ ਦਾ ਹੱਕ ਦੇ ਦਿਤਾ ਸੀ।''

"ਉਹ ਕਿਵੇਂ'' ਘਰਵਾਲੀ ਨੇ ਹੁੰਗਾਰਾ ਭਰਦੇ ਕਿਹਾ।

"ਕੈਂਗਰੂਨਾਮਾ' ਕਿਤਾਬ ਛਪਵਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਭੇਜ ਕੇ ਬੇਨਤੀ ਕੀਤੀ ਸੀ ਕਿ ਜੇ ਕਿਤਾਬ ਪੜ੍ਹ ਕੇ ਉਸ ਬਾਰੇ ਆਪਣੇ ਵਿਚਾਰ ਦਸ ਦਿਓ ਤਾਂ ਖ਼ੁਸ਼ੀ ਹੋਵੇਗੀ।''

"ਇਸ ਸਾਰੇ ਦਾ ਜ਼ਿਕਰ ਤਾਂ ਮੈਂ ਪੜ੍ਹ ਚੁੱਕੀ ਆ ਤੁਹਾਡੇ ਇਕ ਲੇਖ 'ਚ।'' ਘਰਵਾਲੀ ਕੁੱਝ ਹੋਰ ਨਿੱਜੀ ਗੱਲਾਂ ਸੁਣਨਾ ਚਾਹੁੰਦੀ ਸੀ।

"ਤੁਸੀ ਘਰ ਵੀ ਗਏ ਸੀ ਉਨ੍ਹਾਂ ਦੇ, ਉਹ ਦੱਸੋ, ਕੀ ਤੁਸੀਂ ਵਿਵੇਕ ਨੂੰ ਮਿਲੇ ਸੀ ਉਦੋਂ''

"ਨਾ, ਮੈਂ ਤਾਂ ਵਿਵੇਕ ਨੂੰ ਪਹਿਲੀ ਵਾਰ ਉਸ ਦੀ ਹਸਪਤਾਲ ਵਾਲੀ ਫ਼ੋਟੋ 'ਤੇ ਦੇਖਿਆ।''

"ਪਹਿਲੀ ਵਾਰ ੨੦੧੪ ਜਨਵਰੀ ਦੀ ਗੱਲ ਹੈ। ਮੈਂ ਤੇ ਸ਼ਿਵਦੀਪ ਜ਼ਫ਼ਰ ਸਾਹਿਬ ਨੂੰ ਮਿਲਣ ਉਨ੍ਹਾਂ ਦੇ ਘਰ ਗਏ। ਇੰਜ ਲੱਗੇ ਜਿਵੇਂ ਚਿਰਾਂ ਤੋਂ ਜਾਣਦੇ ਹੋਈਏ। ਭਾਵੇਂ ਅਸੀਂ ਤਾਂ ਚਿਰਾਂ ਤੋਂ ਜ਼ਫ਼ਰ ਸਾਹਿਬ ਦੇ ਪ੍ਰਸ਼ੰਸਕ ਸਾਂ ਤੇ ਉਨ੍ਹਾਂ ਦੀ ਹਰ ਗਤੀਵਿਧੀ ਤੇ ਨਿਗਾਹ ਰੱਖਦੇ ਸੀ। ਪਰ ਉਨ੍ਹਾਂ ਨੂੰ ਮਿਲ ਕੇ ਇੰਜ ਨਹੀਂ ਲੱਗਿਆ ਕਿ ਉਹ ਸਾਨੂੰ ਨਹੀਂ ਜਾਣਦੇ। ਪਰ ਉਸ ਪਹਿਲੀ ਮੁਲਾਕਾਤ ਬਾਰੇ ਜਦੋਂ ਵੀ ਮੈਂ ਸੋਚਦਾ ਤਾਂ ਮੈਨੂੰ ਆਪਣੇ ਆਪ ਤੋਂ ਸ਼ਰਮ ਜਿਹੀ ਆਉਂਦੀ ਹੈ ਕਿ ਮੈਂ ਉੱਥੇ ਇਕ ਸਰੋਤਾ ਬਣ ਕੇ ਨਾ ਬਹਿ ਸਕਿਆ, ਉਲਟਾ ਬੋਲਦਾ ਹੀ ਰਿਹਾ ਬੋਲਦਾ ਹੀ ਰਿਹਾ। ਪਰ ਜ਼ਫ਼ਰ ਸਾਹਿਬ ਨੇ ਇਹ ਕਹਿ ਕੇ ਮੇਰੀ ਇਸ ਗੁਸਤਾਖ਼ੀ ਨੂੰ ਪਿਆਰ ਬਖ਼ਸ਼ਿਆ ਕਿ ਯਾਰ ਅੱਜ ਬਹੁਤ ਸਾਰੀਆਂ ਨਵੀਆਂ ਗੱਲਾਂ ਦਾ ਪਤਾ ਲੱਗਿਆ।

ਬਾਦ 'ਚ ਮੈਨੂੰ ਮਹਿਸੂਸ ਹੋਇਆ ਕਿ ਕਿੰਨਾ ਵਧੀਆ ਤਰੀਕਾ ਸੀ ਉਨ੍ਹਾਂ ਦਾ ਮੇਰੇ ਵਰਗੇ ਨੂੰ ਹਲਾਸ਼ੇਰੀ ਅਤੇ ਸਹੀ ਮੋੜ ਦੇਣ ਦਾ।''

"ਇਸ ਸਾਲ ਵੀ ਗਏ ਸੀ ਤੁਸੀਂ ਹਨਾਂ?'' ਘਰਵਾਲੀ ਉਤਸੁਕਤਾ ਨਾਲ ਸੁਣ ਰਹੀ ਸੀ।

ਤੇ ਮੈਂ ਵੀ ਕੁੱਝ-ਕੁੱਝ ਸਹਿਜ ਮਹਿਸੂਸ ਕਰ ਰਿਹਾ ਸੀ।

"ਇਕ ਮਿੰਟ! ਪਹਿਲਾਂ ਪਿਛਲੀ ਗੱਲ ਤਾਂ ਪੂਰੀ ਹੋ ਜਾਣ ਦੇ'' ਮੈਂ ਕਿਹਾ

ਉਹ ਜੀ, ਮੈਂ ਤਾਂ ਥੋੜਾ ਜਿਹਾ ਨੇੜੇ ਤੋਂ ਮੁੜਨ ਨੂੰ ਕਿਹਾ ਸੀ, ਨਹੀਂ ਤਾਂ ਮੈਨੂੰ ਪਤਾ ਤੁਸੀਂ ਢਾਈ ਘੰਟਿਆਂ ਦੀ ਫ਼ਿਲਮ ਸੁਣਾਉਣ ਤੇ ਵੀ ਚਾਰ ਘੰਟੇ ਲਾ ਦਿੰਦੇ ਹੋ।

ਮੈਨੂੰ ਅੱਜ ਘਰਵਾਲੀ ਦੀ ਇਹ ਨੋਕ-ਝੋਕ ਨਹੀਂ ਰੜਕੀ ਸੀ, ਜੋ ਅਕਸਰ ਰੜਕ ਜਾਂਦੀ ਸੀ।

"ਤੂੰ ਇਹ ਨਹੀਂ ਪੁੱਛਿਆ ਕਿ ਮੈਨੂੰ ਭਰਾ ਦਾ ਹੱਕ ਜ਼ਫ਼ਰ ਸਾਹਿਬ ਨੇ ਕਿਵੇਂ ਦੇ ਦਿੱਤਾ?''

"ਚਲੋ! ਹੁਣ ਪੁੱਛ ਲਿਆ, ਦੱਸੋ ਜੀ?''

"ਮੈਂ ਜਦੋਂ ਵੀ ਕੋਈ ਚਿੱਠੀ ਪੱਤਰ ਜ਼ਫ਼ਰ ਸਾਹਿਬ ਨਾਲ ਕਰਦਾ ਤਾਂ ਮੈਨੂੰ ਸਰ-ਸਰ ਲਿਖਦਿਆਂ ਬੇਗਾਨਗੀ ਜਿਹੀ ਦੀ ਬੂਅ ਆਉਂਦੀ। ਸੋ ਇਕ ਦਿਨ ਮੈਂ ਉਨ੍ਹਾਂ ਨੂੰ ਈਮੇਲ ਕੀਤੀ ਕਿ ਸਰ ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਤੁਹਾਨੂੰ ਬਾਈ ਜੀ ਕਹਿ ਦਿਆ ਕਰਾ? ਉਨ੍ਹਾਂ ਖ਼ੁਸ਼ੀ ਖ਼ੁਸ਼ੀ ਮੈਨੂੰ ਇਹ ਇਜਾਜ਼ਤ ਦੇ ਦਿੱਤੀ।''

"ਬੱਸ ਫੇਰ ਕੀ ਸੀ ਉਹ ਕਿਤਾਬ ਰਿਲੀਜ਼ ਤੇ ਆਏ ਤੇ ਉਸ ਸਮਾਰੋਹ 'ਚ..

"ਹਾਂ-ਹਾਂ ਮੈਂ ਉੱਥੇ ਹੀ ਸੀ, ਭਾਵੇ ਜ਼ਿਆਦਾ ਇਕੱਠ ਹੋਣ ਕਾਰਨ ਮਿਲ ਨਹੀਂ ਸੀ ਹੋਇਆ। ਪਰ ਇਕ ਗੱਲ ਕਹਾਂ! ਉਸ ਦਿਨ ਸਭ ਤੋਂ ਛੋਟੀ ਤਕਰੀਰ ਜ਼ਫ਼ਰ ਸਾਹਿਬ ਨੇ ਦਿੱਤੀ ਸੀ ਤੇ ਸਭ ਤੋਂ ਵਧੀਆ ਵੀ ਉਨ੍ਹਾਂ ਦੀ ਤਕਰੀਰ'' ਸੀ ਘਰਵਾਲੀ ਨੇ ਮੈਨੂੰ ਵਿਚੋਂ ਟੋਕ ਕੇ ਕਿਹਾ।

"ਹਾਂ ਇਹੀ ਫੀਡ ਬੈਕ ਆਈ ਸੀ ਉਸ ਸਮਾਗਮ ਦੀ, ਵੀ ਜ਼ਫ਼ਰ ਸਾਹਿਬ ਕਮਾਲ ਦਾ ਬੋਲੇ ਉਸ ਦਿਨ।''

"ਐਤਕੀਂ ਪਤਾ ਤੁਹਾਨੂੰ ਮੈਂ ਤੇ ਸ਼ਿਵਦੀਪ ਜਦੋਂ ਪੰਜਾਬ ਟੂਰ ਤੇ ਸੀ ਤਾਂ ਜਲੰਧਰ ਤੋਂ ਅਗਲਾ ਪੜਾਓ ਲੁਧਿਆਣਾ ਹੀ ਸੀ। ਸੋ ਜ਼ਫ਼ਰ ਸਾਹਿਬ ਨੂੰ ਰਿੰਗ ਕੀਤੀ। ਉਹ ਪਟਿਆਲੇ ਤੋਂ ਆ ਰਹੇ ਸਨ। ਕਹਿੰਦੇ ਬੱਸ ਸਿੱਧੇ ਘਰ ਆ ਜੋ ਮੈਂ ਵੀ ਪਹੁੰਚਦਾ। ਅਸੀਂ ਰਾਹ ਭੁੱਲ ਗਏ ਪਿਛਲੇ ਸਾਲ ਵੀ ਮੈਡਮ ਜਗਦੀਸ਼ ਕੌਰ ਦੇ ਲੱਖ ਰਾਹ ਦੱਸਣ ਦੇ ਬਾਵਜੂਦ ਸਾਨੂੰ ਅਖੀਰ 'ਹਰਲੀਨ ਸੋਨਾ' ਉਨ੍ਹਾਂ ਦੇ ਘਰ ਛੱਡ ਕੇ ਆਏ ਸਨ। ਇਸ ਬਾਰ 'ਗੁਰੀ ਲੁਧਿਆਨਵੀ' ਨੂੰ ਬੇਨਤੀ ਕੀਤੀ, ਉਹ ਆਪਣਾ ਮੋਟਰ ਸਾਈਕਲ ਰਾਹ 'ਚ ਖੜ੍ਹਾ ਕੇ ਸਾਡੇ ਨਾਲ ਤੁਰ ਪਿਆ। ਪਰ ਫੇਰ ਵੀ ਅਸੀਂ ਰਾਹ ਭੁੱਲ ਗਏ ਤੇ ਰਵੀ ਦੀਪ ਨੂੰ ਫ਼ੋਨ ਕੀਤਾ। ਉਹ ਕਹਿੰਦਾ ਮੇਰੇ ਘਰ ਆਜੋ ਅੱਗੇ ਮੈਂ ਲੈ ਚੱਲਾਂਗਾ। ਰਾਹ 'ਚ ਜਾਂਦੇ ਰਵੀ ਤੇ ਗੁਰੀ ਕਹਿੰਦੇ ਕਿ ਅਸੀਂ ਇਕ ਵੀ ਵੇਲਾ ਹੱਥੋਂ ਨਹੀਂ ਜਾਣ ਦਿੰਦੇ ਜ਼ਫ਼ਰ ਸਾਹਿਬ ਕੋਲ ਜਾਣ ਦਾ, ਭਾਵੇਂ ਉਹ ਹਰ ਰੋਜ ਆਵੇ। ਦਰਵਾਜੇ ਤੇ ਖੜ੍ਹੇ ਸਨ ਜ਼ਫ਼ਰ ਸਾਹਿਬ, ਅਸੀਂ ਦੇਰੀ ਲਈ ਮਾਫ਼ੀ ਮੰਗੀ ਤੇ ਜਦੋਂ ਮੈਂ ਕਿਹਾ ਕਿ ਤੁਸੀਂ ਏਨੀ ਠੰਢ 'ਚ ਬਾਹਰ ਖੜ੍ਹੇ ਕਿਉਂ ਉਡੀਕ ਰਹੇ ਸੀ?''

ਕਹਿੰਦੇ! "ਯਾਰ ਜਦੋਂ ਮੇਜ਼ਬਾਨ ਦਰਵਾਜੇ 'ਤੇ ਖੜਾ ਉਡੀਕ ਰਿਹਾ ਹੋਵੇ ਤਾਂ ਮਹਿਮਾਨ ਨੂੰ ਵੀ ਆਉਣ ਦਾ ਸੁਆਦ ਆ ਜਾਂਦਾ ਤੇ ਮੇਜ਼ਬਾਨੀ ਦੀ ਅਸਲੀ ਖ਼ੁਸ਼ੀ ਵੀ ਇਸੇ 'ਚੋਂ ਮਿਲਦੀ ਹੈ।''

ਉਨ੍ਹਾਂ ਦੀ ਪਹਿਲੀ ਗੱਲ ਹੀ ਸਾਨੂੰ ਫੇਰ ਲਾਜਵਾਬ ਕਰ ਗਈ ਸੀ। ਪਿਛਲੇ ਸਾਲ ਵਾਂਗ ਫੇਰ ਮੈਡਮ ਬਲਵੀਰ ਕੌਰ ਪੰਧੇਰ(ਜ਼ਫ਼ਰ) ਸਾਡੀ ਸੇਵਾ 'ਚ ਜੁੱਟ ਗਏ। ਚਾਹ-ਪਾਣੀ ਤੋਂ ਬਾਅਦ ਕਹਿੰਦੇ ਹੁਣ ਰੋਟੀ ਖਾ ਕੇ ਹੀ ਜਾਣਾ।

ਅਸੀਂ ਬਹੁਤ ਕਿਹਾ ਕਿ ਨਹੀਂ ਅਸੀਂ ਤਾਂ ਤੁਹਾਡਾ ਮਗ਼ਜ਼ ਖਾਣਾ, ਉਹ ਖਾ ਰਹੇ ਹਾਂ। ਪਰ ਫੇਰ ਇਕ ਸ਼ਰਤ 'ਤੇ ਅਸੀਂ ਰੋਟੀ ਖਾਣੀ ਮੰਨੀ ਕਿ ਬਣਾਉਣਾ ਕੁੱਝ ਨਹੀਂ ਜੋ ਫ੍ਰਿਜ਼ 'ਚ ਪਿਆ ਬੱਸ ਉਹੀ ਗਰਮ ਕਰ ਲਓ। ਉਹ ਤਾਂ ਹੋਰ ਵੀ ਗੱਲ ਬਣ ਗਈ ਕਿਉਂਕਿ ਫ੍ਰਿਜ਼ 'ਚ ਸਰ੍ਹੋਂ ਦਾ ਸਾਗ ਤੜਕਾ ਲਾ ਕੇ ਰੱਖ ਛੱਡਿਆ ਸੀ। ਮੈਡਮ ਕਹਿੰਦੇ ਜੇ ਥੋੜ੍ਹਾ ਜਿਹਾ ਸਬਰ ਰੱਖੋ ਤਾਂ ਫੇਰ ਮੈਂ ਮੱਕੀ ਦੀਆਂ ਰੋਟੀਆਂ ਲਾਹ ਦਿੰਦੀ ਹਾਂ ਕਿਉਂਕਿ ਇਹਨਾਂ ਤੇ ਥੋੜ੍ਹਾ ਟਾਈਮ ਲੱਗੂ। ਅਸੀਂ ਨਾਲ ਮਦਦ ਕਰਨ ਦੀ ਪੇਸ਼ਕਸ਼ ਵੀ ਕੀਤੀ ਉਹ ਕਹਿੰਦੇ ਤੁਸੀ ਜ਼ਫ਼ਰ ਸਾਹਿਬ ਨਾਲ ਗੱਲਾਂ ਮਾਰੋ ਬੱਸ।

ਫੇਰ ਕੀ ਮੈਡਮ ਤਾਜ਼ੀਆਂ-ਤਾਜ਼ੀਆਂ ਮੱਕੀ ਦੀਆਂ ਰੋਟੀਆਂ ਲਾਹੀ ਜਾਣ ਤੇ ਜ਼ਫ਼ਰ ਸਾਹਿਬ ਲਿਆ-ਲਿਆ ਕੇ ਸਾਨੂੰ ਧਰੀ ਜਾਣ। ਇਕ ਪਾਸਿਉਂ ਤਾਂ ਬਹੁਤ ਸ਼ਰਮ ਆਵੇ ਕਿ ਦੋ ਉੱਚ ਅਹੁਦਿਆਂ ਤੇ ਲੱਗੇ ਅਫ਼ਸਰ ਉੱਤੋਂ ਕਲਾ ਦੀਆਂ ਮੂਰਤਾਂ, ਤੇ ਅਸੀਂ ਬੇਸ਼ਰਮਾਂ ਵਾਂਗ ਬੈਠੇ ਖਾ ਰਹੇ ਸੀ! ਪਰ ਮੱਕੀ ਦੀਆਂ ਰੋਟੀਆਂ ਤੇ ਸਰ੍ਹੋਂ ਦੇ ਸਾਗ ਨੇ ਸਾਡੀ ਜ਼ਮੀਰ ਮਧੋਲ਼ ਕੇ ਰੱਖ ਦਿੱਤੀ ਸੀ।

"ਤੈਨੂੰ ਪਤਾ ਮੈਂ ਤੈਨੂੰ ਇਹ ਗੱਲ ਕਿਉਂ ਸੁਣਾਈ ਹੈ?'' ਮੈਂ ਘਰ ਵਾਲੀ ਨੂੰ ਹੁੰਗਾਰਾ ਭਰਨ ਦੀ ਥਾਂ ਦਿੱਤੀ।

"ਕਿਉਂ?''

"ਕਿਉਂਕਿ ਤੁਸੀਂ ਅਕਸਰ ਕਹਿ ਦਿੰਦੇ ਹੋ ਕਿ ਲੇਖਕਾਂ ਦੀ ਕਹਿਣੀ ਅਤੇ ਕਰਨੀ 'ਚ ਬਹੁਤ ਫ਼ਰਕ ਹੁੰਦਾ। ਦੂਜੇ ਨੂੰ ਮੱਤਾਂ ਦੇਣੀਆਂ ਸੌਖੀਆਂ ਹੁੰਦੀਆਂ, ਜਦੋਂ ਆਪਣਾ ਵੇਲਾ ਆਉਂਦਾ ਉਦੋਂ ਪਤਾ ਲਗਦਾ। ਪਰ ਹੁਣ ਤੁਸੀਂ ਆਪ ਦੇਖ ਲਵੋ, ਇਕ ਉੱਚ ਅਧਿਕਾਰੀ, ਲਿਖਾਰੀ, ਚਿੱਤਰਕਾਰ ਅਤੇ ਹੋਰ ਪਤਾ ਨਹੀਂ ਕੀ ਕੁੱਝ ਆਪਣੇ ਅੰਦਰ ਸਮੋਈ ਬੈਠੇ 'ਜ਼ਫ਼ਰ ਪਰਵਾਰ' ਦੀ 'ਹਲੀਮੀਅਤ'।''

ਗੱਲਾਂ ਕਰਦੇ-ਕਰਦੇ ਪਤਾ ਹੀ ਨਹੀਂ ਚਲਿਆ ਕਿ ਕਦੋਂ ਅਲਾਰਮ ਬੋਲ ਪਿਆ। ਗੱਲਾਂ ਨੇ ਏਨਾ ਕੁ ਹੌਲਾ ਕਰ ਦਿੱਤਾ ਸੀ ਕਿ ਰਾਤ ਭਰ ਨਾ ਸੌਣ ਬਾਰੇ ਚਿੱਤ ਚੇਤਾ ਵੀ ਨਹੀਂ ਸੀ। ਫੇਰ ਇਕ ਬਾਰ ਬਾਪ ਵੱਲੋਂ ਪੁੱਤਰ ਦੀ ਮੌਤ ਦਾ ਲਿਖਿਆ ਸੁਨੇਹਾ ਪੜ੍ਹਿਆ। ਪਰ ਇਸ ਬਾਰ ਪੜ੍ਹਨ ਦਾ ਨਜ਼ਰੀਆ ਕੁੱਝ ਬਦਲਿਆ ਹੋਇਆ ਸੀ।

ਮਨ 'ਚ ਇਕੋ ਸੋਚ ਆ ਰਹੀ ਸੀ ਕਿ "ਜੋ ਬੰਦੇ ਕਹਿਣੀ ਤੇ ਕਰਨੀ ਦੇ ਇਕ ਹੁੰਦੇ ਹਨ ਉਹ ਵਕਤ ਦੀ ਹਰ ਥਪੇੜ ਝੱਲ ਕੇ ਵੀ ਆਪਣੇ ਸਿਦਕ ਤੋਂ ਨਹੀਂ ਡੋਲਦੇ। ਜ਼ਫ਼ਰ ਸਾਹਿਬ ਨੇ ਕਵਿਤਾਵਾਂ ਸਿਰਫ਼ ਲਿਖੀਆਂ ਨਹੀਂ ਜੀਵਿਆਂ। ਸੋਨਾ ਤਾਂ ਸੋਨਾ ਹੀ ਰਹਿੰਦਾ ਭਾਵੇਂ ਕਿਸੇ ਭੱਠੀ ਚਾੜ੍ਹ ਦਿਓ।''

ਅਸੀਂ ਰੋਜ਼ਮੱਰਾ ਵਾਂਗ ਉੱਠੇ, ਨਿੱਤਨੇਮ ਨਿਭਾਇਆ ਤੇ ਫ਼ੈਸਲਾ ਕੀਤਾ ਕਿ ਅੱਜ ਅਰਦਾਸ ਵਿਵੇਕ ਲਈ ਤੇ ਉਸ ਦੇ ਪਰਵਾਰ ਲਈ ਹੋਵੇਗੀ।

ਪਰ ਫੇਰ ਵੀ ਅਰਦਾਸ 'ਚ ਸਾਡੇ ਲੱਖ ਕੋਸ਼ਿਸ਼ ਕਰਨ ਤੇ ਸਾਥੋਂ ਭਾਣਾ ਮੰਨਣ ਦੀ ਗੱਲ ਨਹੀਂ ਕਹਿ ਹੋਈ। ਫੇਰ ਉਹੀ ਗਿਲੇ ਸ਼ਿਕਵੇ ਕਰ ਲਏ ਕਿ 'ਹੇ ਵਾਹਿਗੁਰੂ' ਜੇ ਤੂੰ ਕੋਈ ਸੋਨਾ ਪੈਦਾ ਹੀ ਕੀਤਾ ਸੀ ਤੇ ਤੈਨੂੰ ਚੰਗੀ ਤਰ੍ਹਾਂ ਪਤਾ ਕਿ ਸੋਨਾ ਤਾਂ ਸੋਨਾ ਰਹੂ, ਫੇਰ ਉਸ ਨੂੰ ਬਾਰ-ਬਾਰ ਭੱਠੀ ਚਾੜ੍ਹਨ ਦੀ ਕੀ ਲੋੜ ਸੀ।

ਸ਼ਾਇਦ ਮੇਰੇ ਜਿਹੇ ਕਹਿਣੀ ਤੇ ਕਰਨੀ 'ਚ ਫ਼ਰਕ ਰੱਖਣ ਵਾਲੀਆਂ ਲਈ ਸੁਨੇਹਾ ਦਿੱਤਾ ਹੋਵੇ ਅਕਾਲ ਪੁਰਖ ਨੇ। ਪਰ ਮੇਰਾ ਕਲਯੁਗੀ ਜੀਅ ਦਾ ਤਾਂ ਇਹੀ ਗਿਲਾ ਰਹੂ ਕਿ ਸੁਨੇਹਾ ਦੇਣ ਲਈ ਤੇ ਸੋਨਾ ਪਰਖਣ ਲਈ ਐਡਾ ਇਮਤਿਹਾਨ ਕਿਉ!!! ਅੰਤ 'ਚ ਕਹਿਣੀ ਕਰਨੀ ਅਤੇ ਆਪਣੇ ਸਿਰਨਾਵੇਂ ਦੀ ਪਰੋੜ੍ਹਤਾ ਕਰਦਾ ਜ਼ਫ਼ਰ ਸਾਹਿਬ ਵੱਲੋਂ ਆਪਣੇ ਇਕਲੌਤੇ ਪੁੱਤਰ ਵਿਵੇਕ ਦੀ ਮੌਤ ਤੇ ਲਿਖਿਆ ਸੁਨੇਹਾ ਜੋ ਸੱਚਮੁੱਚ 'ਜ਼ਫ਼ਰ ਦਾ ਵਿਵੇਕ' ਹੋ ਨਿਬੜਿਆ।

# ਨਹੀਓਂ ਲੱਭਣੇ ਲਾਲ ਗੁਆਚੇ...

## ਦਿੱਲੀ 1984 — ਇਤਿਹਾਸਿਕ ਵਿਸ਼ਵਾਸਘਾਤ !



ਐਸ ਬਲਵੰਤ
44-745-021-1512

ਮੈਂ ਆਪਣੇ ਆਪ ਨਾਲ ਹੀ "ਹਾਂ ਨਾਂਹ" ਕਰੀ ਜਾ ਰਿਹਾ ਸੀ! ਇਨ੍ਹਾਂ ਸੋਚਾਂ 'ਚ ਹੀ ਬੈਡ 'ਤੇ ਲੇਟਿਆ ਹੋਇਆ ਸੀ ਮੈਂ। ਮੈਨੂੰ ਖਿਆਲ ਆਇਆ ਕਿ ਬਾਹਰ ਛੱਜੇ 'ਤੇ ਜਾ ਖੜਾ ਹੋਵਾਂ ਤਾਂ ਕਿ ਲੋਕ ਮੈਨੂੰ ਦੇਖ ਇਹ ਸਮਝਣ ਕਿ ਉਹ ਹਿੰਦੂ ਹੈ ਸਿੱਖ ਨਹੀਂ ਪਰ ਦੂਜੇ ਹੀ ਪਲ ਉਸ ਨੂੰ ਲੱਗਾ ਕਿ ਭਾਵੇਂ ਕਿਸੇ ਨੂੰ ਚਿੱਤ ਚੇਤਾ ਵੀ ਨਾ ਹੋਵੇ, ਇੰਜ ਤਾਂ ਉਹ ਹੋਰ ਨਜ਼ਰੀਂ ਚੜ੍ਹ ਜਾਵੇਗਾ? ਫਿਰ ਕੀ ਕੀਤਾ ਜਾਵੇ? ਸ਼ਰਮਾ ਜੀ ਠੀਕ ਕਹਿੰਦੇ ਸਨ? ਅੰਦਰ ਵੜ ਕੇ ਰਿਹਾ ਤਾਂ ਲੋਕ ਪੁੱਠੀਆਂ ਸਿੱਧੀਆਂ ਗੱਲਾਂ ਤਾਂ ਸੋਚਣਗੇ ਹੀ ਫਿਰ ਕੀ ਕੀਤਾ ਜਾਵੇ?" ਭਾਵੇਂ ਮੈਂ ਮੋਨਾ ਸੀ ਪਰ ਸਿਗਰਟ ਨੂੰ ਕਦੇ ਹੱਥ ਨਹੀਂ ਸੀ ਲਾਇਆ ਅੱਜ ਕਾਫੀ ਚਿਰ ਆਪਣੇ ਆਪ ਨਾਲ ਉਲਝੇ ਰਹਿਣ ਮਗਰੋਂ ਹੇਠਾਂ ਜਾਅ ਕੇ ਸ਼ਰਮਾ ਜੀ ਤੋਂ ਇਕ ਸਿਗਰਟ ਮੰਗੀ! ਉਹ ਵੀ ਹੈਰਾਨ ਸਨ ! ਪਰ ਨਾਲ ਹੀ ਉਸ ਸ਼ਰਮਾ ਜੀ ਨੂੰ ਕਿਹਾ ਕਿ ਉਹ ਸਿਗਰਟ ਸੁਲਗਾ ਕੇ ਦੇਣ.. ਸ਼ਰਮਾ ਜੀ ਨੇ ਸਿਗਰਟ ਸੁਲਗਾ ਕੇ ਮੈਨੂੰ ਦਿੱਤੀ ਤੇ ਅਸੀਂ ਦੋਵੇਂ ਮੇਰੇ ਛੱਜੇ 'ਤੇ ਆਣ ਖੜ੍ਹੇ ਹੋਏ! ਮੇਰੇ ਹੱਥ 'ਚ ਸਿਗਰਟ ਦੇਖ ਇਧਰ ਉਧਰ ਘੁਸਰ-ਫੁਸਰ ਹੋਣ ਲੱਗੀ ਜਿਵੇਂ ਲੋਕ ਆਪਣਾ ਵਹਿਮ ਕੱਢ ਰਹੇ ਹੋਣ। ਜੇ ਕੋਈ ਸਿੱਖ ਹੈ ਤਾਂ ਸਿਗਰਟ ਥੋੜ੍ਹੀ ਪੀਵੇਗਾ?..ਲੋਕਾਂ 'ਚ ਇਹ ਸੋਚ ਵਧਣ ਲੱਗੀ ਕਿ ਮੈਂ ਉਨ੍ਹਾਂ ਦੇ ਨਾਲ ਦਾ ਹੀ ਹਾਂ... ਸਿੱਖ ਨਹੀਂ'!

ਕੁਝ ਚਿਰ ਮਗਰੋਂ ਹੇਠਾਂ ਲੋਕ ਇਕੱਠੇ ਹੋਣੇ ਸ਼ੁਰੂ ਹੋਏ ਤਾਂ ਉਨ੍ਹਾਂ 'ਚੋਂ ਇਕ ਮੁਹਤਬਰ ਨੇ ਸ਼ਰਮਾ ਜੀ ਨੂੰ ਬੁਲਾ ਕੁਝ ਕਿਹਾ ਸ਼ਰਮਾ ਜੀ ਨੇ ਉਪਰ ਆ ਮੈਨੂੰ ਹੇਠਾਂ ਆਉਣ ਲਈ ਆਖਿਆ ਤੇ ਨਾਲ ਹੀ ਕਿਹਾ ਕਿ ਸਿਰ 'ਤੇ ਕੋਈ ਕੱਪੜਾ ਬੰਨ੍ਹ ਲਵਾਂ, ਜੇ ਕੋਈ ਹਥਿਆਰ ਹੋਵੇ ਤਾਂ ਉਹ ਵੀ ਨਾਲ ਲੈ ਲਵਾਂ! "ਹਥਿਆਰ ਤਾਂ ਹੈ...!" ਜਦ ਮੈਂ ਇਹ ਕਿਹਾ ਤਾਂ ਸ਼ਰਮਾ ਜੀ ਪਹਿਲਾਂ ਤਾਂ ਚੌਂਕੇ ਕਿਉਂਕਿ ਉਹਨਾ ਨੂੰ ਸ਼ੱਕ ਹੀ ਨਹੀਂ, ਸਗੋਂ ਯਕੀਨ ਸੀ ਕਿ ਸਿੱਖਾਂ ਕੋਲ ਕੋਈ ਨਾ ਕੋਈ ਹਥਿਆਰ ਤਾਂ ਜ਼ਰੂਰ ਹੁੰਦਾ ਤੇ ਉਹ ਮੌਕਾ ਪੈਣ 'ਤੇ ਹੀ ਕੱਢਦੇ ਹਨ! ਅਸਲ 'ਚ ਜਦ ਮੈਨੂੰ ਇੰਦਰਾ ਗਾਂਧੀ ਦੇ ਕਤਲ ਦੀ ਖ਼ਬਰ ਦਾ ਪਤਾ ਲੱਗਾ ਸੀ ਤਾਂ ਮੈਂ ਨਾਲ ਬਣਦੀ ਬਿਲਡਿੰਗ ਚੋਂ ਇਕ ਮੋਟਾ ਸਰੀਆ ਚੁੱਕ ਲਿਆਂਦਾ ਸੀ। ਸੋਚਿਆ ਸੀ ਕਿ ਔਖੇ ਵੇਲੇ ਹਿਫਾਜ਼ਤ ਲਈ ਕੰਮ ਆਵੇਗਾ...ਪਰ ਜਦ ਮੈਂ ਉਹ ਸਰੀਆ ਹਥਿਆਰ ਵਜੋਂ ਚੁਕਿਆ ਤਾਂ ਸ਼ਰਮਾ ਜੀ ਦੀ ਹੈਰਾਨੀ ਖਤਮ ਹੋਈ... ਇਹ ਕਿਹੜਾ ਹਥਿਆਰ ਹੈ...? ...ਜਦ ਅਸੀਂ ਦੋਵੇਂ ਹੇਠਾਂ ਗਏ ਤਾਂ ਪਤਾ ਲੱਗਾ ਕਿ ਨਾਲ ਹੀ ਕੁਝ ਸਿੱਖ ਫਸੇ ਹੋਏ ਹਨ... ਉਨ੍ਹਾਂ ਨੂੰ ਕੱਢ ਕੇ ਕੈਂਪ 'ਚ ਪਹੁੰਚਾਉਣਾ ਹੈ..! ਮੈਨੂੰ ਲੱਗਾ... ਚੱਲੋ ਕਝ ਤਾਂ ਪੁੰਨ ਖੱਟਣ ਦਾ ਮੌਕਾ ਮਿਲਿਆ... ਮੈਂ ਵੀ ਆਪਣਾ ਸਰੀਆ ਸੰਭਾਲਿਆ..! ਭੀੜ ਚੋਂ ਇਕ ਨੇ ਪਿਸਤੌਲ ਦੀ ਗੋਲੀਆਂ ਵਾਲੀਆਂ ਡੱਬੀਆਂ ਖੋਲ੍ਹੀਆਂ ਤੇ ਕੁਝ ਹੋਰਨਾਂ ਦੇ ਹੱਥਾਂ 'ਚ ਫੜੇ ਪਿਸਤੌਲ ਭਰ ਦਿਤੇ... ਕੁਝ ਕੋਲ ਤੇਜ਼ਾਬ ਦੇ ਬਲੈਂਡਰ ਸਨ...ਜੋ ਉਨ੍ਹਾਂ ਅੰਦਰ ਕੱਛਾਂ 'ਚ ਛੁਪਾਏ ਹੋਏ ਸਨ! ਮੈਂ ਵੀ ਭੀੜ ਦੇ ਨਾਲ ਤੁਰ ਪਿਆ...ਪਰ ਛੇਤੀਂ ਹੀ ਸਮਝ ਪੈ ਗਈ ਕਿ ਭੀੜ ਲੋਕਾਂ ਦੀ ਨਹੀਂ ਦੰਗਾਈਆਂ ਦੀ ਸੀ... ਮੈਂ ਪੁੱਠੇ ਪੈਰੀਂ ਮੁੜ ਆਇਆ! ਪਰ ਮੇਰਾ ਚਿੱਤ ਪਿੱਛੇ ਹੀ ਦੇਖਦਾ ਰਿਹਾ। ਦੰਗਾਈਆਂ ਸਿੱਖਾਂ ਨੂੰ ਬਚਾਉਣ ਦੀ ਬਜਾਏ ਉਥੋਂ ਦੇ ਇਕ ਛੋਟੇ ਜਿਹੇ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ... ਗੁਰਦੁਆਰੇ ਦਾ ਭਾਈ ਜਦ ਨੱਸਣ ਲੱਗਾ ਤਾਂ ਉਸ ਉਤੇ ਤੇਜ਼ਾਬ ਪਾ ਦਿੱਤਾ... ਜਦ ਉਹਦਾ ਸਰੀਰ ਗਲਣ ਲੱਗਾ ਤਾਂ ਉਹਨੂੰ ਗੋਲੀਆਂ ਨਾਲ ਵੰਨ੍ਹ ਦਿੱਤਾ! ਮੇਰੇ ਤੋਂ ਇਹ ਸਹਿ ਨਾ ਹੋਇਆ। ਬਹੁਤ ਤੜਫਿਆ ਸਾਂ ਇਹ ਸਭ ਦੇਖ ਕੇ। ਪਰ ਅਖੀਰ ਫੈਸਲਾ ਕਰ ਲਿਆ ਕਿ ਜੋ ਮਰਜ਼ੀ ਹੋ ਜਾਏ, ਮੈਂ ਇਨ੍ਹਾਂ ਦੰਗਾਈਆਂ ਦੇ ਨਾਲ ਮੁੜਕੇ ਨਹੀਂ ਤੁਰਨਾ। ਤੇ ਇਹੀ ਧੋਇਆ ਕਰਕੇ ਮੈਂ ਵਾਪਸ ਆ ਗਿਆ। ਪਰ ਜਦ ਮੈਂ ਵਾਪਸ ਆ ਰਿਹਾ ਸੀ ਤਾਂ ਮੈਂ ਇਕ ਹੋਰ ਹਜੂਮ ਦੇਖਿਆ... ਕੁਝ ਪੁਲੀਸ ਵਾਲੇ ਵੀ ਨਾਲ ਹੀ ਖੜ੍ਹੇ ਸਨ! ਪਤਾ ਲੱਗਾ ਕਿ ਅੰਦਰ ਤਿੰਨ ਸਿੱਖ ਪਰਿਵਾਰ ਫਸੇ ਹੋਏ ਹਨ...ਲੋਕਾਂ ਦੀ ਭੀੜ ਉਹਨਾਂ ਨੂੰ ਇਥੋਂ ਕੱਢਣ ਲਈ ਅੰਦਰ ਗਈ ਹੈ... ਇਥੇ ਵੀ ਲੋਕ ਇਹੀ ਕਹਿ ਰਹੇ ਸਨ ਕਿ ਉਹਨਾਂ ਨੂੰ ਇਥੋਂ ਕੱਢ ਕੇ ਕੈਂਪਾਂ 'ਚ ਪਹੁੰਚਾਉਣਾ ਹੈ... ਪਰ ਜੋ ਲੋਕ ਬਚਾਉਣ ਦਾ ਬਹਾਨਾ ਕਰਕੇ ਅੰਦਰ ਗਏ ਸਨ, ਉਨ੍ਹਾਂ ਹੀ ਅੰਦਰ ਜਾ ਕੇ ਉਹਨਾਂ ਸਿੱਖ ਪਰਿਵਾਰਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ... ਜਦ ਉਹਨਾਂ 'ਚੋਂ ਇਕ ਸਿੱਖ ਬਚ ਕੇ ਭੱਜ ਰਿਹਾ ਸੀ ਤਾਂ ਇਕ ਪੁਲੀਸ ਵਾਲਾ ਦੰਗਾਈਆਂ ਵੱਲ ਇਸ਼ਾਰਾ ਕਰ ਦੂਜੇ ਪੁਲੀਸ ਵਾਲੇ ਨੂੰ ਕਹਿ ਰਿਹਾ ਸੀ.. "ਜੂ ਤੇਰੇ ਸੇ ਕੁਛ ਨਾ ਹੋ ਸਕੇ ਤੋ ਕਿਆ ਹਮ ਮਾਰੇਂ? ਜਿਤਨੇ ਘੰਟੇ ਸਾਲੇ ਹਿੰਦੁਓਂ ਕੋ ਦੀਏ ਅਗਰ ਸਰਦਾਰੋਂ ਕੋ ਦੀਏ ਹੋਤੇ ਤੋ ਵੋਹ ਇਨਕਾ ਬੀਜ ਹੀ ਨਾਸ ਕਰ ਦੇਤੇ... ਸਾਲੇ ਡਰਪੋਕ...ਸ਼ਾਕਾਹਾਰੀ!" ...ਮੈਂ ਇਹ ਸਭ ਦੇਖ ਸੁਣ ਰਿਹਾ ਸੀ...ਪਰ ਬੋਲਿਆ ਕੁਝ ਨਾ!.... ਨਾ ਕੁਝ ਕਰ ਸਕਿਆ... ਕੁੜ੍ਹਦਾ ਕੁੜ੍ਹਦਾ ਘਰ ਆ ਗਿਆ... ਘਰ ਪਹੁੰਚ ਮੇਰੀ ਤਿਲਮਿਲਾਹਟ ਹੋਰ ਵੱਧਣ ਲੱਗੀ...! ਮੇਰਾ ਜੀਅ ਕਰੇ ਕਿ ਮੁੜ ਕੇ ਜਾਵਾਂ ਤੇ ਉਹਨਾਂ ਪੁਲੀਸ ਵਾਲਿਆਂ ਦੀ ਗਿੱਚੀ ਨੱਪ ਦੇਵਾਂ...ਪਰ ਮੈਂ ਇਕੱਲਾ ਵੀ ਤਾਂ ਸੀ... ਇੰਨੀ ਭੀੜ ਦਾ ਇਕੱਲਾ ਕਿਵੇਂ ਮੁਕਾਬਲਾ ਕਰ ਸਕਾਂਗਾ?" ਜਸਬੀਰ ਨੇ ਦਿਲਾਸਾ ਦਿੱਤਾ..."ਤੇਰੀ ਮਾੜੀ ਜਿਹੀ ਗਲਤੀ ਨਾਲ ਸਾਰਾ ਕੁਝ ਬਰਬਾਦ ਹੋ ਜਾਵੇਗਾ...ਧੀਆਂ ਦਾ ਹੀ ਖਿਆਲ ਕਰ?... ਇਹ ਸਮਾਂ ਭਾਵਕਤਾ ਦਾ ਨਹੀ...!" ਮੈਂ ਹੋਰ ਉਦਾਸ ਪਰ ਤਿਲਮਿਲਾਉਣ ਤੋਂ ਸਿਵਾ ਕੁਝ ਨਾ ਕਰ ਸਕਿਆ! ਘਰ ਬੈਠ ਸਿਰਫ ਤੜਫਦਾ ਰਿਹਾ... ਤਿਲਮਿਲਾਉਂਦਾ ਹੀ ਰਿਹਾ... ਕੁੜ੍ਹਦਾ ਰਿਹਾ!

ਉਧਰ ਸ਼ਾਮ ਹੁੰਦਿਆਂ ਹੀ ਸਾਰੇ ਇਲਾਕੇ 'ਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਨੱਥੂ ਭਲਵਾਨ ਦੇ ਮੁੰਡੇ ਨੂੰ ਸਿੱਖਾਂ ਨੇ ਗੋਲੀ ਮਾਰ ਦਿੱਤੀ ਹੈ... ਉਹ ਥਾਹੇਂ ਮਰ ਗਿਆ! ਬੱਸ ਇਸ ਨੇ ਵੀ ਬਲਦੀ 'ਤੇ ਤੇਲ ਦਾ ਹੀ ਕੰਮ ਕੀਤਾ... ਨੌਜੁਆਨ ਤੈਸ਼ 'ਚ ਆ ਗਏ... ਉਨ੍ਹਾਂ 'ਚੋਂ ਕੁਝ ਉਹ ਵੀ ਸਨ ਜਿਨ੍ਹਾਂ ਦੀਆਂ ਕਮੇਟੀਆਂ ਬਣਾਈਆਂ ਗਈਆਂ ਸਨ ਕਿ ਉਹ ਸਿੱਖ ਪਰਿਵਾਰਾਂ ਦੀ ਰਾਖੀ ਕਰਨਗੇ... ਲੋਕ ਗੱਲਾਂ ਕਰ ਰਹੇ ਸਨ ਕਿ ਉਨ੍ਹਾਂ ਲੋਕਾਂ ਹੀ ਸਿੱਖਾਂ ਨੂੰ ਘਰਾਂ ਚੋਂ ਕੱਢ ਰੇੜ੍ਹੀਆਂ 'ਤੇ ਪਾਅ ਜੀਉਂਦਿਆਂ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ... ਇਕ ਤੋਂ ਬਾਅਦ ਇਕ ਲਾਸ਼ ਉਥੇ ਵਿਛਣੀ ਸ਼ੁਰੂ ਹੋ ਗਈ... ਕਹਿੰਦੇ "ਇਹ ਸਿੱਖ ਸਾਲੇ ਬਾਜ ਨਹੀਂ ਆਏ?...ਇਨ੍ਹਾਂ ਸਾਡੇ ਉਸਤਾਦ ਦਾ ਮੁੰਡਾ ਹੀ ਮਾਰ 'ਤਾ? ਇਨ੍ਹਾਂ ਨਾਲ ਇੰਜ ਹੀ ਹੋਣੀ ਚਾਹੀਦੀ ਏ... ਜਿੰਨੀਆਂ ਗੋਲੀਆਂ ਇਨ੍ਹਾਂ ਸਾਡੀ ਮਾਂ ਇੰਦਰਾ ਗਾਂਧੀ ਨੂੰ ਮਾਰੀਆਂ, ਉੰਨੀਆਂ ਹੀ ਇਨ੍ਹਾਂ ਦੀਆਂ ਲਾਸ਼ਾਂ ਵਿਛਾਉਣੀਆਂ ਹਨ...!" ਕੁਝ ਹੀ ਦੇਰ 'ਚ ਪੂਰੀ ਲਾਈਨ 'ਚ ਰੇੜ੍ਹੀਆਂ 'ਤੇ ਲਾਸ਼ਾਂ ਹੀ ਲਾਸ਼ਾਂ ਸੜ ਰਹੀਆਂ ਸਨ... ਔਰਤਾਂ ਵੈਣ ਪਾ ਰਹੀਆਂ ਸਨ...



ਬੱਚੇ ਵਿਲਕ ਰਹੇ ਸਨ...ਅੱਗ ਦੇ ਭਾਂਬੜ ਮਚ ਰਹੇ ਸਨ! ਮੁਹੱਲੇ ਦੇ ਮੁਹਤਬਰਾਂ ਵਲੋਂ ਕੀਤੇ ਵਾਅਦੇ ਧਰੇ ਦੇ ਧਰੇ ਰਹਿ ਗਏ...। ਬਾਕੀ ਵੀ ਸਾਰੇ ਸ਼ਹਿਰ 'ਚ ਅੱਗ ਤੇ ਮੌਤ ਦਾ ਤਾਂਡਵ ਚੱਲ ਰਿਹਾ ਸੀ..ਲੁੱਟ ਮਾਰ ਦਾ ਖੁੱਲ੍ਹਮ-ਖੁੱਲ੍ਹਾ ਮੁਜ਼ਾਹਿਰਾ ਹੋ ਰਿਹਾ ਸੀ... ਫੇਰ ਪਤਾ ਲੱਗਾ ਕਿ ਸ਼ੂਟ-ਐਟ-ਸਾਈਟ ਦੇ ਆਰਡਰ ਕਰ ਦਿੱਤੇ ਗਏ ਸਨ...ਗ੍ਰਹਿ ਮੰਤਰੀ ਨੂੰ ਰੇਲਵੇ ਰਾਹੀਂ ਸਫਰ ਕਰ ਰਹੇ ਮੁਸਾਫਰਾਂ ਦੀ ਸੁਰੱਖਿਆ ਦੀ ਚੇਤਾਵਨੀ ਵੀ ਦਿੱਤੀ ਗਈ ਸੀ... ਪਰ ਫਿਰ ਵੀ ਰੇਲ ਗੱਡੀਆਂ 'ਚ ਸਿੱਖ ਮੁਸਾਫਰ ਵੱਢੇ ਜਾ ਰਹੇ ਸਨ! ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇਸ਼ ਦੇ ਨਾਂ ਸੰਦੇਸ਼ 'ਚ ਇਹ ਕਹਿਣ ਜਾ ਰਹੇ ਸਨ ਕਿ "ਉਹ ਕਿਸੇ ਕੀਮਤ 'ਤੇ ਸ਼ਾਂਤੀ ਭੰਗ ਨਹੀਂ ਹੋਣ ਦੇਣਗੇ...!" ਗ੍ਰਹਿ ਮੰਤਰੀ ਨੇ ਵੀ ਟੀ. ਵੀ. 'ਤੇ ਆਪਣੇ ਸੰਦੇਸ਼ 'ਚ ਇਹ ਕਹਿ ਕੇ ਲੋਕਾਂ ਨੂੰ ਚੇਤਾਇਆ, "ਬੰਦ ਕਰੋ ਯਹ ਸਭ...ਬਹੁਤ ਹੋ ਗਿਆ!" ਪਰ ਮੌਤ ਦਾ ਤਾਂਡਵ ਰੁਕਿਆ ਨਹੀਂ! ...ਲਗਾਤਾਰ ਦਿਨ-ਰਾਤ ਚਲਦਾ ਰਿਹਾ। ਤ੍ਰਿਲੋਕ ਪੁਰੀ 'ਚ ਲਾਸ਼ਾਂ ਦੇ ਢੇਰ ਲੱਗੇ ਪਏ ਸਨ... ਬੱਤੀ ਬਲਾਕ ਦੀ ਪੂਰੀ ਦੀ ਪੂਰੀ ਵਸੋਂ ਖਤਮ ਕਰ ਦਿੱਤੀ ਗਈ ਸੀ... ਸਰਕਾਰ ਇਹ ਕਹਿ ਰਹੀ ਸੀ ਕਿ ਕਰੀਬ 15 ਜਾਂ ਵੀਹ ਮੌਤਾਂ ਹੋਈਆਂ ਹਨ.ਪਰ ਮੇਰੇ ਪੱਤਰਕਾਰ ਦੋਸਤ ਦੇ ਇਕ ਹੋਰ ਸਾਥੀ ਨੇ ਦੱਸਿਆ ਕਿ ਉਸ ਨੇ ਸਿਰਫ ਤ੍ਰਿਲੋਕ ਪੁਰੀ 'ਚ ਹੀ ਤਿੰਨ ਸੌ ਪੰਜਾਹ ਲਾਸ਼ਾਂ ਗਿਣੀਆਂ ਸਨ! ਉਸ ਦੇ ਇਕ ਹੋਰ ਸਾਥੀ ਨੇ ਦੱਸਿਆ ਕਿ ਤੀਸ ਹਜ਼ਾਰੀ ਮੁਰਦਾਖਾਨੇ 'ਚ ਕਰੀਬ ਦੋ ਸੌ ਲਾਵਾਰਿਸ ਲਾਸ਼ਾਂ ਪਈਆਂ ਹਨ... ਇਕੱਲੇ ਭੋਗਲ 'ਚ ਹੀ ਕਰੀਬ ਸੌ ਟਰੱਕ ਸੜਦੇ ਦੇਖੇ ਗਏ। ਪੁਲੀਸ ਆਪਣੇ ਟੈਂਟਾਂ 'ਚ ਬੈਠੀ ਤਾਸ਼ ਖੇਲਦੀ ਦੇਖੀ ਗਈ। ਆਸ਼ਰਮ ਪਹੁੰਚ ਜਦ ਫੌਜ ਨੇ ਸਿੱਖਾਂ ਦੀ ਰੱਖਿਆ ਦਾ ਇੰਤਜ਼ਾਮ ਆਪਣੇ ਹੱਥ ਲਿਆ ਤਾਂ ਉਹਨਾਂ ਤੋਂ ਪਤਾ ਲੱਗਾ ਕਿ ਉਨ੍ਹਾਂ ਦੇ ਆਉਣ 'ਚ ਦੇਰ ਪੁਲੀਸ ਕਾਰਨ ਹੋਈ! ...ਮੇਰਾ ਇਕ ਹੋਰ ਪੱਤਰਕਾਰ ਦੋਸਤ ਜੋਸਫ ਹੁਣੇ ਹੁਣੇ ਗੀਤਾ ਕਾਲੋਨੀ ਤੋਂ ਪਰਤਿਆ ਸੀ। ਜਿਸ ਨੂੰ ਸੀ. ਆਈ. ਡੀ. ਦੇ ਇਕ ਏ. ਐਸ. ਆਈ. ਤੋਂ ਪਤਾ ਲੱਗਾ ਕਿ ਵਾਇਰਲੈਸ ਰੂਮ ਵਾਲਿਆਂ ਨੂੰ ਆਰਡਰ ਹੈ ਕਿ ਸਿੱਖਾਂ 'ਤੇ ਹੋ ਰਹੇ ਕਤਲ-ਏ-ਆਮ ਦੀ ਖ਼ਬਰ ਹੀ ਦਰਜ ਨਾ ਕੀਤੀ ਜਾਵੇ। ਜੋਜ਼ਫ ਜਮਨਾ ਪੁਰੀ ਦੇ ਇਕ ਸਬ-ਇੰਸਪੈਕਟਰ ਵੀ ਮਿਲਿਆ। ਉਹਨੇ ਦੱਸਿਆ ਕਿ ਉਹਦੀ ਕੋਈ ਡੀਊਟੀ ਹੀ ਨਹੀਂ ਲਗਾਈ ਜਾ ਰਹੀ ਤੇ ਜਦੋਂ ਉਹ ਵਾਇਰਲੈਸ ਰੂਮ 'ਚ ਗਿਆ ਤਾਂ ਸਿੱਖਾਂ ਦੀਆਂ ਸ਼ਿਕਾਇਤਾਂ ਦੀ ਹਾਹਾਕਾਰ ਮਚੀ ਹੋਈ ਸੀ। ਜਿੱਥੋਂ ਜਿੱਥੋਂ ਸਿੱਖਾਂ ਨੂੰ ਮਾਰਨ ਦੀਆਂ ਖ਼ਬਰਾਂ ਆ ਰਹੀਆਂ ਸਨ ਉਥੇ ਕੋਈ ਐਕਸ਼ਨ ਨਹੀਂ ਸੀ ਹੋ ਰਿਹਾ ਪਰ ਜਿੱਥੇ ਸਿੱਖ ਸਵੈ-ਰਖਿਆ ਦਾ ਯਤਨ ਕਰਦੇ, ਉੱਥੇ ਤਰੀਕੇ ਦੱਸੇ ਜਾ ਰਹੇ ਸਨ ਉਨ੍ਹਾਂ 'ਤੇ ਕਾਬੂ ਪਾਉਣ ਦੇ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੇ!

ਅਗਲੀ ਸਵੇਰ ਨੌਂ ਵਜੇ ਤੋਂ ਕਰਫਿਊ ਹਟਾ ਦਿੱਤਾ ਗਿਆ! ਸ਼ਾਮ ਨੂੰ ਇੰਦਰਾ ਗਾਂਧੀ ਦਾ ਸੰਸਕਾਰ ਹੋਣਾ ਸੀ! ਅੰਤਰ-ਰਾਸ਼ਟਰੀ ਹਸਤੀਆਂ ਪੁੱਜ ਰਹੀਆਂ ਸਨ । ਲੋਕਾਂ ਦੇ ਸੰਸਕਾਰ 'ਚ ਦਾਖਲ ਹੋਣ ਲਈ ਮਾਹੌਲ ਬਣਾਇਆ ਜਾ ਰਿਹਾ ਸੀ! ...ਪੱਤਰਕਾਰ ਦੋਸਤ ਘਰੋਂ ਨਿਕਲ ਉਸ ਥਾਂ ਪਹੁੰਚ ਗਿਆ ਜਿਥੇ ਸਿੱਖਾਂ ਦੀਆਂ ਲਾਸ਼ਾਂ ਸੁਆਹ ਹੋਈਆਂ ਪਈਆਂ ਸਨ... ਜਦ ਉਹ ਉਥੇ ਪਹੁੰਚਿਆ ਤਾਂ ਦੇਖਿਆ ਸੁਆਹ ਹੋਈਆਂ ਲਾਸ਼ਾਂ ਕਲ੍ਹ ਨਾਲੋਂ ਹੋਰ ਵੀ ਵਧ ਸਨ... ਕੁਝ ਅਧ-ਸੜੀਆਂ ਧੁਖ ਰਹੀਆਂ ਸਨ... ਹਵਾ 'ਚ ਬਦਬੂ ਫੈਲੀ ਹੋਈ ਸੀ... ਔਰਤਾਂ ਦੇ ਵੈਣਾਂ ਦੀ ਗੂੰਜ, ਬੱਚਿਆਂ ਦੀਆਂ ਵਿਲਕਾਂ...ਦੇਖ-ਸੁਣ ਨਹੀਂ' ਸੀ ਹੋ ਰਹੀਆ ਉਸ ਤੋਂ! ...ਉਸੇ ਪਲ ਉਥੇ ਮਿਊਂਸਪੈਲਿਟੀ ਦੀ ਇਕ ਗੱਡੀ ਆਣ ਰੁਕੀ... ਹੁਕਮ ਹੋਣ ਕਾਰਨ ਜਮਾਂਦਾਰ ਨੇ ਉਸ ਸੁਆਹ ਨੂੰ ਕੂੜਾ ਸਮਝ ਹੂੰਝ ਕੇ ਮੋਟਰ 'ਚ ਪਾ ਦਿੱਤਾ...! ਝਾੜੂ ਮਾਰਨ ਪਿਛੋਂ ਪੂਰੀ ਥਾਂ ਸਾਫ ਕਰ ਦਿੱਤੀ...ਮਗਰੋਂ ਪਲਾਂ 'ਚ ਹੀ ਉਹ ਗੱਡੀ ਅੱਖਾਂ ਤੋਂ ਉਹਲੇ ਹੋ ਗਈ !....ਜਿਥੇ ਸਿੱਖਾਂ ਦੀਆਂ ਲਾਸ਼ਾਂ ਸੁਆਹ ਹੋਈਆਂ ਸਨ...ਹੁਣ ਉਹ ਜਗ੍ਹਾ ਐਨ ਸਾਫ ਸੁਥਰੀ ਸੀ...ਜਿਵੇਂ' ਉਥੇ ਕੁਝ ਹੋਇਆ ਹੀ ਨਾ ਹੋਵੇ...!...ਨੱਥੂ ਭਲਵਾਨ ਦਾ ਮੁੰਡਾ ਵੀ ਉੱਥੇ ਹੀ ਘੁੰਮ ਰਿਹਾ ਸੀ...ਪਤਾ ਲੱਗਾ ਕਿ ਉਹ ਤਾਂ ਠੀਕ ਠਾਕ ਹੈ...।

ਇਸ ਪੱਤਰਕਾਰ ਨੇ ਅੱਜ ਇੰਦਰਾ ਗਾਂਧੀ ਦੇ ਸੰਸਕਾਰ ਨੂੰ ਕਵਰ ਕਰਨਾ ਸੀ! ...ਉਹਦੇ ਸਾਥੀ ਗੱਲਾਂ ਕਰ ਰਹੇ ਸਨ। ਕੋਈ ਕੁਝ ਕਹਿ ਰਿਹਾ ਸੀ...ਤੇ ਕੋਈ ਕੁਝ..! ਫਰ ਕੁਲ ਮਿਲਾ ਕੇ ਸਾਰੇ ਹੀ ਸ਼ਹਿਰ ਦੀ ਹਾਲਤ ਬਹੁਤ ਬੁਰੀ ਦੱਸ ਰਹੇ ਸਨ...! ਥਾਂ-ਥਾਂ ਸਿੱਖਾਂ ਦੇ ਕਤਲੇਆਮ ਦੀਆਂ ਖ਼ਬਰਾਂ ਸਨ! ਲੁੱਟਮਾਰ... ਅੱਗਾਂ ਦੇ ਭਾਂਬੜਾਂ ਦਾ ਜ਼ਿਕਰ ਸੀ! ਇਥੋਂ ਤੀਕ ਕਿ ਕਈ ਥਾਈਂ ਸਾਬਕਾ ਫੌਜੀਆਂ ਨੂੰ ਵੀ ਨਹੀਂ ਸੀ ਬਖਸ਼ਿਆ ਗਿਆ! ਸੰਦੀਪ ਦਾ ਇਕ ਸਾਥੀ ਦੱਸ ਰਿਹਾ ਸੀ ਕਿ ਪਟੇਲ ਨਗਰ 'ਚ ਇਕ ਸਾਬਕਾ ਫੌਜੀ ਗਰੁੱਪ ਕੈਪਟਨ ਜਿਸ ਨੂੰ 1971 ਦੀ ਜੰਗ ਸਮੇਂ ਬਹਾਦਰੀ ਲਈ ਮਹਾਵੀਰ ਚੱਕਰ ਵੀ ਦਿੱਤਾ ਗਿਆ ਸੀ...ਉਹਨੂੰ ਵੀ ਨਹੀਂ ਸੀ ਬਖਸ਼ਿਆ ਗਿਆ ..ਤੇ ਜਦ ਉਸ ਆਤਮ ਰੱਖਿਆ ਲਈ ਗੋਲੀ ਚਲਾਈ ਤਾਂ ਪੁਲੀਸ ਕਮਿਸ਼ਨਰ ਨੇ ਮੌਕੇ 'ਤੇ ਪਹੁੰਚ ਉਹਦੇ ਹਥਿਆਰ ਤੇ ਗੋਲੀਆਂ ਕਬਜ਼ੇ 'ਚ ਲੈ ਉਹਨੂੰ ਗ੍ਰਿਫਤਾਰ ਕਰ ਲਿਆ! ...ਇਸੇ ਤਰ੍ਹਾਂ ਇਕ ਹੋਰ ਪੱਤਰਕਾਰ ਦੱਸ ਰਿਹਾ ਸੀ ਕਿ ਇੰਦਰਪੁਰੀ ਦੇ ਇਕ ਸਿੱਖ ਨੇ ਆਪਣੇ ਪਰਿਵਾਰ ਦੀ ਰੱਖਿਆ ਲਈ ਗੋਲੀ ਚਲਾਈ ਪਰ ਨਤੀਜੇ ਵਜੋਂ ਉਹਦਾ ਸਭ ਕੁਝ ਸਾੜ ਦਿੱਤਾ ਗਿਆ ਤੇ ਪੁਲੀਸ ਨੇ ਉਹਨੂੰ ਵੀ ਗ੍ਰਿਫਤਾਰ ਕਰ ਅੰਦਰ ਕਰ ਦਿੱਤਾ। ਇੰਦਰਪੁਰੀ ਦੇ ਹੀ ਇਕ ਹੋਰ ਤੇ ਪਤਾ ਨਹੀਂ ਹੋਰ ਕਿਹਦੇ ਕਿਹਦੇ ਨਾਲ ਕੀ ਕੀ ਵਾਪਰਿਆ...ਉਹ ਸਭ ਦਸ ਰਹੇ ਸਨ! ... ਮੰਗੋਲਪੁਰੀ ਤੋਂ ਆਏ ਉਸਦੇ ਸਾਥੀ ਨੇ ਦੱਸਿਆ ਕਿ ਕਰਫਿਊ ਲੱਗਣ ਜਾਂ ਹਟਣ ਦਾ ਕੋਈ ਫਰਕ ਨਹੀਂ...! ਸਭ ਕੁਝ ਉਵੇਂ ਹੀ ਚੱਲ ਰਿਹਾ...! ਕਰਫਿਊ ਤਾਂ ਲੋਕਾਂ ਦੀ ਭੀੜ ਨੂੰ ਸੰਸਕਾਰ ਵਾਲੀ ਥਾਂਹ ਪਹੁੰਚਣ ਲਈ ਉਤਸਾਹਿਤ ਕਰਨ ਲਈ ਢਿੱਲਾ ਕੀਤਾ ਗਿਆ...! ਉਹ ਦੱਸ ਰਿਹਾ ਸੀ ਕਿ ਮੰਗੋਲਪੁਰੀ 'ਚ ਇਕ ਛੋਟੇ ਬੱਚੇ ਦੀ ਲਾਸ਼ ਲੈ ਕੇ ਭੀੜ ਇਸ ਤਰ੍ਹਾਂ ਜਲੂਸ ਕਢ ਰਹੀ ਹੈ ਕਿ ਜਿਵੇਂ ਉਹ ਇਨਸਾਨ ਨਾ ਹੋ ਕੇ ਜਾਨਵਰ ਹੋਵੇ! ਜਲੂਸ ਕੱਢਦੇ-ਕੱਢਦੇ ਉਹ ਲੋਕ ਉਸ ਬੱਚੇ ਨੂੰ ਗੀਤਾ ਕਾਲੋਨੀ ਲੈ ਗਏ... ਤੇ ਉਥੇ ਹੀ ਉਸ ਦੀ ਲਾਸ਼ ਨੂੰ ਸਾੜ ਦਿਤਾ।... ਉਹ ਦੱਸ ਰਿਹਾ ਸੀ ਕਿ ਇਹ ਸਾਰਾ ਕੁਝ ਉਹ ਖਾਮੋਸ਼ ਬੈਠਾ ਸੁਣਦਾ ਰਿਹਾ ! ਤੇ ਅਖੀਰ ਉਹ ਉਠ ਇੰਦਰਾ ਗਾਂਧੀ ਦੇ ਸੰਸਕਾਰ ਨੂੰ ਕਵਰ ਕਰਨ ਤੁਰ ਗਿਆ।

ਉਧਰ ਹੁਣ ਤੀਕ ਇੰਦਰਾ ਗਾਧੀ ਦੀ ਚਿਤਾ ਨੂੰ ਅੱਗ ਲਗ ਚੁੱਕੀ ਸੀ... ਅੱਗ ਦੀਆ ਲਪਟਾਂ ਉਪਰ ਅਸਮਾਨ ਵਲ ਜਾ ਰਹੀਆ ਸਨ ਪਰ ਉਨ੍ਹਾਂ ਲਪਟਾਂ ਦੇ ਵਿਚ ਹੀ ਪਤਾ ਨਹੀਂ ਕਿੰਨੇ ਬੱਚਿਆਂ, ਔਰਤਾਂ, ਬਜ਼ੁਰਗਾਂ ਜਾਂ ਹੋਰ ਆਤਮਾਵਾਂ ਲਿਪਟੀਆਂ ਹੋਈਆਂ ਸਨ।

ਬਹੁਤ ਸਾਰੀਆਂ ਹੋਰ ਗੱਲਾਂ ਦੀ ਤਸਦੀਕ ਵੀ ਮਗਰੋਂ ਹੀ ਹੋਈ ਜਦੋਂ ਬਾਹਰ ਸਾਡਾ ਤੋਰਾ ਫੇਰਾ ਸ਼ੁਰੂ ਹੋਇਆ। ਆਈ ਐਨ ਐਸ ਮਾਰਕੀਟ ਦੇ ਸਾਹਮਣੇ ਸਾਡਾ ਇਕ ਰਿਸ਼ਤੇਦਾਰ ਰਹਿੰਦਾ ਸੀ। ਉਹ ਏਅਰ ਫੋਰਸ 'ਚ ਅਫਸਰ ਸੀ। ਅਸੀਂ ਜਦੋਂ ਉਸ ਦਾ ਪਤਾ ਕਰਨ ਗਏ ਤਾਂ ਉਸ ਦੱਸਿਆ ਕਿ 31 ਅਕਤੂਬਰ ਨੂੰ ਉਹ ਘਰ ਹੀ ਸੀ। ਇੰਦਰਾ ਗਾਂਧੀ ਨੂੰ ਹਸਪਤਾਲ ਲਿਜਾਇਆਂ ਕਾਫੀ ਦੇਰ ਹੋ ਚੁਕੀ ਸੀ। ਹਸਪਤਾਲ ਦੇ ਅੰਦਰ ਤੇ ਆਸੇ ਪਾਸੇ ਕਾਰਾਂ ਪਾਰਕ ਕਰਨ ਦੀ ਥਾਂ ਹੀ ਨਹੀਂ ਸੀ ਬਚੀ। ਕਾਰਾਂ ਪਾਰਕ ਹੁੰਦਿਆਂ ਹੁੰਦਿਆਂ ਇਸ ਅਫਸਰ ਦੇ ਘਰ ਤੀਕ ਜਗ੍ਹਾ ਭਰ ਗਈ ਸੀ। ਉਹਦੇ ਮੁਤਾਬਿਕ, ਤ੍ਰਿਕਾਲਾਂ ਨੂੰ ਜਦ ਉਹ ਮਾੜਾ ਜਿਹਾ ਬਾਹਰ ਨਿਕਲਿਆ, ਤਾਂ ਕੁਝ ਬੰਦੇ ਆਪਣੀ ਕਾਰ ਚੁਕ ਤੁਰਨ ਲਗੇ ਸਨ। ਉਹ ਕਹਿੰਦਾ ਮੈ ਭਾਰਤ ਦੇ ਇਕ ਨਾਗਰਿਕ ਵਾਂਗ ਸਹਿ ਸੁਭਾਅ ਹੀ ਉਨ੍ਹਾਂ ਤੋਂ ਪੁਛਿਆ ਸੀ ਕਿ "ਤੁਸੀਂ ਹਸਪਤਾਲੋਂ ਆਏ ਹੋ, ਮੈਡਮ ਦਾ ਕੀ ਹਾਲ ਹੈ?" ਉਸਦਾ ਕਹਿਣਾ ਸੀ ਕਿ ਉਸ ਵਿਅਕਤੀ ਨੇ ਇਸ ਫੌਜੀ ਵਲ ਏਦਾਂ ਘੂਰ ਕੇ ਦੇਖਿਆ, ਜਿਵੇਂ ਉਸ ਨੂੰ ਖੜਾ ਖੜੋਤੇ ਨੂੰ ਹੀ ਖਾ ਜਾਣਾ ਹੋਵੇ, ਤੇ ਮੂੰਹ 'ਚੋਂ ਕਿਹਾ, "ਹੁਣੇ ਦੱਸਦੇ ਹਾਂ ਤੁਹਾਨੂੰ !" ਤੇ ਉਹ ਸਾਰੇ ਚਿਟੇ ਕੁੜਤੇ ਪਜਾਮੇ ਪਾਈ ਕਾਰ 'ਚ ਬੈਠ ਚਲੇ ਗਏ, ਤੇ ਮੈਂ ਕਾਫੀ ਦੂਰ ਤਕ ਇੰਝ ਸੁੰਨ ਖੜਾ ਰਿਹਾ ਜਿਵੇਂ ਕੋਈ ਗਲਤ ਸੁਆਲ ਪੁਛ ਲਿਆ ਹੋਵੇ। ਪਰ ਜਿਵੇਂ ਹੀ ਉਨ੍ਹਾਂ ਦੀ ਕਾਰ ਆਈ ਐਨ ਐਸ ਮਾਰਕੀਟ ਕੋਲ ਪਹੁੰਚੀ, ਪਲਾਂ 'ਚ ਹੀ ਉਥੇ ਅੱਗ ਦੇ ਭਾਂਬੜ ਦਿਸਣ ਲਗ ਪਏ। ਉਹ ਫੌਜੀ ਦਸ ਰਿਹਾ ਸੀ ਕਿ ਮਗਰੋਂ ਅਖਬਾਰ 'ਚ ਫੋਟੋ ਦੇਖੀ ਤਾਂ ਪਹਿਚਾਣਿਆਂ ਕਿ ਉਹ ਸੱਜਣ ਕੁਮਾਰ ਸੀ। ਜਿਹੜੀ ਗੱਲ ਅਮਰੀਕ ਦੱਸ ਰਿਹਾ ਸੀ ਇਹ ਉਹੋ ਅੱਗ ਸੀ ਜਿਥੋਂ ਦਿੱਲੀ 'ਚ ਅੱਗਾਂ ਲਗਣ ਦੀ ਸ਼ੁਰੂਆਤ ਹੋਈ। ...ਇੰਦਰਾ ਗਾਂਧੀ ਦੇ ਦੇਹ-ਸੰਸਕਾਰ ਮਗਰੋਂ ਬਹੁਤ ਲੋਕ ਪੁੱਛਣ ਆਏ। ਹਰ ਦੋਸਤ ਖੈਰ-ਸੁੱਖ ਮੰਗਦਾ ਆ ਰਿਹਾ ਸੀ ਤੇ ਸਾਨੂੰ ਠੀਕ ਠਾਕ ਦੇਖ ਖੁਸ਼ ਹੋ ਕੇ ਜਾ ਵੀ ਰਿਹਾ ਸੀ। ਪਰ ਜੋ ਕੁਝ ਇਨ੍ਹਾਂ ਚਾਰ ਦਿਨਾਂ 'ਚ ਵਾਪਰਿਆ ਉਹ ਦਿੱਲ ਹਿਲਾਅ ਦੇਣ ਵਾਲਾ ਸੀ। ...ਸਭ ਤੋਂ ਪਹਿਲਾਂ ਮੇਰਾ ਦੋਸਤ ਓਮ ਪ੍ਰਕਾਸ਼ ਖੱਤਰੀ ਆਇਆ। ਉਹ ਪੁਲੀਸ ਵਿਚ ਇੰਸਪੈਕਟਰ ਸੀ। ਪਰ ਮੇਰਾ ਪੁਰਾਣਾ ਦੋਸਤ। ਇਥੋਂ ਤੀਕ ਕਿ ਜਦੋਂ ਉਹ ਪੁਲਿਸ ਵਿਚ ਸਬ-ਇੰਸਪੈਕਟਰ ਭਰਤੀ ਹੋਇਆ ਤਾਂ ਅਸੀਂ, ਜਿਸ ਦੇ ਵਿਚ ਮੇਰਾ ਇਕ ਹੋਰ ਦੋਸਤ ਬਾਲਕ੍ਰਿਸ਼ਨ ਤਨੇਜਾ ਵੀ ਸ਼ਾਮਲ ਸੀ, ਖੂਬ ਪਾਰਟੀਆਂ ਕੀਤੀਆ ਸਨ। ਪਰ ਉਸ ਦੇ ਵਰਦੀ ਪਾਕੇ ਆਉਣ ਨਾਲ ਨੁਕਸਾਨ ਵੀ ਹੋਇਆ ਤੇ ਫਾਇਦਾ ਵੀ। ਨੁਕਸਾਨ ਇਹ ਹੋਇਆ ਕਿ ਉਹਦੇ ਆਉਣ ਨਾਲ ਸਾਰੇ ਲੋਕ ਮੇਰੇ ਵੱਲ ਝਾਕਯ ਲਗ ਪਏ ਕਿ ਪੁਲੀਸ ਮੇਰੇ ਘਰ ਕੀ ਕਰਨ ਆਈ ਹੈ? ਉਨ੍ਹਾਂ ਨੂੰ ਸ਼ੱਕ ਸੀ ਕਿ ਕਿਤੇ ਮੈਂ ਸ਼ਿਕਾਇਤ ਨਾ ਕਰ ਦਿੱਤੀ ਹੋਵੇ ਕਿ ਲੁੱਟ-ਮਾਰ ਕਰਨ ਵਾਲੇ ਇੱਥੇ ਹੀ ਲੁਕੇ ਹੋਏ ਹਨ। ਪਰ ਜਦੋਂ ਲੋਕਾਂ ਨੂੰ ਇਹ ਪਤਾ ਲਗਾ ਕਿ ਖੱਤਰੀ ਮੇਰਾ ਦੋਸਤ ਹੈ ਤਾਂ ਮੇਰਾ ਉਨ੍ਹਾਂ 'ਤੇ ਚੰਗਾ ਰੁਹਬ ਵੀ ਪੈ ਗਿਆ।

ਮਗਰੋਂ ਮੇਰਾ ਪੁਰਾਣਾ ਦੋਸਤ ਤੇ ਮੇਰੇ ਪ੍ਰਕਾਸ਼ਨ ਦੀਆਂ ਕਿਤਾਬਾਂ ਦੀ ਛਪਾਈ ਕਰਨ ਵਾਲਾ ਮੁਲਖ ਰਾਜ ਮਹਾਜਨ ਆਇਆ। ਉਸ ਮੇਰੇ ਇਕ ਬਹੋਤ ਹੀ ਪੁਰਅਣੇ ਦੋਸਤ ਤੇ ਉਸ ਦੇ ਪਰਿਵਾਰ ਦੀ ਸਾਰੀ ਕਹਾਣੀ ਵਿਸਥਾਰ ਨਾਲ ਸੁਣਾਈ। ਉਹਦੀਆਂ ਗੱਲਾਂ ਸੁਣ ਦਿੱਲ ਤਾਂ ਦਹਿਲਿਆ ਹੀ ਪਰ ਨਾਲ ਹੀ ਨਾਲ ਅੱਖਾਂ ਵੀ ਤ੍ਰਿਪ ਤ੍ਰਿਪ ਚੋਂਦੀਆਂ ਰਹੀਆਂ। ਜਮਨਾ ਪਾਰ ਕ੍ਰਿਸ਼ਨ ਨਗਰ 'ਚ ਇਸ ਮੁਲਖ ਰਾਜ ਮਹਾਜਨ ਦੀ ਅੰਗਰੇਜ਼ੀ 'ਚ ਕਿਤਾਬਾ ਛਾਪਣ ਵਾਲੀ ਕੰਪੋਜ਼ਿੰਗ ਏਜੰਸੀ ਸੀ। ਉਥੇ ਹੀ ਲਾਗੇ ਬਲਵੰਤ ਸਿੰਘ ਦੀ ਪੰਜਾਬੀ 'ਚ ਕਿਤਾਬਾ ਤੇ ਮੈਗਜ਼ੀਨ ਛਾਪਣ ਦੀ ਲੋਕ ਪ੍ਰਿੰਟਰ ਨਾਂਅ ਦੀ ਕੰਪੋਜ਼ਿੰਗ ਏਜੰਸੀ ਸੀ। "ਨਾਗਮਣੀ" ਤੇ ਹੋਰ ਕਈ ਅਖਬਾਰਾਂ ਮੈਗਜ਼ੀਨਾਂ ਦੀ ਛਪਾਈ ਉਹੀ ਕਰਦਾ ਹੁੰਦਾ ਸੀ। ਉਸੇ 'ਚ ਉਸ ਦੇ ਪਰਿਵਾਰ ਦੇ ਸਾਰੇ ਜਣੇ, ਭਰਾ, ਭਾਣਜੇ, ਪਤਨੀ ਤੇ ਬੱਚੇ ਕੰਮ ਕਰਦੇ ਸਨ। ਮੁਲਖ ਰਾਜ ਤੇ ਬਲਵੰਤ ਸਿੰਘ ਦੋਵੇਂ ਅੰਮ੍ਰਿਤਸਰੋਂ ਲਗਭਗ ਇਕੱਠੇ ਹੀ ਦਿੱਲੀ ਆਏ ਸਨ ! ਭਾਵੇਂ ਮੁਲਖ ਰਾਜ ਆਰੀਆ ਸਮਾਜੀ ਸੀ ਤੇ ਬਲਵੰਤ ਸਿੰਘ ਖਾਲਸਾ ਪਰ ਦੋਵੇਂ ਖੂਬ ਦੋਸਤ ਸਨ! ...ਦੋਹਾਂ 'ਚ ਬਣਦੀ ਵੀ ਬਹੁਤ ਸੀ! ਉਹ ਕੰਪੋਜ਼ਿੰਗ ਦੀ ਸਪੀਡ 'ਚ ਮੁਕਾਬਲੇ ਕਰਦੇ, ਸ਼ਰਤਾਂ ਲਾਉਂਦੇ, ਕਦੇ ਕੋਈ ਜਿੱਤਦਾ ਤੇ ਕਦੇ ਕੋਈ! ਮੁਲਖ ਰਾਜ ਬਲਵੰਤ ਸਿੰਘ ਨੂੰ "ਧੂਤਾ" ਕਹਿਕੇ ਛੇੜਦਾ... "ਸਿੱਖਾਂ ਦਾ ਕੀ? ...ਇਹ ਤਾਂ ਧੂਤੇ ਹੀ ਹੁੰਦੇ ਨੇ...! ਅਕਲ ਤਾਂ ਇਹ ਉਤੇ ਹੀ ਗਹਿਣੇ ਪਾ ਆਏ ਸੀ...!" ਅੱਗੋਂ ਬਲਵੰਤ ਵੀ ਘੱਟ ਨਾ ਕਰਦਾ, "ਹਿੰਦੂ ਤਾਂ ਡਰਾਕਲ ਕੌਮ ਹੈ! ..ਮਾੜੀ ਮਾੜੀ ਗੱਲ 'ਤੇ ਸਾਡੇ ਗੁਰੂਆਂ ਕੋਲ ਪਹੁੰਚ ਜਾਂਦੇ ਨੇ... ਉਨ੍ਹਾਂ ਨੂੰ ਸ਼ਹੀਦ ਕਰਾਉਣ ਲਈ!"...ਇਸ ਤਰ੍ਹਾਂ ਉਨ੍ਹਾਂ ਦੀ ਤਕਰਾਰ ਚਲਦੀ... ਪਰ ਮੁਹੱਬਤ 'ਚ ਕੋਈ ਘਾਟ ਨਾ ਆਉਂਦੀ! ਦੋਵੇਂ ਇਕ ਦੂਜੇ ਲਈ ਬਾਂਹ ਬਣ ਖੜ੍ਹਦੇ... ਕਈ ਵੇਰ ਕਈ ਮੁਸੀਬਤਾਂ 'ਚ ਇਕ ਦੂਜੇ ਦੇ ਕੰਮ ਆਏ ਸਨ ਉਹ! ...ਉਧਰ ਜਮਨਾ ਪਾਰ ਕ੍ਰਿਸ਼ਨ ਨਗਰ ਵਿਖੇ ਬਲਵੰਤ ਸਿੰਘ ਨੇ ਮੁਲਖ ਰਾਜ ਨਾਲ ਇਸ ਗੱਲ ਤੇ ਜ਼ਿੱਦ ਕੀਤੀ ਕਿ "ਹੁਣ ਤਾਂ ਸ਼ਾਂਤੀ ਹੈ...! ਕਰਫਿਊ ਵੀ ਹਟ ਗਿਆ...! ਉਹ ਘਰ ਚੱਲਦੇ ਹਨ..!" ਮੁਲਖ ਰਾਜ ਨੇ ਮਗਰੋਂ ਦੱਸਿਆ ਕਿ ਉਸ ਨੇ ਬਹੁਤ ਜ਼ਿੱਦ ਕੀਤੀ, ਤੇ ਹੋਰ ਰੁਕਣ ਲਈ ਨਾ ਮੰਨਿਆ। ਦੰਗਿਆਂ ਤੋਂ ਬਾਅਦ ਮੁਲਖ ਰਾਜ ਬਹੁਤ ਰੋਇਆ ਸੀ ਮੇਰੇ ਕੋਲ, ਇਸ ਗੱਲ ਨੂੰ ਲੈ ਕੇ। ਕਹਿੰਦਾ ਬਾਰਾਂ ਦੇ ਬਾਰਾਂ ਸਾਰੇ ਜੀਅ ਆਪਣੇ ਘਰ ਵਲ ਤੁਰ ਪਏ! ਹਾਲੇ ਅੱਧ 'ਚ ਹੀ ਪਹੁੰਚੇ ਹੋਣਗੇ ਕਿ ਉਹਨਾਂ ਦੇ ਪੱਗਾਂ ਬੰਨ੍ਹੀਆਂ ਦੇਖ ਉਥੇ ਕੋਲ ਆ ਕੇ ਇਕ ਮਿਲਟਰੀ ਟਰੱਕ ਰੁਕਿਆ! ਉਸ 'ਚੋਂ ਕੁਝ ਬੰਦੇ ਉਤਰੇ ਤੇ ਬਲਵੰਤ ਸਿੰਘ ਨੂੰ ਕਹਿੰਦੇ... "ਸਰਦਾਰ ਜੀ, ਤੁਸੀਂ ਕਿੱਥੇ ਘੁੰਮ ਰਹੇ ਹੋ?...ਹਾਲੇ ਖਤਰਾ ਹੈ...! ਆਓ ਤੁਹਾਨੂੰ ਮਿਲਟਰੀ ਦੇ ਕੈਂਪ ਪਹੁੰਚਾ ਦਿੰਦੇ ਹਾਂ...!" ਮੁਲਖ ਰਾਜ ਕਹਿੰਦਾ ਬਲਵੰਤ ਪਹਿਲਾਂ ਤਾਂ ਸਹਿਮਿਆ ਪਰ ਅਖੀਰ ਉਨ੍ਹਾਂ ਦੀ ਗੱਲ ਮੰਨ ਗਿਆ...! ਫਿਰ ਹਾਲੇ ਉਹ ਟਰੱਕ ਵਲ ਵਧੇ ਹੀ ਸਨ ਕਿ ਉਹਦੇ 'ਚੋਂ ਕਈ ਹੋਰ ਦੰਗਾਈ ਨਿਕਲ ਆਏ...! ਦੇਖਦਿਆਂ ਹੀ ਦੇਖਦਿਆਂ ਉਨ੍ਹਾਂ ਸਭ ਨੂੰ ਘੇਰਾ ਪਾ ਉਹਨਾਂ ਉਪਰ ਮਿੱਟੀ ਦਾ ਤੇਲ ਛਿੜਕ ਅੱਗਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ...! ਮੌਕਾ ਦੇਖ ਬਲਵੰਤ ਦਾ ਭਾਣਜਾ ਹਰਮੀਤ ਮੌਕੇ ਤੋਂ ਭੱਜ ਨਿਕਲਿਆ...ਉਹ ਉਂਜ ਵੀ ਪਤਲਾ ਤੇ ਫੁਰਤੀਲਾ ਸੀ... ਪਿਛਲੀਆਂ ਗਲੀਆਂ 'ਚੋਂ ਹੁੰਦਾ ਹੋਇਆ ਇਕ ਘਰ ਅੰਦਰ ਵੜ ਆਪਣੇ ਚਿੱਤੋਂ ਲੁਕ ਗਿਆ...! ਦੰਗਾਈ ਵੀ ਲੱਭਦੇ ਲੱਭਦੇ ਉਥੇ ਪਹੁੰਚ ਗਏ...! ਹਾਲੇ ਉਹ ਹਰਮੀਤ ਨੂੰ ਤਲਾਸ਼ ਰਹੇ ਸਨ ਕਿ ਉਥੇ ਖੜ੍ਹੀ ਇਕ ਬੁੜ੍ਹੀ ਨੇ ਉਂਗਲ ਨਾਲ ਇਸ਼ਾਰਾ ਕਰ ਉਨ੍ਹਾਂ ਨੂੰ ਦੱਸ ਦਿੱਤਾ ਕਿ ਉਹ ਕਿੱਥੇ ਛੁਪਿਆ ਹੈ...! ਦੰਗਾਈਆਂ ਉਹਨੂੰ ਅੰਦਰੋਂ ਕੱਢ ਉਥੇ ਹੀ ਤੇਲ ਛਿੜਕ ਅੱਗ ਲਗਾ ਦਿੱਤੀ...!

(ਸੁਸ਼ੀਲ ਦੁਸਾਂਝ ਦੇ ਧੰਨਵਾਦ ਸਹਿਤ) (ਸਮਾਪਤ)



# ਲੋਕ ਵਿਰਸਾ

## ਸੋਹਣਾ ਕੌਂਤ ਹੋਵੇ ਦਿਲ ਦਾ ਸ਼ੌਂਕ ਹੋਵੇ



ਡਾ. ਕਰਮਜੀਤ ਸਿੰਘ
91-98763-23862

ਉਹ ਸਮਾਜ ਜਿਸ ਵਿਚ ਵਿਆਹ ਦਾ ਆਧਾਰ ਦੋ ਜੀਆਂ ਦਾ ਪਿਆਰ ਜਾਂ ਸਹਿਮਤੀ ਨਾ ਹੋਵੇ ਤੇ ਜਿੱਥੇ ਇਹ ਵਿਆਹ ਪੈਸੇ ਲੈ ਦੇ ਕੇ ਅਮੀਰ ਹੋਣ ਜਾਂ ਸਟੇਟਸ ਵਧਾਉਣ ਦਾ ਸਾਧਨ ਹੋਵੇ, ਉਸ ਸਮਾਜ ਵਿਚ ਹੀ ਇਹ ਅਖਾਣ ਪੈਦਾ ਹੋ ਸਕਦਾ ਹੈ ਕਿ 'ਜੋੜੀਆਂ ਜੱਗ ਥੋੜ੍ਹੀਆਂ ਨਰੜ ਬਥੇਰੇ' ਨਰੜ ਹੋਣ ਦੀ ਸਥਿਤੀ ਦੁਖਾਂਤ ਹੈ। ਇਸ ਨੂੰ ਝੱਲਣਾ ਜਣੇ ਖਣੇ ਦਾ ਕੰਮ ਨਹੀਂ। ਵਿਸ਼ੇਸ਼ ਤੌਰ 'ਤੇ ਇਸਤ੍ਰੀ ਲਈ ਇਹ ਹੋਰ ਵੀ ਮੁਸ਼ਕਿਲ ਹੈ। ਇਸਤਰੀ ਨੇ ਅਜਿਹੀਆਂ ਸਥਿਤੀਆਂ ਨਾਲ ਨਿਪਟਣ ਲਈ ਕਈ ਤਰੀਕੇ ਅਪਣਾਏ ਹਨ, ਉਹਨਾਂ ਵਿਚੋਂ ਇਕ ਹੈ ਗੀਤਾਂ ਰਾਹੀਂ ਆਪਣੇ ਮਨ ਨੂੰ ਹੌਲਿਆਂ ਕਰਨਾ। ਉਹ ਗੀਤਾਂ ਰਾਹੀਂ ਹੱਸਦੀ, ਗਾਉਂਦੀ ਤੇ ਨੱਚਦੀ ਵਿਅੰਗ ਨੂੰ ਤੇਜ਼ ਹਥਿਆਰ ਬਣਾ ਕੇ ਸਥਿਤੀ ਨੂੰ ਉਦਾਸ ਨਹੀਂ ਰਹਿਣ ਦਿੰਦੀ ਸਗੋਂ ਇਸ ਵਿਚੋਂ ਲੰਘਣ ਲਈ ਨਵਾਂ ਸਾਹਸ ਬਟੋਰਦੀ ਹੈ।

ਇਸਤਰੀ ਹਰ ਤਰ੍ਹਾਂ ਦੇ ਅਣਜੋੜ ਨੂੰ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ। ਪਤੀ ਕਾਲਾ ਹੋਵੇ ਤਾਂ ਉਹ ਉਸ ਨੂੰ ਅਜਿਹੀਆਂ ਉਪਮਾਵਾਂ ਦਿੰਦੀ ਹੈ ਕਿ ਸਰੋਤਿਆਂ ਦੇ ਚਿਹਰੇ ਵੀ ਚਮਕ ਪੈਂਦੇ ਹਨ ਕਿਉਂਕਿ ਇਹ ਉਹਨਾਂ ਵਿਚੋਂ ਕਈਆਂ ਨਾਲ ਵਾਪਰਿਆ ਹੈ:

ਕਾਲੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ
ਅੰਦਰ ਵੜਿਆ ਤਾਂ ਡੰਗਰ ਵੱਛਾ ਡਰਿਆ ਨੀ ਮਾਏ।

ਇਸ ਪਾਸੇ ਸਥਿਤੀ ਨੂੰ ਅਤਿਕਥਨੀ ਤੱਕ ਵਿਚ ਪਹੁੰਚਾਇਆ ਗਿਆ ਹੈ ਤਾਂ ਦੂਜੇ ਪਾਸੇ ਕਾਲੇ ਕੌਂਤ ਦੇ ਮੁਕਾਬਲੇ ਆਪਣੇ ਆਪ ਨੂੰ ਸੁੰਦਰ ਦਰਸਾਇਆ ਗਿਆ ਹੈ।

ਨੰਦ ਵੇ ਤੂੰ ਕਾਲਾ ਵੇ ਸੁਣੀਂਦਾ
ਮੇਰਾ ਗਲਗਲ ਵਰਗਾ ਰੰਗ ਵੇ
ਵੇ ਤੂੰ ਕਾਲਾ ਵੇ ਸੁਣੀਂਦਾ

ਜਦੋਂ ਔਰਤ ਇਹ ਕਹਿੰਦੀ ਹੈ ਕਿ 'ਮੇਰਾ ਕਾਲਾ ਈ ਸਰਦਾਰ ਗੋਰਿਆਂ ਨੂੰ ਦਫਾ ਕਰੋ' ਤਾਂ ਵੀ ਉਹ ਆਪਣੀ ਸਥਿਤੀ ਦਾ ਬਿਆਨ ਹੀ ਕਰ ਰਹੀ ਹੁੰਦੀ ਹੈ। ਦੂਜੀ ਸਥਿਤੀ ਹੈ ਪਤੀ ਦਾ ਮਧਰਾ ਹੋਣਾ। ਜਦੋਂ ਮਧਰੇ ਨੂੰ ਖਿੱਦੋ ਨਾਲ ਉਪਮਾ ਦੇ ਕੇ ਉਸ ਨਾਲ ਖੇਡਿਆ ਜਾਂਦਾ ਹੈ ਤਾਂ ਇਸ ਵਾਰ ਤਾਂ ਹਾਸੇ ਦੇ ਫੁਹਾਰੇ ਛੁੱਟਦੇ ਹਨ।

ਮਧਰੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ
ਅੰਦਰ ਵੜਿਆ ਤਾਂ ਖਿੱਦੋ ਵਾਂਗ ਰਿੜ੍ਹਿਆ ਨੀ ਮਾਏ।

ਮਧਰਾ ਖਿੱਦੋ ਵਾਂਗ ਰਿੜ੍ਹਦਾ ਹੈ ਪਰ ਉਸ ਦੇ ਮੁਕਾਬਲੇ ਔਰਤ ਆਪਣੇ ਲੰਮੀ ਹੋਣ ਨੂੰ ਆਦਰਸਿਆ ਕੇ ਪੇਸ਼ ਕਰਦੀ ਹੈ।

ਨੰਦ ਵੇ, ਵੇ ਤੂੰ ਮਧਰਾ ਸੁਣੀਂਦਾ
ਮੈਂ ਕੋਠੇ ਦੀ ਕੰਧ ਵੇ
ਵੇ ਤੂੰ ਮਧਰਾ ਸੁਣੀਂਦਾ

ਇਕ ਸਥਿਤੀ ਲੰਮੀ ਹੋਣ ਦੀ ਵੀ ਹੋ ਸਕਦੀ ਹੈ, ਇਸ ਨੂੰ ਵੀ ਮਾਨਸਿਕ ਤੌਰ 'ਤੇ ਸਵੀਕਾਰ ਨਹੀਂ ਕੀਤਾ ਗਿਆ।

ਲੰਬੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ
ਅੰਦਰ ਵੜਿਆ ਤੇ, ਥੰਮ੍ਹੀ ਵਾਂਗੂ ਅੜਿਆ ਨੀ ਮਾਏ।

ਪਤੀ ਕਾਲਾ, ਮਧਰਾ ਜਾਂ ਲੰਬਾ ਹੋਵੇ, ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ। ਨਰੜ ਦੀਆਂ ਤਾਂ ਅਨੇਕਾਂ ਹੋਰ ਵੰਨਗੀਆਂ ਵੀ ਹਨ, ਜਿਵੇਂ ਉਹ ਮੋਟਾ ਹੋ ਸਕਦਾ ਹੈ।

ਨੰਦ ਵੇ, ਵੇ ਤੂੰ ਮੋਟਾ ਵੇ ਸੁਣੀਂਦਾ
ਮੈਂ ਪਤਲੀ ਪਤੰਗ ਵੇ
ਵੇ ਤੂੰ ਮੋਟਾ ਵੇ ਸੁਣੀਂਦਾ

ਸਥਿਤੀ ਇਹ ਵੀ ਹਾਸੋਹੀਣੀ ਹੈ। ਹਾਸੋ ਹੀਣੀਆਂ ਸਥਿਤੀਆਂ ਦੀ ਇਕ ਸੀਮਾ ਹੈ ਪਰ ਜੇ ਘਰ ਵਾਲਾ ਸ਼ਰਾਬੀ ਜਾਂ ਅਮਲੀ ਟੱਕਰ ਜਾਵੇ ਤਾਂ ਥੋੜ੍ਹਾ ਹੀ ਫਰਕ ਸਮਝੋ। ਅਜਿਹੇ ਸਮੇਂ ਵਿਅੰਗ ਵੀ ਕੀਤਾ ਜਾ ਸਕਦਾ ਹੈ ਪਰ ਆਮ ਕਰਕੇ ਇਹ ਸਥਿਤੀ ਉਦਾਸੀ ਦੀ ਲੈਅ ਵਿਚ ਵਟ ਜਾਂਦੀ ਹੈ।

ਕੀ ਵਰ ਟੋਲਿਆ ਮਾਏ, ਨੀ ਕੀ ਵਰ ਟੋਲਿਆ
ਪੋਸਤ ਮੰਗਦਾ ਨੀ ਮਾਏ, ਵੱਟੀ ਰੋਜ ਦਾ।

ਅਜਿਹੇ ਸਮੇਂ ਦੋਸ਼ ਔਰਤ ਦੇ ਲੇਖਾਂ ਨੂੰ ਦਿੱਤਾ ਜਾਂਦਾ ਹੈ। ਇੱਥੇ ਸਮਾਜਿਕ ਚੇਤਨਾ ਦੀ ਨੀਵੀਂ ਪੱਧਰ ਦਾ ਅਹਿਸਾਸ ਵੀ ਹੋ ਜਾਂਦਾ ਹੈ।

ਪੁੰਨੀਂ ਜੰਮੀਆਂ ਨੀ ਮਾਏ, ਪੁੰਨੀਂ ਵਿਆਹੀਆਂ
ਅਸੀਂ ਦੇਖੇ ਨਾ ਧੀਏ ਲੇਖ ਤੇਰੇ।

ਦੇਖਣ ਵਾਲੀ ਗੱਲ ਇਹ ਹੈ ਕਿ ਅਜਿਹੀਆਂ ਗੱਲਾਂ ਔਰਤ ਦੀ ਦੂਸਰੀ ਧਿਰ (ਮਾਂ) ਕਹਿੰਦੀ ਹੈ ਗਾਇਕਾ ਆਪ ਨਹੀਂ। ਇੱਥੇ ਮਾਂ ਸਮਾਜਿਕ ਅੱਨਿਆ ਨੂੰ ਅਸਿੱਧੇ ਢੰਗ ਨਾਲ ਸਹੀ ਕਰਨ ਦਾ ਯਤਨ ਕਰਦੀ ਹੈ। ਭਾਵੇਂ ਸਭ ਤੋਂ ਵਧੇਰੇ ਦੁੱਖ ਵੀ ਮਾਂ ਨੂੰ ਹੀ ਹੁੰਦਾ ਹੈ।

ਜੇ ਔਰਤ ਦਾ ਮਰਦ ਨਾਲੋਂ ਉਮਰ ਦਾ ਪਾੜਾ ਜ਼ਿਆਦਾ ਹੋਵੇ ਤਾਂ ਵੀ ਸਥਿਤੀ ਦੁਖਾਂਤਕ ਹੁੰਦੀ ਹੈ ਪਰ ਇਸ ਨੂੰ ਵੀ ਔਰਤ ਵਿਅੰਗ ਰਾਹੀਂ ਸਹਿਣ ਦਾ ਯਤਨ ਕਰਦੀ ਹੈ।

ਨੀ ਮਾਹੀ ਮੇਰਾ ਨਿੱਕਾ ਜਿਹਾ
ਉਹਨੂੰ ਨੱਕ ਪੂੰਝਣਾ ਨਾ ਆਵੇ।

ਪਤੀ ਬੁੱਢਾ ਹੋਵੇ ਤਾਂ ਇਕ ਵੱਖਰੀ ਸਥਿਤੀ ਪੈਦਾ ਹੋ ਜਾਂਦੀ ਹੈ। ਇਸ ਸਥਿਤੀ ਦਾ ਮਜ਼ਾਕ ਉਡਾਉਣ ਲਈ ਸੈਂਕੜੇ ਗੀਤਾਂ ਦੀ ਰਚਨਾ ਕੀਤੀ ਗਈ ਹੈ। ਬੁੱਢੇ ਦੀ ਸਮਝ, ਉਸ ਦਾ ਸਰੀਰਕ ਬਲ, ਉਸ ਦੀਆਂ ਆਦਤਾਂ, ਸਭ ਕੁਝ ਤਾਂ ਵਿਅੰਗ ਦੀ ਮਾਰ ਹੇਠ ਆਉਂਦਾ ਹੈ। ਵਿਅੰਗ ਕਈ ਵਾਰ ਸੀਮਾ ਵੀ ਟੱਪ ਜਾਂਦਾ ਹੈ।

ਅਜਿਹੇ ਗੀਤਾਂ ਨੂੰ ਇਕੱਠਿਆਂ ਕਰਨ ਸਮੇਂ ਕਿਸੇ ਤਰ੍ਹਾਂ ਦੀ ਕਠਿਨਾਈ ਨਹੀਂ ਹੁੰਦੀ। ਜਦੋਂ ਕੁੜੀਆਂ, ਅੱਧਖੜ੍ਹਾਂ ਇਕੱਠੀਆਂ ਹੋਈਆਂ ਹੋਣ ਤਾਂ ਉਹ ਅਜਿਹੇ ਗੀਤਾਂ ਦੀਆਂ ਝੜੀਆਂ ਲਾ ਦਿੰਦੀਆਂ ਹਨ ਪਰ ਕਿਤੇ ਅਟਕਾ ਵੀ ਆ ਜਾਂਦਾ ਹੈ। ਉਹ ਮੰਨ ਵੀ ਜਾਂਦੀਆਂ ਹਨ। ਇਕ ਵਾਰ ਮੈਂ ਗੀਤ ਸੁਣਿਆ ਬੁੱਢੇ ਬਾਰੇ ਜਿਸ ਵਿਚ ਬੁਢੜੇ ਨੂੰ ਦੇਖ ਕੇ ਦੂਰੋਂ ਪਿੱਟਣ ਦਾ ਜ਼ਿਕਰ ਸੀ, ਉਸ ਨੂੰ ਦੇਖ ਕੇ ਪੇਕੇ ਤੁਰ ਜਾਣ ਦੀ ਗੱਲ ਕਹੀ ਗਈ ਸੀ। ਬੁਢੜੇ ਨੂੰ ਦੇਖ ਕੇ ਕੁੱਤੇ ਭੌਂਕਦੇ ਹਨ ਤੇ ਉਸ ਨੂੰ ਨਹਿਰ ਵਿਚ ਧੱਕਾ ਦੇਣ ਦਾ ਸੁਝਾਅ ਹੈ। ਅਖੀਰ 'ਤੇ ਕੁੜੀ ਮਾਂ ਨੂੰ ਉਲਾਂਭਾ ਦਿੰਦੀ ਹੈ।



ਮਾਏ, ਨੀ ਮਾਏ
ਬੁੱਢਾ ਅੱਸੀ ਸਾਲ ਦਾ
ਤੁਹੀਉਂ ਲਾਵਾਂ ਲੈ ਲਾ, ਬੁਢਾ ਤੇਰੇ ਹਾਣ ਦਾ।
ਧੀਏ ਨੀ ਧੀਏ,
ਏਡੇ ਬੋਲ ਬੋਲਦੀ
ਬੁੱਢੇ ਨਾਲ ਸੰਜੋਗ, ਮੁੰਡਾ ਕਿੱਥੋਂ ਟੋਲਦੀ।

ਇੱਥੇ ਆ ਕੇ 'ਮੋਹਰੀ ਚੱਕ' ਪਿੰਡ ਦੀਆਂ ਕੁੜੀਆਂ ਇੱਕਦਮ ਰੁਕ ਗਈਆਂ ਤੇ ਨਾਲ ਹੱਸੀ ਜਾਣ। ਮੈਂ ਸਮਝ ਗਿਆ ਕਿ ਗੀਤ ਪੂਰਾ ਨਹੀਂ ਹੋਇਆ। ਮੇਰੇ ਵਾਰ ਵਾਰ ਕਹਿਣ 'ਤੇ ਵੀ ਜਦੋਂ ਉਨ੍ਹਾਂ ਗੀਤ ਪੂਰਾ ਨਹੀਂ ਕੀਤਾ ਤਾਂ ਮੈਂ ਸਮਝ ਗਿਆ ਕਿ ਅਗਲੀਆਂ ਪੰਕਤੀਆਂ ਵਿਚ ਕੁਝ ਅਜਿਹਾ ਹੈ ਜੋ ਮੇਰੇ ਸਾਹਮਣੇ ਨਹੀਂ ਕਿਹਾ ਜਾ ਸਕਦਾ। ਮੈਂ ਜ਼ਿੱਦ ਛੱਡ ਦਿੱਤੀ। ਦੋ ਤਿੰਨ ਸਾਲ ਬਾਅਦ ਮੈਂ ਕਿਸੇ ਰਾਹੀਂ ਇਸੇ ਗੀਤ ਦੀ ਦੁਬਾਰਾ ਰਿਕਾਰਡਿੰਗ ਕਰਵਾਈ ਤਾਂ ਇਹ ਗੀਤ ਪੂਰਾ ਹੋਇਆ। ਗੀਤ ਦੇ ਆਖਰੀ ਬੋਲ ਸਨ।

ਮਾਏ ਨੀ ਮਾਏ ਬੁੱਢਾ ਬੜਾ ਊਤ ਨੀ
ਚਿੱਟਿਆਂ ਵਿਛਾਉਣਿਆਂ ਤੇ ਦਿੰਦਾ ਮੂਤ ਨੀ।
ਮਾਏ ਨੀ ਮਾਏ ਬੁੱਢਾ ਬੜਾ ਹੱਦ ਨੀ
ਚਿੱਟਿਆਂ ਵਿਛਾਉਣਿਆਂ ਤੇ ਦਿੰਦਾ ਹੱਗ ਨੀ।

ਲੋਕ ਗੀਤ ਵਿਚ 'ਦੁਹਜੂ ਬੁਢੜੇ' ਦਾ ਜ਼ਿਕਰ ਵੀ ਵਾਰ ਵਾਰ ਆਇਆ ਹੈ। ਵਿਅੰਗ ਗੀਤਾਂ ਦੀ ਲੈਅ ਆਮ ਤੌਰ ਤੇ ਤਿੱਖੀ ਹੈ। ਉਪਰੋਕਤ ਤਕਰੀਬਨ ਸਾਰੇ ਗੀਤ ਢੋਲਕੀ ਨਾਲ ਗਾਏ ਜਾਂਦੇ ਹਨ। ਸਗੋਂ ਦੁਆਬੇ ਵਿਚ ਤਾਂ ਇਹ ਗਿੱਧੇ ਦਾ ਸ਼ਿੰਗਾਰ ਵੀ ਬਣਦੇ ਹਨ। ਸੰਗੀਤ ਨਾਲ ਨਾਚ ਮਿਲ ਕੇ ਨਵਾਂ ਰੰਗ ਬੰਨ੍ਹਦਾ ਹੈ। ਲੋੜ ਪੈਣ ਤੇ ਟੇਕ ਬਦਲ ਲਈ ਜਾਂਦੀ ਹੈ, ਜਿਵੇਂ ਬੁੱਢਿਆ ਖੇਲ੍ਹ ਕੰਗਣਾ, ਜਿਹੜੀ ਰਾਤੀਂ ਬੰਨ੍ਹਿਆ।

## 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"





ਡਾ. ਜਸਵੰਤ ਰਾਏ
91-98158-25999

### ਸੇਵਕ ਤੇ ਗੁਰੂ

ਇਕ ਵਾਰ ਇਕ ਸੇਵਕ ਨੇ ਗੁਰੂ ਧਾਰਨਾ ਕਰ ਲਈ। ਸੇਵਕ ਨੇ ਗੁਰੂ ਤਾਂ ਧਾਰ ਲਿਆ ਪਰ ਉਹਦੇ ਮਨ ਨੂੰ ਸੰਤੁਸ਼ਟੀ ਨਾ ਮਿਲੀ। ਇਕ ਦਿਨ ਸੇਵਕ ਆਪਣੇ ਗੁਰੂ ਕੋਲ ਚਲਾ ਗਿਆ ਤੇ ਉਸਨੂੰ ਪੁੱਛਣ ਲੱਗਾ - ਮਾਰ੍ਹਾਜ ਮੈਂ ਵੀ ਤੁਹਾਨੂੰ ਗੁਰੂ ਧਾਰ ਲਿਆ। ਹੋਰ ਵੀ ਬਹੁਤ ਸਾਰੀ ਸੰਗਤ ਨੇ ਤੁਹਾਨੂੰ ਗੁਰੂ ਧਾਰਨੀ ਕੀਤੀ ਹੋਈ ਆ। ਪਰ ਮੈਨੂੰ ਇਹ ਦੱਸੋ ਕਿ ਗੁਰੂ ਧਾਰਨ ਦਾ ਫਾਇਦਾ ਕੀ ਹੈ। ਫਲ ਕੀ ਮਿਲਦਾ ਗੁਰੂ ਧਾਰਨ ਨਾਲ।

ਗੁਰੂ ਨੇ ਆਖਿਆ, ਬੇਟਾ ਤੈਂ ਹੁਣੇ ਈ ਕੀ ਲੈਣਾ ਇਹਨਾਂ ਗੱਲਾਂ ਤੋਂ, ਸਬਰ ਰੱਖ। ਤੈਨੂੰ ਆਪੇ ਪਤਾ ਲੱਗ ਜਾਣਾ।

ਪਰ ਸੇਵਕ ਨਾ ਟਲ਼ਿਆ। ਉਹ ਤਾਂ ਆਪਣੀ ਗੱਲ ਦਾ ਜਵਾਬ ਜਾਨਣ ਲਈ ਗੁਰੂ ਦੇ ਖਹਿੜੇ ਈ ਪੈ ਗਿਆ।

ਸੇਵਕ ਦੀ ਜ਼ਿਦ ਦੇਖ ਕੇ ਗੁਰੂ ਆਖਣ ਅੱਗੇ ਕਿ ਜੇ ਤੂੰ ਨਹੀਂ ਹਟਦਾ ਤਾਂ ਫਿਰ ਕੱਲ੍ਹ ਨੂੰ ਆ ਜਾਵੀਂ।

ਅਗਲੇ ਦਿਨ ਸੇਵਕ ਸਵੱਖਤੇ ਹੀ ਗੁਰੂ ਕੋਲ ਪਹੁੰਚ ਗਿਆ। ਗੁਰੂ ਕਹਿੰਦੇ ਬਈ ਉਹ ਜਿਹੜੇ ਸਾਹਮਣੇ ਦਰੱਖਤ ਆ, ਉਸ ਥੱਲੇ ਜਾ ਕੇ ਬਹਿ ਜਾ।

ਸੇਵਕ ਨੇ ਇਵੇਂ ਕੀਤਾ। ਦਰੱਖਤ ਥੱਲੇ ਜਾ ਕੇ ਬੈਠ ਗਿਆ। ਦਰੱਖਤ ਉੱਤੇ ਇਕ ਕਾਂ ਤੇ ਕਾਂਗੜੀ ਬੈਠੇ ਕਾਂ ਕਾਂ ਕਰਦੇ ਆ। ਘੰਟਾ ਦੋ ਘੰਟੇ ਬੈਠ ਕੇ ਸੇਵਕ ਗੁਰੂ ਕੋਲ ਚਲਾ ਗਿਆ।

ਗੁਰੂ ਕਹਿੰਦੇ, ਕੀ ਦੇਖਿਆ ਦਰੱਖਤ ਥੱਲੇ ਬੈਠਿਆਂ।

ਮਾਰ੍ਹਾਜ ਕੋਈ ਖਾਸ ਨੀ। ਇੱਕ ਕਾਂ ਤੇ ਕਾਂਗੜੀ ਬੈਠੇ ਕਾਂ ਕਾਂ ਕਰਦੇ ਸੀ। ਘੰਟਾ ਦੋ ਘੰਟੇ ਉਹ ਬੋਲਦੇ ਰਹੇ ਫਿਰ ਉੱਡ ਗਏ ਤੇ ਮੈਂ ਏਧਰ ਤੁਹਾਡੇ ਕੋਲ ਆ ਗਿਆ।

ਗੁਰੂ ਕਹਿੰਦੇ, ਅੱਛਾ ਇਹੀ ਕੁਝ ਦੇਖਿਆ। ਚੱਲ ਕੱਲ੍ਹ ਫਿਰ ਆ ਜਾਵੀਂ।

ਸੇਵਕ ਅਗਲੇ ਦਿਨ ਫਿਰ ਆ ਗਿਆ। ਗੁਰੂ ਨੇ ਉਸੇ ਦਰੱਖਤ ਥੱਲੇ ਬੈਠਣ ਲਈ ਕਿਹਾ। ਜਿਸ ਦਰੱਖਤ ਥੱਲੇ ਸੇਵਕ ਬੈਠਾ ਉਸੇ ਉੱਤੇ ਕਿਤਿਓਂ ਉੱਡ ਕੇ ਹੰਸ ਤੇ ਹੰਸਣੀ ਆਣ ਬੈਠੇ। ਕਾਫ਼ੀ ਚਿਰ ਹੰਸ ਤੇ ਹੰਸਣੀ ਇਕ ਦੂਜੇ ਨਾਲ ਕਲੋਲ ਕਰਦੇ ਰਹੇ ਅੰਤ ਉੱਡ ਗਏ। ਸੇਵਕ ਵੀ ਉੱਠ ਕੇ ਗੁਰੂ ਕੋਲ ਆ ਪਹੁੰਚਾ। ਗੁਰੂ ਪੁਛਦੇ, ਬੇਟਾ ਅੱਜ ਕੀ ਦੇਖਿਆ?

ਗੁਰੂ ਜੀ ਦੇਖਣਾ ਕੀ ਆ। ਕੱਲ੍ਹ ਦਰੱਖਤ ਤੇ ਕਾਂ ਤੇ ਕਾਂਗੜੀ ਬੈਠੇ ਰਹੇ ਤੇ ਅੱਜ ਹੰਸ ਤਾਂ ਹੰਸਣੀ ਇਕ ਦੂਜੇ ਨਾਲ ਕਲੋਲ ਕਰਦੇ ਰਹੇ। ਉੱਥੇ ਤਾਂ ਮਾਰ੍ਹਾਜ ਇਹੀ ਡਰਾਮਾ ਹੁੰਦਾ ਹਰ ਰੋਜ਼।

ਗੁਰੂ ਜੀ ਮੁਸਕਰਾਏ ਤੇ ਆਖਣ ਲੱਗੇ ਚੱਲ ਤੂੰ ਕੱਲ੍ਹ ਆਵੀਂ ਤੇ ਕੱਲ੍ਹ ਨੂੰ ਫਿਰ ਇਸੇ ਵਕਤ ਦਰੱਖਤ ਹੇਠ ਚਲਾ ਜਾਵੀਂ।

ਸੇਵਕ ਵਿਚਾਰਾ ਫਸਿਆ ਸੀ। ਕੀ ਕਰ ਸਕਦਾ ਸੀ। ਮਸੋਸਿਆ ਘਰ ਚਲਾ ਗਿਆ।

ਅਗਲੇ ਦਿਨ ਸਮੇਂ ਸਿਰ ਸੇਵਕ ਫਿਰ ਦਰੱਖਤ ਹੇਠ ਪਹੁੰਚ ਗਿਆ। ਉਸਨੂੰ ਦਰੱਖਤ ਥੱਲੇ ਬੈਠੇ ਨੂੰ ਅਜੇ ਥੋੜ੍ਹੀ ਦੇਰ ਹੀ ਹੋਈ ਸੀ ਕਿ ਉਸਦੀ ਨਿਗਾਹ ਦਰੱਖਤ ਤੇ ਬੈਠੇ ਮਰਦ, ਔਰਤ ਤੇ ਜਾ ਪਈ।

ਸੇਵਕ ਨੇ ਜਿਉਂ ਹੀ ਮਰਦ ਤੇ ਔਰਤ ਨੂੰ ਦੇਖਿਆ ਤਾਂ ਉਹ ਉਥੋਂ ਦੌੜ ਪਿਆ। ਸੇਵਕ ਦੇ ਮਗਰ ਈ ਮਰਦ ਤੇ ਔਰਤ ਵੀ ਦੌੜ ਪਏ। ਸੇਵਕ ਨੂੰ ਮਰਦ ਆਖਣ ਲੱਗਾ, ਓ ਭਲਿਆ ਮਾਣਸਾ ਰੁਕ ਜਾ। ਅਸੀਂ ਤੇਰੇ ਦੁਸ਼ਮਣ ਥੋੜ੍ਹੀ ਆਂ। ਰੁਕ ਜਾ ਰੱਬ ਦਾ ਵਾਸਤਾ।

ਮਰਦ ਦੀਆਂ ਮਿੰਨਤਾਂ ਤਰਲੇ ਸੁਣ ਕੇ ਸੇਵਕ ਰੁਕ ਗਿਆ। ਮਰਦ ਤੇ ਔਰਤ ਦੋਵਾਂ ਨੇ ਦੌੜ ਕੇ ਆ ਕੇ ਸੇਵਕ ਦੇ ਪੈਰ ਫੜ ਲਏ ਤੇ ਆਖਣ ਲੱਗੇ, ਤੇਰਾ ਮੁਖ ਧਨ ਹੈ। ਤੂੰ ਤਾਂ ਸਾਡੀ ਜੂਨੀ ਸਵਾਰ ਦਿੱਤੀ। ਪਹਿਲੇ ਦਿਨ ਅਸੀਂ ਕਾਂ ਤੇ ਕਾਂਗੜੀ ਸਾਂ। ਤੇਰਾ ਮੁੱਖ ਦੇਖਿਆ ਤਾਂ ਹੰਸ ਹੰਸਣੀ ਦੀ ਜੂਨੀ ਆ ਗਏ। ਅਗਲੇ ਦਿਨ ਅੱਜ ਫਿਰ ਤੇਰੇ ਦਰਸ਼ਨ ਕਰਕੇ ਸਾਨੂੰ ਖਾਕੀ ਜਾਮਾ ਮਿਲਿਆ। ਅਸੀਂ ਤੇਰਾ ਕਿੱਦਾਂ ਸ਼ੁਕਰ ਗੁਜਾਰ ਕਰੀਏ। ਤੇਰੇ ਦਰਸ਼ਨ ਕਰਕੇ ਸਾਨੂੰ ਖਾਕੀ ਮਿਲ ਗਿਆ। ਜੇ ਅਸੀਂ ਤੇਰੇ ਗੁਰੂ ਦੇ ਦਰਸ਼ਨ ਕਰ ਲੈਂਦੇ ਤਾਂ ਪਤਾ ਨੀ ਕੀ ਬਣ ਜਾਂਦੇ।

ਸੇਵਕ ਨੂੰ ਸਾਰੀ ਗੱਲ ਸਮਝ ਆ ਗਈ। ਉਸਨੇ ਦੌੜ ਕੇ ਜਾ ਕੇ ਗੁਰੂ ਦੇ ਚਰਨ ਫੜ੍ਹ ਲਏ।

### ਉਸਤਾਦ ਦੇ ਨੁਕਤੇ

ਇਕ ਸ਼ਾਹੂਕਾਰ ਦੇ ਕੋਲ ਬੜੀ ਧਨ-ਦੌਲਤ ਸੀ। ਦੁਨੀਆਂ ਦੀ ਹਰ ਸ਼ੈਅ ਉਸ ਕੋਲ ਸੀ। ਚੋਰਾਂ ਨੇ ਬੜੀਆਂ ਸਕੀਮਾਂ ਲਾਈਆਂ ਸ਼ਾਹੂਕਾਰ ਦਾ ਘਰ ਲੁੱਟਣ ਦੀਆਂ। ਪਰ ਉਹਨਾਂ ਦੀ ਪੇਸ਼ ਨਾ ਜਾਣੀ। ਸ਼ਾਹੂਕਾਰ ਨੇ ਆਪਣੇ ਘਰ ਇਕ ਬਾਘ ਵਰਗਾ ਕੁੱਤਾ ਰੱਖਿਆ ਹੋਇਆ ਸੀ। ਇਸ ਕੁੱਤੇ ਤੋਂ ਡਰਦਾ ਤਾਂ ਕੋਈ ਬੰਦਾ ਉਹਦੇ ਘਰ ਦਿਨੇਂ ਨਾ ਜਾਂਦਾ ਰਾਤ ਨੂੰ ਕਿਨ੍ਹੇ ਪੜ੍ਹੁਏ ਨੇ ਜਾਣਾ ਸੀ।

ਚੋਰਾਂ ਦੀ ਅੱਖ ਬੜੇ ਚਿਰ ਦੀ ਸ਼ਾਹੂਕਾਰ ਦੇ ਘਰ ਤੇ ਸੀ। ਉਹ ਕਹਿੰਦੇ ਆਪਾਂ ਚੋਰੀ ਤਾਂ ਇੱਥੇ ਕਰਨੀ ਕਰਨੀ ਆਂ। ਚਲੋ ਉਸਤਾਦ ਕੋਲ ਚਲਦੇ ਆਂ, ਆਪੇ ਕੋਈ ਨਾ ਕੋਈ ਸਕੀਮ ਦੱਸੂਗਾ। ਕੱਠੇ ਹੋ ਕੇ ਚੋਰਾਂ ਦਾ ਟੋਲਾ ਉਸਤਾਦ ਕੋਲ ਚਲਾ ਗਿਆ ਅਤੇ ਜਾਂਦਿਆਂ ਹੀ ਇਕ ਚੋਰ ਆਪਣੇ ਉਸਤਾਦ ਨੂੰ ਕਹਿਣ ਲੱਗਿਆ, ਉਸਤਾਦ ਜੀ ਚੋਰੀ ਕਰਨ ਲਈ ਘਰ ਤਾਂ ਅਸੀਂ ਇਕ ਲੱਭ ਲਿਆ। ਬੜਾ ਮਾਲ ਆ ਉਸ ਘਰ ਵਿਚ। ਪਰ ਮਜ਼ਬੂਰੀ ਇਕੋ ਈ ਆ ਕਿ ਕੁੱਤਾ ਬੜਾ ਜ਼ਬਰਦਸਤ ਆ ਉਸ ਘਰ। ਅਸੀਂ ਚਾਰ ਪੰਜ ਵਾਰ ਗਏ ਚੋਰੀ ਕਰਨ ਪਰ ਹਰ ਵਾਰੀ ਬਰੰਗ ਪਰਤੇ। ਕੁੱਤਾ ਮਾੜੀ ਜਿਹੀ ਬਿੜਕ ਤੇ ਹੀ ਭੌਂਕ ਭੌਂਕ ਕੇ ਮਾਲਕ ਨੂੰ ਉਠਾ ਲੈਂਦਾ। ਹੁਣ ਤੁਸੀਂ ਸਾਨੂੰ ਕੋਈ ਹੱਲ ਦੱਸੋ ਬਈ ਚੋਰੀ ਨੂੰ ਕਿੱਦਾਂ ਭਾਗ ਲੱਗਣ।

ਓਏ ਜੱਬਲ਼ੋ! ਇਹ ਵੀ ਕੋਈ ਔਖਾ ਕੰਮ ਏਂ। ਕੁੱਤੇ ਨੂੰ ਸ਼ਾਂਤ ਕਰਨ ਦਾ ਨੁਕਤਾ ਤੁਹਾਨੂੰ ਹੁਣੇ ਦੱਸ ਦਿੰਨੇ ਆਂ। ਤੁਸੀਂ ਇਕ ਗਰਮ ਕੁੱਤੀ ਦੇ ਪਸ਼ਾਬ ਨਾਲ ਲੀਰ ਭਿਉਂ ਕੇ ਸ਼ਾਹੂਕਾਰ ਦੇ ਘਰ ਦੇ ਉਸ ਰੁੱਖ ਵੱਲ ਟੰਗ ਦਿਓ ਜਿੱਧਰੋਂ ਹਵਾ ਆ ਰਹੀ ਹੋਵੇ। ਬਸ ਫਿਰ ਸਮਝੋ ਉਸ ਕੁੱਤੇ ਦਾ ਕੰਮ ਹੋ ਗਿਆ।

ਚੋਰਾਂ ਨੇ ਗੱਲ ਪੱਲੇ ਬੰਨ੍ਹ ਲਈ ਤੇ ਚੋਰੀ ਕਰਨ ਗਿਆਂ ਨੇ ਇਸੇ ਤਰ੍ਹਾਂ ਕੀਤਾ। ਉਸ ਰਾਤ ਸ਼ਾਹੂਕਾਰ ਵੀ ਘਰ ਨਹੀਂ ਸੀ। ਕੁੱਤਾ ਤਾਂ ਸਾਰੀ ਰਾਤ ਉਸ ਪਾਸੇ ਰਿਹਾ ਜਿਧਰੋਂ ਗਰਮ ਕੁੱਤੀ ਦੇ ਪਸ਼ਾਬ ਦੀ ਮਹਿਕ ਆ ਰਹੀ ਸੀ। ਕੁੱਤਾ ਸਾਰੀ ਰਾਤ ਕੁੱਤੀ ਦਾ ਇੰਤਜ਼ਾਰ ਕਰਦਾ ਰਿਹਾ ਤੇ ਇੱਧਰ ਚੋਰਾਂ ਨੇ ਪੂਰੀ ਰੂਹ ਨਾਲ ਘਰ ਸਾਫ ਕਰ ਦਿੱਤਾ। ਚੋਰ ਸਾਰਾ ਸਮਾਨ ਲੁੱਟ ਕੇ ਆਪਣੇ ਉਸਤਾਦ ਕੋਲ ਆ ਗਏ। ਲੁੱਟ ਦਾ ਢੇਰ ਸਾਰਾ ਸਮਾਨ ਦੇਖ ਕੇ ਉਸਤਾਦ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉਸਨੇ ਹੈਰਾਨ ਹੁੰਦਿਆਂ ਕਿਹਾ- ਓਏ ਇੰਨਾ ਮਾਲ।

ਉਸਤਾਦ ਜੀ, ਇਹ ਤੁਹਾਡੇ ਨੁਕਤੇ ਦਾ ਈ ਪ੍ਰਤਾਪ ਏ। ਵਿਚੋਂ ਇਕ ਚੋਰ ਬੋਲਿਆ ਤੇ ਸਾਰੇ ਠਹਾਕਾ ਮਾਰ ਕੇ ਹੱਸ ਪਏ।

### ਵਿਸ਼ਵਾਸ

ਇਕ ਵਾਰ ਇਕ ਹਿੰਦੂ ਅਤੇ ਮੁਸਲਮਾਨ ਵਿਚ ਝਗੜਾ ਹੋ ਗਿਆ। ਉਹ ਕਹਿੰਦਾ ਮੇਰਾ ਰੱਬ ਸੱਚਾ ਤੇ ਮੁਸਲਮਾਨ ਕਹਿੰਦਾ ਮੇਰਾ ਰੱਬ ਸੱਚਾ। ਦੋਵੇਂ ਪੈਰਾਂ ਤੇ ਪਾਣੀ ਨਾ ਪੈਣ ਦੇ। ਲਾਗੇ ਈ ਇਕ ਪਿੱਪਲ ਦਾ ਦਰੱਖਤ ਸੀ। ਦੋਹਾਂ ਨੇ ਸ਼ਰਤ ਲਾ ਲਈ। ਬਈ ਅਸੀਂ ਆਪਣੇ ਆਪਣੇ ਰੱਬ ਨੂੰ ਧਿਆ ਕੇ ਇਸ ਪਿੱਪਲ ਦੇ ਦਰੱਖਤ ਤੋਂ ਛਾਲ ਮਾਰਾਂਗੇ। ਦੋਹਾਂ ਵਿਚੋਂ ਛਾਲ ਮਾਰਨ ਤੋਂ ਬਾਅਦ ਜਿਹੜਾ ਸਹੀ ਸਲਾਮਤ ਬਚਿਆ ਉਸਦਾ ਰੱਬ ਸੱਚਾ ਮੰਨਿਆ ਜਾਵੇਗਾ।

ਪਹਿਲ ਮੁਸਲਮਾਨ ਦੀ ਆ ਗਈ।

ਮੁਸਲਮਾਨ ਦਰੱਖਤ ਤੇ ਚੜ੍ਹਿਆ। ਆਪਣੇ ਮੁਰਸ਼ਦ ਨੂੰ ਯਾਦ ਕੀਤਾ। ਅਖੇ ਜਾ ਅੱਲ੍ਹਾ ਮੇਰੀ ਰੱਖਿਆ ਕਰੀਂ, ਕਹਿ ਕੇ ਛਾਲ ਮਾਰ ਦਿੱਤੀ। ਮੁਸਲਮਾਨ ਨੂੰ ਕੁਝ ਨਾ ਹੋਇਆ। ਉਹ ਨੌ ਬਰ ਨੌ ਉੱਠ ਕੇ ਖੜਾ ਹੋ ਗਿਆ।

ਫੇਰ ਵਾਰੀ ਆ ਗਈ ਹਿੰਦੂ ਦੀ। ਹਿੰਦੂ ਪਿੱਪਲ ਦੇ ਦਰੱਖਤ ਤੇ ਚੜ੍ਹਿਆ। ਅੱਖਾਂ ਬੰਦ ਕਰਕੇ, ਹੱਥ ਜੋੜ ਕੇ ਕਹਿਣ ਲੱਗਾ, "ਹੇ ਰਾਮ ਮੇਰੀ ਰੱਖਿਆ ਕਰੀਂ, ਹੇ ਕ੍ਰਿਸ਼ਨ ਮੇਰੀ ਰੱਖਿਆ ਕਰੀਂ, ਹੇ ਮਾਤਾ ਮੇਰੀ ਰੱਖਿਆ ਕਰੀਂ। ਇੰਨਾ ਕਹਿ ਕੇ ਹਿੰਦੂ ਨੇ ਵੀ ਛਾਲ ਮਾਰ ਦਿੱਤੀ।

ਜਿਉਂ ਹਿੰਦੂ ਧਰਤੀ ਉੱਤੇ ਡਿੱਗਿਆ ਉਸਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਸਿਗਾ ਹਿੰਦੂ ਵੀ ਬੜਾ ਭਗਤ। ਉਸਨੇ ਫੇਰ ਪ੍ਰਮਾਤਮਾ ਅੱਗੇ ਅਰਦਾਸ ਕੀਤੀ, ਹੇ ਪ੍ਰਮਾਤਮਾ! ਇਹ ਮੇਰੇ ਨਾਲ ਅੱਜ ਕੀ ਹੋਇਆ। ਮੁਸਲਮਾਨ ਨੇ ਅੱਲ੍ਹਾ ਕਿਹਾ ਉਸਦਾ ਬਚਾਅ ਹੋ ਗਿਆ ਤੇ ਮੇਰੇ ਨਾਲ ਤੇਰਾ ਨਾਂ ਲੈਣ ਦੇ ਬਾਵਜੂਦ ਵੀ ਇਹ ਹਾਲ ਹੋਇਆ।"

ਪ੍ਰਮਾਤਮਾ ਹਿੰਦੂ ਦੀ ਗੱਲ ਸੁਣ ਕੇ ਆਪ ਹਾਜ਼ਰ ਹੋ ਗਿਆ। ਪ੍ਰਮਾਤਮਾ ਕਹਿਣ ਲੱਗਾ, "ਓ ਮੂਰਖ ਮੈਂ ਤੇਰੀ ਪ੍ਰਾਰਥਨਾ ਤੇ ਵੀ ਆਉਣ ਲੱਗਾ ਸੀ। ਮੈਂ ਪਹਿਲਾਂ ਰਾਮ ਵਾਲੇ ਕੱਪੜੇ ਪਹਿਨੇ। ਤੂੰ ਹੇ ਕ੍ਰਿਸ਼ਨਾ ਕਹਿ ਦਿੱਤਾ। ਮੈਂ ਕ੍ਰਿਸ਼ਨ ਦੇ ਭੇਸ 'ਚ ਆਉਣ ਲੱਗਾ। ਤੂੰ ਫੇਰ ਹੇ ਮਾਤਾ ਆਖ ਕੇ ਮਾਤਾ ਨੂੰ ਯਾਦ ਕਰ ਲਿਆ ਹੁਣ ਮਾਤਾ ਦੇ ਭੇਸ 'ਚ ਮੈਨੂੰ ਸਾੜ੍ਹੀ ਬੰਨ੍ਹਣ ਨੂੰ ਤਾਂ ਸਮਾਂ ਲੱਗਣਾ ਹੀ ਸੀ। ਤੂੰ ਜਦ ਨੂੰ ਛਾਲ ਮਾਰ ਦਿੱਤੀ। ਹੁਣ ਤੂੰ ਹੀ ਦੱਸ ਤੇਰਾ ਵਿਸ਼ਵਾਸ਼ ਹੀ ਨਹੀਂ ਇਕ ਥਾਂ ਟਿਕਿਆ ਤਾਂ ਮੈਂ ਤੇਰੀ ਮਦਦ ਕਿਸ ਤਰ੍ਹਾਂ ਕਰਦਾ।"

# "ਅਰੂਪੇ ਸ਼ਬਦਾਂ ਦਾ ਅਕਸ" ਦੇ ਸੰਦਰਭ ਵਿਚ ਸੁਰਿੰਦਰ ਸੀਰਤ ਦੀ ਗ਼ਜ਼ਲਗੋਈ

## ਜੰਮੂ ਵਿਖੇ ਮਿਤੀ 13-14 ਮਾਰਚ ਨੂੰ ਕੇ. ਐਲ. ਸਹਿਗਲ ਮੈਮੋਰੀਅਲ ਹਾਲ ਵਿਖੇ ਸੁਰਿੰਦਰ ਸਿੰਘ ਸੀਰਤ ਦੇ ਸਮੁੱਚੇ ਸਾਹਿਤ ਦੀ ਰਚਨਾ ਪ੍ਰਕਿਰਿਆ ਸਬੰਧੀ ਰਾਸ਼ਟਰੀ ਪੱਧਰ ਦਾ ਸੈਮੀਨਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਕੂਲ ਆਫ ਪੰਜਾਬੀ ਸਟੱਡੀਜ਼ ਵੱਲੋਂ ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਵਿਦਵਾਨ ਡਾ. ਗੁਰੂਮੇਲ ਸਿੱਧੂ ਦੁਆਰਾ ਪੜ੍ਹਿਆ ਗਿਆ ਪੇਪਰ:



ਡਾ. ਗੁਰੂਮੇਲ ਸਿੱਧੂ

ਸੱਭ ਤੋਂ ਪਹਿਲਾਂ ਮੈਂ ਸੁਰਿੰਦਰ ਸੀਰਤ ਦੀ ਗ਼ਜ਼ਲ ਪ੍ਰਤੀ ਲੰਬੀ ਪ੍ਰਤੀਵੱਧਤਾ ਨੂੰ ਸਲਾਮ ਕਰਦਾ ਹਾਂ। ਉਹ ਪਿਛਲੇ ਕਈ ਦਹਾਕਿਆਂ ਤੋਂ, ਪ੍ਰਮੁੱਖ ਤੌਰ ਤੇ, ਗ਼ਜ਼ਲ ਦੀ ਵਿਧਾ ਨਾਲ ਜੁੜਿਆ ਹੋਇਆ ਹੈ। ਇਸ ਅਰਸੇ ਦੌਰਾਨ ਉਸ ਨੇ ਅਨੇਕ ਸੌਖੀਆਂ/ਔਖੀਆਂ ਬਹਿਰਾਂ ਵਿਚ ਗ਼ਜ਼ਲਾਂ ਕਹੀਆਂ ਹਨ। ਤਕਨੀਕੀ ਪੱਖ ਵਜੋਂ ਬਹਿਰਾਂ ਦੀ ਬਣਤਰ ਸੱਤ ਰੁਕਨਾਂ ਦੇ ਸਾਲਮ ਜਾਂ ਉਨ੍ਹਾਂ ਦੇ ਕ੍ਰਮ ਪਰਵਰਤਨ ਦੀਆਂ ਭਿੰਨ-ਭਿੰਨ ਸੰਧੀਆਂ ਰਾਹੀਂ ਬੇਗਿਣਤ ਬਹਿਰਾਂ ਬਣ ਸਕਦੀਆਂ ਹਨ। ਪਰ ਕੇਵਲ 19 ਬਹਿਰਾਂ ਹੀ ਪਰਚੱਲਤ ਹਨ ਜਿਨ੍ਹਾਂ ਵਿਚੋਂ ਉਰਦੂ ਭਾਸ਼ਾ ਵਿਚ 12 ਅਤੇ ਪੰਜਾਬੀ ਵਿਚ ਕੋਈ ਪੰਜ-ਛੇ ਬਹਿਰਾਂ ਹੀ ਵਰਤੀਆਂ ਜਾਂਦੀਆਂ ਹਨ। ਪੰਜਾਬੀ ਵਿਚ ਹਜ਼ਜ (ਮੁਫਾਈਲੁਨ), ਰਮਲ (ਫਾਇਲਾਤੁਨ), ਮੁਤਕਾਰਿਬ (ਫਊਲੁਨ), ਮੁਤਦਾਰਿਕ (ਫਾਇਲੁਨ), ਰਜਜ਼ (ਮੁਸਤਫਇਲੁਨ) ਆਦਿ ਬਹਿਰਾਂ ਵਧੇਰੇ ਪ੍ਰਚੱਲਤ ਹਨ। ਸੀਰਤ ਦੀਆਂ ਪੁਸਤਕਾਂ ਵਿਚ ਹੁਣ ਤਕ ਗਿਆਰਾਂ ਬਹਿਰਾਂ ਦੀ ਵਰਤੋਂ ਕੀਤੀ ਹਈ ਹੈ ਜਿਨ੍ਹਾਂ ਵਿਚ ਰਮਲ, ਹਜ਼ਜ, ਖ਼ਫ਼ੀਫ਼, ਮੁਤਦਾਰਿਕ, ਮੁਤਕਾਰਿਬ, ਕਾਮਿਲ, ਮੁਜਾਰਿਆ, ਮੁਜਤਸ, ਰਜਜ਼, ਮੁਸ਼ਾਕਿਲ ਅਤੇ ਵਾਫ਼ਰ ਬਹਿਰਾਂ ਸ਼ਾਮਿਲ ਹਨ। ਵਿਚਾਰ ਅਧੀਨ ਪੁਸਤਕ ਵਿਚ ਉਸ ਨੇ ਨੌ ਬਹਿਰਾਂ ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਵਿਚ ਛੇ ਬਹਿਰਾਂ ਸਾਲਮ (ਹਜ਼ਜ, ਰਮਲ, ਮੁਤਕਾਰਬ, ਮੁਤਦਾਰਕ, ਕਾਮਿਲ, ਰਜਜ਼) ਹਨ ਅਤੇ ਤਿੰਨ ਵੱਖ ਵੱਖ ਬਹਿਰਾਂ ਦੇ ਕ੍ਰਮ ਪਰਵਰਤਨ (ਖਫ਼ੀਫ਼, ਮੁਜਤਸ, ਮੁਜ਼ਾਰਿਆ) ਤੋਂ ਬਣਾਈਆਂ ਹੋਈਆਂ ਹਨ। ਪੰਜਾਬੀ ਵਿਚ ਬਹੁਤ ਘੱਟ ਗ਼ਜ਼ਗੋ ਹਨ ਜਿਨ੍ਹਾਂ ਨੇ ਐਨੀਆਂ ਬਹਿਰਾਂ ਵਿਚ ਗ਼ਜ਼ਲਾਂ ਕਹੀਆਂ ਹੋਣ। ਇਸ ਲਈ ਵੀ ਸੀਰਤ ਮਾਨ ਦਾ ਪਾਤਰ ਹੈ।

ਸੀਰਤ ਦੀ ਗ਼ਜ਼ਲਗੋਈ ਬਾਰੇ ਮੈਂ ਪਹਿਲਾਂ ਕਿਤੇ ਲਿਖਿਆ ਸੀ ਕਿ ਉਸ ਦੇ ਸ਼ਿਅਰ ਜੀਵਨ ਦੀਆਂ ਸਥਾਈ ਕਦਰਾਂ ਕੀਮਤਾਂ ਦੀ ਪੈਰਵੀ ਕਰਨ ਦਾ ਦੰਮ ਭਰਦੇ ਹਨ। ਇਹ ਵੀ ਲਿਖਿਆ ਸੀ ਕਿ ਉਸ ਦੀ ਹਰ ਗ਼ਜ਼ਲ ਵਿਚ ਕੋਈ-ਨ-ਕੋਈ ਸ਼ਿਅਰ ਜ਼ਿੰਦਗੀ ਦੀ ਫਿਲੌਸਫੀ ਨੂੰ ਸਮਝਣ ਅਤੇ ਪਰਸਾਰਨ ਦਾ ਯਤਨ ਹੈ। ਪਰ ਕਈ ਵਾਰੀ ਟਕਸਾਲੀ ਅਤੇ ਢੁੱਕਵੀਂ ਪੰਜਾਬੀ ਸ਼ਬਦਾਬਲੀ ਦੀ ਘਾਟ, ਅਰਥ-ਸੰਚਾਰ ਲਈ ਸਮੱਸਿਆ ਬਣ ਜਾਂਦੀ ਹੈ। ਉਸ ਦੀਆਂ ਗ਼ਜ਼ਲਾਂ ਵਿਚ ਪੰਜਾਬੀ-ਓਰਦੂ ਦੇ ਸ਼ਬਦਾਂ ਦੀ ਮਿਲਵੀਂ-ਜੁਲਮੀਂ ਵਰਤੋਂ ਕਾਫੀ ਮਿਲਦੀ ਹੈ। ਕਿਉਂਕਿ ਪੰਜਾਬੀ ਦੇ ਵਿਹੜੇ ਵਿਚ ਗ਼ਜ਼ਲ, ਉਰਦੂ/ਫਾਰਸੀ ਦੇ ਦਰ ਥਾਣੀ ਅੰਦਰ ਬੜੀ ਹੈ, ਇਸ ਲਈ ਇਨ੍ਹਾਂ ਦੋਹਾਂ ਬੋਲੀਆਂ ਦੀ ਵਰਤੋਂ ਵਰਦਾਨ ਸਿੱਧ ਹੋ ਸਕਦੀ ਹੈ। ਪਰ ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ ਜਦ ਉਰਦੂ ਅਤੇ ਪੰਜਾਬੀ ਸ਼ਬਦਾਂ ਦੇ ਮਿਸ਼ਰਨ ਜਾਂ ਉਨ੍ਹਾਂ ਦੇ ਸ਼ਬਦ-ਜੋੜਾਂ ਵਿਚ ਬਹਿਰ ਦੇ ਵਜ਼ਨ ਨੂੰ ਪੂਰਾ ਕਰਨ ਲਈ ਤੋੜ-ਫੋੜ ਕੀਤੀ ਜਾਂਦੀ ਹੈ। ਗ਼ਜ਼ਲ ਵਿਚ ਸ਼ਬਦਾਂ ਦੀ ਤਤਭਵਤਾ ਲਈ ਥਾਂ ਹੈ, ਪਰ ਜੇ ਇਸ ਕਸਬ ਨਾਲ ਵਿਚਾਰ ਦੀ ਸਰਲਤਾ, ਸੁਭਾਵਕਤਾ ਅਤੇ ਅਰਥ-ਸੰਚਾਰ ਦੀ ਸਮੱਸਿਆ ਖੜ੍ਹੀ ਹੁੰਦੀ ਹੋਵੇ ਤਾਂ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸ਼ਿਅਰਾਂ ਵਿਚ ਮੁਰੰਮਤ ਕੀਤੇ ਹੋਏ ਜਾਂ ਸਮਾਸੀ ਸ਼ਬਦ ਨੂੰ ਪੜ੍ਹਨ ਵੇਲੇ ਕਈ ਵਾਰੀ ਰਵਾਨੀ ਵਿਚ ਅੜਚਣ ਆਉਂਦੀ ਹੈ, ਫਲਸਰੂਪ, ਪਾਠਕ ਦੀ ਸਿਮਰਤੀ ਚੋਂ ਕਿਰ ਜਾਣ ਦਾ ਖਦਸਾ ਸਹੇੜਦੇ ਹਨ। ਸੀਰਤ ਬਾਰੇ ਇਹ ਵੀ ਲਿਖਿਆ ਸੀ ਕਿ ਇਨ੍ਹਾਂ ਅੜਚਣਾਂ ਦੇ ਹੁੰਦਿਆਂ-ਸੁੰਦਿਆਂ ਉਹ ਵੀਚਾਰ ਦੀ ਪੁਖਤਗੀ ਨੂੰ ਹਮੇਸ਼ਾ ਸਾਹਮਣੇ ਰਖਦਾ ਹੈ ਇਸ ਲਈ ਉਸ ਨੂੰ "ਵਿਚਾਰ ਦੀ ਰੌਚਿਕਤਾ ਲਈ ਨਹੀਂ ਅਰਥਾਂ ਦੀ ਗੰਭੀਰਤਾ ਲਈ ਪੜ੍ਹਨਾ ਚਾਹੀਦਾ ਹੈ।" ਆਖਿਰ ਨੂੰ ਅਰਥਾਂ ਨੇ ਹੀ ਵਿਚਾਰ ਨੂੰ ਅੱਗੇ ਤੋਰਨਾ ਹੁੰਦਾ ਹੈ, ਰੂਪ ਦੂਜੇ ਨੰਬਰ ਤੇ ਚਲਿਆ ਜਾਂਦਾ ਹੈ। ਇਹ ਖਾਸੀਅਤ ਸੀਰਤ ਨੂੰ ਸਾਹਿਤਕ ਪਿੜ ਦਾ ਮਹੱਤਵਪੂਰਨ ਘੁਲਾਟੀਆ ਗਰਦਾਨਦੀ ਹੈ ਜੋ ਆਪਣੇ ਆਪ ਵਿਚ ਇਕ ਸ਼ਲਾਘਾ ਯੋਗ ਪ੍ਰਾਪਤੀ ਹੈ।

"ਅਰੂਪੇ ਅੱਖਰਾਂ ਦਾ ਅਕਸ" ਦੀਆਂ ਗ਼ਜ਼ਲਾਂ ਨੂੰ ਪੜ੍ਹ ਕੇ ਮੈਨੂੰ ਸੀਰਤ ਬਾਰੇ ਉਰੋਕਤ ਪੇਸ਼ ਕੀਤੀਆਂ ਧਾਰਨਾਵਾਂ ਵਿਚ ਕੁਝ ਤਬਦੀਲੀਆਂ ਕਰਨੀਆਂ ਪਈਆਂ ਹਨ। ਪਹਿਲੀ ਤਬਦੀਲੀ ਇਹ ਹੈ ਕਿ, ਗ਼ਜ਼ਲ ਦੀਆਂ ਪਹਿਲੀਆਂ ਪੁਸਤਕਾਂ ਦੇ ਮੁਕਾਬਲੇ ਤੇ ਇਸ ਪੁਸਤਕ ਵਿਚ ਟਕਸਾਲੀ ਪੰਜਾਬੀ ਸ਼ਬਦਾਬਲੀ ਦੀ ਵਰਤੋਂ ਵਿਚ ਵਾਧਾ ਹੋਇਆ ਹੈ, ਦੂਜੀ, ਵਿਚਾਰਾਂ ਵਿਚ ਸਪੱਸ਼ਟਤਾ ਆਈ ਹੈ ਅਤੇ ਤੀਜੀ, ਜ਼ਿੰਦਗੀ ਦੀ ਜੀਵਨ ਦੀ ਫਿਲੌਸਫੀ ਨੂੰ ਸਮਝਣ ਵਿਚ ਗੰਭੀਰਤਾ ਪ੍ਰਤੀਤ ਹੁੰਦੀ ਹੈ। ਇਨ੍ਹਾਂ ਖਾਸੀਅਤਾਂ ਦੇ ਪ੍ਰਮਾਣ ਵਿਚ, ਵੱਖ ਵੱਖ ਬਹਿਰਾਂ ਚੋਂ, ਇਕ-ਇਕ ਸ਼ਿਅਰ ਹਾਜ਼ਰ ਹੈ।

1) ਕਿਸੇ ਇਕ ਸ਼ਾਮ ਨੂੰ ਸੂਰਜ ਵੀ ਡੁੱਬਣਾ ਭੁੱਲ ਜਾਏਗਾ।
ਮਿਰਾ ਨਿਸਚਾ ਏ ਤੰਗ ਅੰਬਰ ਵੀ ਇਕ ਦਿਨ ਖੁਲ੍ਹ ਜਾਏਗਾ।
(ਹਜ਼ਜ)

2) ਮੁਕਤ ਹੋਇਆ ਹਾਂ ਜਦੋਂ ਦਾ ਦਰ, ਦਿਸ਼ਾ ਦਰਵੇਸ਼ ਕੋਲੋਂ।
ਦਿਸ ਰਹੀ ਪਰਛਾਵਿਆਂ ਦੇ ਵਣ 'ਚ ਨੂਰੋ-ਨੂਰ ਸੀਰਤ।
ਸਿਰਫ਼ਰੋਸ਼ੀ ਦੇ ਸਫ਼ਰ ਵਿਚ ਧਰ ਕੇ ਸਿਰ ਹੱਥਾਂ 'ਚ ਤੁਰਦੈ,
ਇਸ ਦੁਵੱਲੀ ਰਣ-ਘੜ੍ਹੀ ਵਿਚ ਇੰਝ ਹੈ ਮਜਬੂਰ ਸੀਰਤ।
(ਰਮਲ)

3) ਅੰਨ੍ਹੀ ਬਸਤੀ 'ਚ ਵੇਖਦਾ ਕੀ ਏਂ,
ਗੁੰਮ ਏ ਪਹਿਚਾਣ, ਭਾਲਦਾ ਕੀ ਏਂ।
ਜੀ ਸਕੇਂ ਤਾਂ ਤੂੰ ਅੱਜ ਨੂੰ ਜੀ ਲੈਅ, ਕਲ੍ਹ ਕੀ ਹੋਣਾ,
ਇਹ ਸੋਚਦਾ ਕੀ ਏਂ। (ਖ਼ਫ਼ੀਫ਼)

4) ਹਨੇਰੀ ਰਾਤ 'ਚ ਇਕ ਬੁੱਤ ਤਰਾਸ਼ ਕੇ ਲੋਅ ਦਾ
ਕਰਾਂਗਾ ਬੰਦਗੀ ਇਸ ਦੀ ਮੈਂ ਆਰਤੀ ਦੀ ਤਰ੍ਹਾਂ।
(ਮੁਜਤਸ)




5) ਰਹੇ ਮਾਣਦੇ ਲੋਅ ਮਿਰੀ, ਮੈਂ ਹਾਂ ਦੀਵਾ,
ਮੈਂ ਬੁਝ ਕੇ ਵੀ ਦੂਣੀ ਕਰਾਂ ਰੌਸ਼ਨੀ ਹੁਣ।
ਨੇ ਹੁਣ ਅੱਗ, ਪਾਣੀ ਵੀ ਦੂਸ਼ਿਤ ਹਵਾਵਾਂ,
ਰਹੀ ਨਾ ਕਿਤੇ ਸੁੱਚ, ਪਾਕੀਜ਼ਗੀ ਹੁਣ। (ਮੁਤਕਾਰਬ)

6) ਮੇਰਾ ਅਹਿਸਾਸ ਮੇਰੇ ਤੋਂ ਹੋ ਕੇ ਉਦਾਸ
ਬੇਪਰੇ ਇਕ ਪਰਿੰਦੇ ਦਾ ਪਾ ਕੇ ਲਿਬਾਸ
ਰੁੱਤ ਬਦਲਣ ਦੀ ਇਛਾ 'ਚ ਉਡਿਆ ਐਪਰ
ਆਪਣੇ ਘਰ ਤੋਂ ਹੀ ਮੈਂ ਜੁਦਾ ਹੋ ਗਿਆ। (ਮੁਤਦਾਰਕ)

7) ਮੈਂ ਵੀ ਮੌਸਮਾਂ ਦਾ ਲਿਬਾਸ ਪਾ,
ਕਿਤੇ ਗੁੰਮ ਗਿਆ ਤੇਰੇ ਸ਼ਹਿਰ ਵਿਚ,
ਨਜ਼ਰ ਆਣ ਲੋਕ ਡਰੇ ਡਰੇ,
ਹਰ ਪਾਤ ਪਾਤ ਭੈ-ਭੀਤ ਹੈ।
ਨ ਈ ਸ਼ੌਕ ਹੁਣ ਪਰਵਾਜ਼ ਦਾ,
ਨ ਕਿਸੇ ਫ਼ਲਕ ਦੀ ਉਡਾਣ ਦਾ,
ਕਿਸੇ ਹੋਰ ਨੂੰ ਮਿਰੇ ਪਰ ਮਿਲੇ,
ਇਹੋ ਖੇਡ ਹੈ ਇਹੋ ਰੀਤ ਹੈ। (ਕਾਮਿਲ)

8) ਡੁਬਦਾ ਜਦੋਂ ਏ ਸੂਰਜ, ਗੂੜ੍ਹਾ ਹਨੇਰ ਹੋਵੇ।
ਅੰਬਰ 'ਚ ਤਾਰਿਆਂ ਦਾ ਕੁਝ ਤੇਰ-ਮੇਰ ਹੋਵੇ।
ਜਦ ਰੁੱਖ ਕੋਈ ਡਿਗਦੈ, ਹਿਲਦੀ ਜ਼ਮੀਨ ਉਸ ਪਲ,
ਸੱਤਾ 'ਚ ਇਸ ਨਿਯਮ ਦਾ ਕੁਈ ਹੇਰ-ਫੇਰ ਹੋਵੇ। (ਮੁਜ਼ਾਰਿਆ)

9) ਭਰਦਾ ਰਿਹਾ ਹਾਂ ਮੈਂ ਅਗਨ, ਪਾਣੀ,
ਹਵਾ ਇਸ ਦੇਹ ਵਿਚ
ਭੀਤਰ ਜੋ ਇਸ ਦੇ ਹੈ ਖ਼ਲਾਅ,
ਮੈਂ ਉਸ ਨੂੰ ਸਕਿਆ ਭਰ ਨਹੀਂ।
ਤੂੰ ਢੂੰਡਦਾ ਫਿਰਦਾ ਹੈਂ ਜਿਸ ਨੂੰ,
ਜਿਸ ਨਗਰ, ਜਿਸ ਥਾਂ 'ਤੇ ਹੁਣ,
ਜਾਂ ਉਹ ਕਿਤੇ ਹੈ ਤੁਰ ਗਿਆ,
ਰਹਿੰਦਾ ਜਾਂ ਅਪਣੇ ਘਰ ਨਹੀਂ। (ਰਜਜ਼)

ਉਪਰੋਕਤ ਸ਼ਿਅਰਾਂ ਵਿਚ ਵਰਤੀ ਗਈ ਸ਼ਬਦਾਬਲੀ ਅਤੇ ਪ੍ਰਸਤੁੱਤ ਕੀਤੇ ਗਏ ਵਿਚਾਰ ਅਨੋਖੇ ਅਤੇ ਜੀਵਨ ਦੀਆਂ ਗਤੀਵਿਧੀਆਂ ਨਾਲ ਬਾਵਸਤਾ ਹਨ। ਪਹਿਲੇ ਸ਼ਿਅਰ ਵਿਚ ਸੂਰਜ ਦਾ ਡੁੱਬਣਾ ਅਤੇ ਅੰਬਰ ਦਾ ਖੁਲ੍ਹਣਾ, ਕੌਸਮੌਲੋਜੀ ਦੇ ਸਿਧਾਂਤ ਨੂੰ ਪ੍ਰਗਟਾਉਂਦਾ ਹੈ ਕਿ ਸੂਰਜ ਦੀ ਊਰਜਾ ਖਤਮ ਹੋ ਜਾਵੇਗੀ ਅਤੇ ਅੰਬਰ ਹੋਰ ਵੀ ਫੈਲ ਜਾਵੇਗਾ। ਬਿੱਗ ਵੈਂਗ ਦੇ ਸਿਧਾਂਤ ਅਨੁਸਾਰ ਸਿਆਰੇ ਅਤੇ ਸਿਤਾਰੇ ਇਕ ਦੂਜੇ ਤੋਂ ਦੂਰ ਜਾ ਰਹੇ ਹਨ ਅਤੇ ਹੌਲੀ ਹੌਲੀ ਅੰਨ੍ਹੀ ਗਲੀ (Black hole) ਦਾ ਚਾਰਾ ਬਣ ਜਾਣਗੇ। ਦੂਜੇ ਸ਼ਿਅਰ ਵਿਚ ਪਰਛਾਵਿਆਂ ਦੇ ਵਣ 'ਚ ਨੂਰੋ ਨੂਰ ਹੋਕੇ ਸਿਰਫਰੋਸ਼ੀ ਦੇ ਸਫ਼ਰ 'ਤੇ ਤੁਰਨ ਨੂੰ ਜ਼ਿੰਦਗੀ ਦੀ ਦੁਵੱਲੀ ਰਣ-ਨੀਤੀ ਨਾਲ ਅਲੰਕਾਰਿਤ ਕੀਤਾ ਗਿਆ ਹੈ। ਇਹ ਵਿਚਾਰ ਸਮਕਾਲੀ ਜੀਵਨ ਦੀ ਰਾਜਨੀਤਕ ਤਰਾਸਦੀ ਦਾ ਸੂਚਕ ਹੈ। ਤੀਜੇ ਅਤੇ ਚੌਥੇ ਸ਼ਿਅਰਾਂ ਵਿਚ ਦੂਜੇ ਸ਼ਿਅਰ ਵਰਗੇ ਵਿਚਾਰ ਨੂੰ ਤੂਲ ਦਿੱਤੀ ਗਈ ਹੈ। ਪੰਜਵੇਂ ਸ਼ਿਅਰ ਵਿਚ ਮਨ ਦੀ ਅਤੇ ਪ੍ਰਕਿਰਤੀ ਦੀ ਪਲੂਸ਼ਨ ਬਾਰੇ ਫਿਕਰ ਜ਼ਾਹਿਰ ਕੀਤਾ ਗਿਆ ਹੈ। ਛੇਵੇਂ ਅਤੇ ਸੱਤਵੇਂ ਸ਼ਿਅਰਾਂ ਵਿਚ ਪ੍ਰਵਾਸ ਦਾ ਦੁੱਖ ਹੈ ਅਤੇ ਬੇਬਸੀ ਨੂੰ ਪ੍ਰਗਟਾਇਆ ਗਿਆ ਹੈ। ਅੱਠਵੇਂ ਸ਼ਿਅਰ ਵਿਚ ਰਾਜਨੀਤੀ ਦੀ ਕੁਢਵੀ ਚਾਲ ਤੇ ਤਨਜ਼ ਹੈ। ਨੌਵੇਂ ਸ਼ਿਅਰ ਵਿਚ ਮਾਡਰਨ ਬੰਦੇ ਦੇ ਅੰਦਰ ਪੱਸਰੇ ਰਹੇ ਖ਼ਿਲਾਅ ਅਤੇ ਇਕੱਲਤਾ ਨੂੰ ਬਹੁਤ ਹੀ ਮਾਰਮਿਕ ਸ਼ਬਦਾਂ ਰਾਹੀਂ ਬਿਆਨ ਕੀਤਾ ਗਿਆ ਹੈ। ਇਨ੍ਹਾਂ ਸਾਰੇ ਸ਼ਿਅਰਾਂ ਵਿਚ, ਸਿੱਧੇ ਜਾਂ ਅਸਿੱਧੇ ਤੌਰ ਤੇ, ਇਨਸਾਨ ਦੀਆਂ ਸਥਾਈ ਕਦਰਾਂ ਕੀਮਤਾਂ ਵਿਚ ਆ ਰਹੇ ਨਿਘਾਰ ਤੇ ਚੋਟ ਕੀਤੀ ਗਈ ਹੈ। ਇਹੋ ਕਲਿਆਣ ਕਾਰੀ ਸਹਿਤ ਦਾ ਮੁੱਖ ਮੰਤਵ ਹੋਣਾ ਚਾਹੀਦਾ ਹੈ।

ਪੰਜਾਬੀ ਗ਼ਜ਼ਲਗੋ ਅਕਸਰ ਦੋ ਬਹਿਰਾਂ, ਹਜ਼ਜ (ਮੁਫਾਈਲੁਨ) ਅਤੇ ਰਮਲ (ਫਾਇਲਾਤੁਨ), ਦੀ ਵਰਤੋਂ ਵਧੇਰੇ ਕਰਦੇ ਹਨ। ਟੋਨਲ ਭਾਸ਼ਾ ਹੋਣ ਦੇ ਨਾਤੇ ਇਨ੍ਹਾਂ ਦੋ ਬਹਿਰਾਂ ਦਾ ਤੋਲ, ਲੈਅ ਅਤੇ ਧੁਨੀ-ਪ੍ਰਬੰਦ ਪੰਜਾਬੀ ਸੁਭਾ ਤੇ ਵਧੇਰੇ ਅਨੁਕੂਲ ਹੈ।ਸੀਰਤ ਨੇ ਵੀ ਵਧੇਰੇ ਸ਼ਿਅਰ ਇਨ੍ਹਾਂ ਦੋ ਬਹਿਰਾਂ ਵਿਚ ਹੀ ਕਹੇ ਹਨ। ਬਾਕੀ ਦੀਆਂ ਬਹਿਰਾਂ ਵਿਚ ਕੇਵਲ 3-4 ਸ਼ਿਅਰ ਹੀ ਕਹੇ ਹਨ। ਇਨ੍ਹਾਂ ਬਹਿਰਾਂ ਦੇ ਸ਼ਿਅਰਾਂ ਵਿਚ ਸੀਰਤ ਦੀ ਵਿਚਾਧਾਰਾ ਨਵੀਂ ਵੀ ਹੈ, ਪੁਖਤਾ ਵੀ ਅਤੇ ਰੌਚਕ ਵੀ।

ਆਖੀਰ ਵਿਚ ਗ਼ਜ਼ਲ ਦੇ ਰੂਪ ਅਤੇ ਵਿਸ਼ੇ ਬਾਰੇ ਵਿਚਾਰ ਪੇਸ਼ ਕਰਨਾ ਚਾਹਵਾਂਗਾ। ਅੰਗ੍ਰੇਜ਼ੀ ਦੀ ਮਨੌਤ ਹੈ: Form is an extension of content ਅਰਥਾਤ, ਵਿਸ਼ਾ, ਆਪਣਾ ਰੂਪ ਖੁਦ ਸਿਰਜਦਾ ਹੈ। ਬਸ਼ਰਤੇ ਕਿ ਅਨੁਭਵ ਸੱਚਾ-ਸੁੱਚਾ ਹੋਵੇ। ਇਹ ਮਨੌਤ ਕਵਿਤਾ ਤੇ ਬਖੂਬੀ ਲਾਗੂ ਹੁੰਦੀ ਹੈ, ਪਰ ਗ਼ਜ਼ਲ ਦੇ ਸੰਬੰਧ ਵਿਚ ਇਸ ਮਨੌਤ ਨੂੰ ਪੁੱਠਾ ਕਰਕੇ ਪੜ੍ਹਨਾ ਪਵੇਗਾ: Content is an extension of form ਕਿਉਂਕਿ ਰੂਪ ਪੱਖੋਂ ਗ਼ਜ਼ਲ ਬਹਿਰਾਂ ਦੀ ਪਾਬੰਦ ਹੈ ਜਿਨ੍ਹਾਂ ਅਨੁਸਾਰ ਵਿਸ਼ੇ ਨੂੰ ਢਾਲਿਆ ਜਾਂਦਾ ਹੈ। ਇਹ ਇਕ ਪਰਕਾਰ ਨਾਲ ਵਿਸ਼ੇ ਨੂੰ ਕਲਬੂਤ ਦੇਣ ਵਾਲੀ ਗੱਲ ਹੈ। ਇੰਝ ਕਰਨ ਨਾਲ ਵਿਸ਼ੇ ਦੀ ਵਿਆਪਕਤਾ ਮਾਰੀ ਜਾਂਦੀ ਹੈ। ਅਜਿਹਾ ਓਦੋਂ ਹੁੰਦਾ ਹੈ ਜਦ ਗ਼ਜ਼ਲਗੋ ਵਿਚਾਰ ਨੂੰ ਛਾਂਗ ਕੇ ਬਹਿਰਾਂ ਦੇ ਮੇਚ ਕਰਦੇ ਹਨ। ਇਉਂ ਭਾਸਦਾ ਹੈ ਕਿ ਬਹੁਤੀ ਪੰਜਾਬੀ ਗ਼ਜ਼ਲ ਤਕਨੀਕ ਦੀ ਗੁਲਾਮ ਬਣ ਕੇ ਰਹਿ ਗਈ ਹੈ, ਫਲਸਰੂਪ, ਬਹੁਤੀ ਗ਼ਜ਼ਲ ਰਚੀ ਹੋਈ ਨਹੀਂ ਬਣਾਈ ਹੋਈ ਪ੍ਰਤੀਤ ਹੁੰਦੀ ਹੈ। ਇਸ ਰਟ ਚੋਂ ਕਿੱਦਾਂ ਨਿਕਲਿਆ ਜਾ ਸਕਦਾ ਹੈ। ਮੇਰੇ ਕੁਝ ਸੁਝਾ ਹਨ:

1. ਲਿਖਣ ਸਮੇਂ ਬਹਿਰ ਨਾਲੋਂ ਵਿਚਾਰ ਦੀ ਸੁਭਾਵਕਤਾ ਨੂੰ ਮੁੱਖ ਰੱਖਿਆ ਜਾਵੇ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਅਨੁਭਵ ਪੁਖਤਾ ਹੋਵੇ। ਸਚੇ ਅਨੁਭਵ ਵਾਲਾ ਸ਼ਿਅਰ ਕੁ-ਦਰਤਨ ਕਿਸੇ ਬਹਿਰ ਦੇ ਪੈਟਰਨ ਵਿਚ ਢਲ ਜਾਂਦਾ। ਜੇ ਲੋੜ ਪਵੇ ਤਾਂ ਇਸ ਵਿਚ ਲੋੜ ਅਨੁਸਾਰ ਸੁਧਾਈ ਕਰਕੇ ਬਹਿਰ ਵਿਚ ਫਿੱਟ ਕੀਤਾ ਜਾ ਸਕਦਾ ਹੈ। ਸੀਰਤ ਇਸ ਮਸਲੇ ਬਾਰੇ ਚੇਤਨ ਅਤੇ ਸੁਚੇਤ ਹੈ।

2. ਗ਼ਜ਼ਲ ਲਿਖਣ ਲਈ ਵਿਸ਼ਾਲ ਸ਼ਬਦਾਵਲੀ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇ ਕੋਈ ਢੁਕਵਾਂ ਸ਼ਬਦ ਰੁਕਨ ਵਿਚ ਫਿੱਟ ਨਾ ਬੈਠੇ ਤਾਂ ਤੁਹਾਡੇ ਪਾਸ ਉਸ ਦਾ ਯੋਗ ਬਦਲ ਹੋਣਾ ਚਾਹੀਦੀ, ਭਾਵੇਂ ਇਹ ਬਦਲ ਕਿਸੇ ਹੋਰ ਭਾਸ਼ਾ ਦੇ ਸ਼ਬਦਾਂ ਰਾਹੀਂ ਕੀਤਾ ਜਾਵੇ। ਸੀਰਤ ਕਈ ਬਾਰੀ ਠੇਠ ਪੰਜਾਬੀ ਸ਼ਬਦਾਂ ਦੀ ਥਾਂ ਉਰਦੂ-ਫਾਰਸੀ ਦੇ ਲਫ਼ਜ਼ਾਂ ਦੀ ਵਰਤੋਂ ਕਰਦਾ ਹੈ। ਇਹ ਕਸਬ, ਵਰ ਵੀ ਹੈ 'ਤੇ ਸਰਾਪ ਵੀ ਹੈ। ਵਰ ਇਸ ਲਈ ਕਿ ਗ਼ਜ਼ਲ ਦੇ ਤਕਨੀਕੀ ਪੱਖ ਦੇ ਨਾਲ ਨਾਲ ਭਾਵਾਰਥ ਪੱਖ ਨੂੰ ਚਮਕਾਇਆ ਜਾ ਸਕਦਾ ਹੈ। ਸਰਾਪ ਇਸ ਲਈ ਕਿ ਪੰਜਾਬੀ ਗ਼ਜ਼ਲ, ਉਰਦੂ ਭਾਸ਼ਾ ਦੀ ਸਾ-ਉਪਜ ਹੋਣ ਦਾ ਖਦਸਾ ਸਹੇੜਦੀ ਹੈ।

3. ਬਹਿਰ ਨੂੰ ਮਿੱਥ ਕੇ ਗ਼ਜ਼ਲ ਸ਼ੁਰੂ ਨਹੀਂ ਕਰਨੀ ਚਾਹੀਦੀ, ਸਗੋਂ ਸ਼ਿਅਰ ਲਿਖ ਕੇ ਬਹਿਰ ਦੀ ਅਨੁਕੂਲਤਾ ਵਲ ਧਿਆਨ ਦੇਣਾ ਚਾਹੀਦਾ ਹੈ।ਸੀਰਤ ਦੀਆਂ ਬਹੁਤੀਆਂ ਗ਼ਜ਼ਲਾਂ ਨੂੰ ਪੜ੍ਹਨ ਉਪ੍ਰੰਤ ਇਹ ਮਹਿਸੂਸ ਹੁੰਦਾ ਹੈ ਕਿ ਉਹ ਬਹਿਰ ਨੂੰ ਮੁੱਖ ਰਖਕੇ ਗ਼ਜ਼ਲ ਨਹੀਂ ਕਹਿੰਦਾ, ਗ਼ਜ਼ਲਾਂ ਨੂੰ ਲਿਖਣ ਉਪਰੰਤ ਉਨ੍ਹਾਂ ਦਾ ਵਰਗੀਕਰਨ ਸੰਬੰਧਤ ਬਹਿਰਾਂ ਹੇਠ ਕਰਦਾ ਹੈ। ਇਸ ਤੱਥ ਦਾ ਪ੍ਰਮਾਣ ਉਸ ਦੀਆਂ ਕਾਵਿ ਪੁਸਤਕਾਂ ਵਿਚ ਬਹਿਰਾਂ ਨੂੰ ਵੱਖ ਵੱਖ "ਘਰਾਂ" ਹੇਠ ਅੰਕਿਤ ਕਰਨ ਤੋਂ ਮਿਲਦਾ ਹੈ।

4. ਸ਼ਿਅਰ ਦੀ ਸਾਦਗੀ ਨੂੰ ਮੁੱਖ ਰੱਖਿਆ ਜਾਣਾ ਚਾਹੀਦਾ ਹੈ। ਅਰਥਾਤ, ਸ਼ਿਅਰ ਨੂੰ ਭਾਵਕ ਤੋਂ ਉਪਭਾਵਕ ਬਨਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਕਿਉਂਕਿ ਉਪਭਾਵਕਤਾ ਬਨਾਉਟੀਪਣ ਪੈਦਾ ਕਰਦੀ ਹੈ। ਭਾਵਕਤਾ ਉਸ ਵੇਲੇ ਉਪਭਾਵਕਤਾ ਵਿਚ ਤਬਦੀਲ ਹੁੰਦੀ ਹੈ ਜਦ ਸ਼ਿਅਰ ਦੀ ਭਾਸ਼ਾਈ ਬਣਤਰ ਨੂੰ ਕਿਰਿਆਸ਼ੀਲ (Active) ਤੋਂ ਸੁਸਤ (Passive) ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸੀਰਤ ਇਸ ਪੱਖੋਂ ਬਖੂਬੀ ਚੇਤਨ ਹੈ।


5. ਸ਼ਬਦਾਂ ਨੂੰ ਬਹਿਰ ਵਿਚ ਫਿੱਟ ਕਰਨ ਲਈ ਉਨ੍ਹਾਂ ਦੇ ਤਤਭਵ (Modified) ਰੂਪਾਂ ਨਾਲੋਂ ਤਤਸਮ (Original) ਰੂਪਾਂ ਨੂੰ ਵਰਤਣਾ ਚਾਹੀਦੀ ਹੈ ਕਿਉਂਕਿ ਬਹੁਤੇ ਪਾਠਕ ਤਤਭਵ ਸ਼ਬਦਾਂ ਤੋਂ ਜਾਣੂ ਨਹੀਂ ਹੁੰਦੇ।

ਉਰਦੂ-ਫਾਰਸੀ ਸ਼ਬਦਾਬਲੀ ਵਿਚ ਲਫਜ਼ਾਂ ਦੇ ਤਤਭਵ ਰੂਪਾਂ ਨਾਲੋਂ ਤਤਸਮ ਰੂਪ ਵਧੇਰੇ ਮਿਲਦੇ ਹਨ। ਪੰਜਾਬੀ ਭਾਸ਼ਾ ਵਿਚ ਇਸ ਤੋਂ ਉਲਟ ਹੈ। ਸੀਰਤ ਦੀਆਂ ਗ਼ਜ਼ਲਾਂ ਵਿਚ ਉਰਦੂ-ਫਾਰਸੀ ਸ਼ਬਦਾਂ ਦੀ ਯੋਗ ਵਰਤੋਂ ਹੋਣ ਕਰਕੇ ਇਹ ਕਸਬ ਉਸ ਲਈ ਵਰਦਾਨ ਸਿੱਧ ਹੋਇਆ ਹੈ।

6. ਗ਼ਜ਼ਲ ਵਿਚ ਸਰਲ ਅਤੇ ਸਾਦੇ ਸ਼ਿਅਰਾਂ ਰਾਹੀਂ ਵਿਅਕਤ ਕੀਤਾ ਹੋਇਆ ਵਿਚਾਰ, ਵਧੇਰੇ ਪੁਖਤਾ, ਚਿਰਜੀਵਾ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ। ਇਸ ਪੱਖੋਂ ਸੀਰਤ ਦੀਆਂ ਗ਼ਜ਼ਲਾਂ ਵਿਚ ਸਲਾਹੁਣ ਯੋਗ ਉੱਦਮ ਮਿਲਦਾ ਹੈ।

ਸਮੁੱਚੇ ਤੌਰ ਤੇ ਸੁਰਿੰਦਰ ਸੀਰਤ ਦੀ ਗ਼ਜ਼ਗੋਈ ਇਕ ਅਜੇਹੇ ਮਕਾਮ ਤੇ ਪਹੁੰਚ ਗਈ ਹੈ ਜਿਸ ਦੇ ਆਧਾਰ ਤੇ ਉਸ ਨੂੰ ਪੰਜਾਬੀ ਦਾ ਕੁਸ਼ਲ ਗ਼ਜ਼ਲਗੋ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।ਇਸ ਕਥਨ ਦੀ ਪੁਸ਼ਟੀ ਪੰਜਾਬੀ ਦੇ ਨਿਪੁੰਨ ਅਤੇ ਉੱਘੇ ਗ਼ਜ਼ਲਗੋ, ਸਵਰਗਵਾਸੀ ਜਗਤਾਰ, ਵਲੋਂ ਸੀਰਤ ਨੂੰ "ਬਾਕਮਾਲ ਸ਼ਾਇਰ" ਕਹਿਣ ਤੋਂ ਭਲੀਭਾਂਤ ਹੁੰਦੀ ਹੈ।

## 'ਆਪ' ਵਿਚ ਆਪਾ-ਧਾਪੀ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਵੱਜੇ ਡੁਗ ਡੁਗੀ ਹੋ ਜਾਵੇ ਭੀੜ 'ਕੱਠੀ
ਆਉਣੀ ਚਾਹੀਦੀ 'ਕਲਾ' ਮਦਾਰੀਆਂ ਦੀ
ਭ੍ਰਿਸ਼ਟਾਚਾਰ ਵਿਚ 'ਚਮਕਦਾ' ਨਾ ਹੋਵੇ
ਲੰਬੀ ਲਿਸਟ ਵੀ ਹੋਵੇ ਗੱਦਾਰੀਆਂ ਦੀ।
ਰੇਤਾ-ਬਜਰੀਆਂ-ਲੋਹਾ ਸਭ ਹਜ਼ਮ ਹੋਵੇ
ਖ਼ਸਲਤ ਹੋਵੇ ਕੁਰੱਪਟ 'ਵਪਾਰੀਆਂ' ਦੀ।
ਗਾਉਂਦਾ ਰਹੇ ਵਿਕਾਸ ਦੀ 'ਰਾਗਣੀ' ਨੂੰ
ਕੱਢੇ ਭਾਫ ਨਾ ਬਾਹਰ ਖੁਆਰੀਆਂ ਦੀ।'
'ਜ਼ਿੰਦਾਬਾਦ!' ਕਰਵਾਉਣ ਲਈ ਨਾਲ ਹੋਵੇ
ਹੇੜ੍ਹ ਬੋ.ਲੇ ਤੇ ਮੂਜ਼ੀ ਦਰਬਾਰੀਆਂ ਦੀ।
ਕਿਸੇ 'ਆਮ' ਦੇ ਵੱਸ ਦਾ ਰੋਗ ਕਿੱਥੇ?
ਸਿਆਸਤ ਖੇਡ ਹੈ 'ਖਾਸ' ਖਿਡਾਰੀਆਂ ਦੀ!

# ਅਮਰੀਕੀ ਰਿਸ਼ਵਤ ਕਾਂਡ: ਕਾਮਤ ਵੱਲੋਂ ਮੰਤਰੀਆਂ ਦੀ ਸ਼ਮੂਲੀਅਤ ਤੋਂ ਇਨਕਾਰ

**ਪਣਜੀ**- ਗੋਆ ਦੇ ਸਾਬਕਾ ਮੁੱਖ ਮੰਤਰੀ ਦਿਗੰਬਰ ਕਾਮਤ ਨੇ ਸਾਲ 2009 ਵਿੱਚ ਅਮਰੀਕੀ ਕੰਪਨੀ ਦੀ ਸ਼ਮੂਲੀਅਤ ਵਾਲੇ ਕਥਿਤ ਰਿਸ਼ਵਤ ਕਾਂਡ 'ਚ ਆਪਣੇ ਕਿਸੇ ਵੀ ਮੰਤਰੀ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਸ੍ਰੀ ਕਾਮਤ ਨੇ ਕਿਹਾ ਕਿ ਜਪਾਨ ਇੰਟਰਨੈਸ਼ਨਲ ਕਾਰਪੋਰੇਸ਼ਨ ਏਜੰਸੀ ਪ੍ਰਾਜੈਕਟ ਲਈ ਸਾਰੇ ਟੈਂਡਰ ਕੇਂਦਰੀ ਪਬਲਿਕ ਵਰਕਸ ਵਿਭਾਗ ਦੇ ਨਿਯਮਾਂ ਮੁਤਾਬਕ ਜਾਰੀ ਕੀਤੇ ਗਏ ਸਨ। ਸਾਲ 2009 ਵਿੱਚ ਦਿਗੰਬਰ ਕਾਮਤ ਗੋਆ ਦੇ ਮੁੱਖ ਮੰਤਰੀ ਸਨ। ਪੀਟੀਆਈ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਟੈਂਡਰ ਲਈ ਐਸਟੀਮੇਟ ਤੈਅ ਕਰਨ ਵੇਲੇ ਹੀ ਰਾਜ ਦੇ ਕਿਸੇ ਵਿਭਾਗ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਐਸਟੀਮੇਟ ਤੈਅ ਹੋਣ ਤੋਂ ਵਾਅਦ ਕਿਸੇ ਵੀ ਮੰਤਰੀ ਵੱਲੋਂ ਦਖ਼ਲ ਦੇਣ ਦੀ ਸੰਭਾਵਨਾ ਖ਼ਤਮ ਹੋ ਜਾਂਦੀ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਗੋਆ ਵਿੱਚ ਪਾਣੀ ਅਤੇ ਸੀਵਰੇਜ ਵਿਕਾਸ ਪ੍ਰਾਜੈਕਟ ਲਈ ਸਭ ਤੋਂ ਘੱਟ ਬੋਲੀ ਜਾਪਾਨ ਦੇ ਕਨਸੌਰਟੀਅਮ ਨੇ ਲਾਈ ਸੀ। ਉਨ੍ਹਾਂ ਕਿਹਾ ਕਿ ਕਥਿਤ ਤੌਰ 'ਤੇ ਕੋਈ ਵੀ ਦੋਸ਼ ਲਾ ਸਕਦਾ ਹੈ ਕਿ ਮੰਤਰੀ ਨੂੰ ਪੈਸੇ ਦਿੱਤੇ ਗਏ ਹਨ ਪਰ ਇਸ ਨੂੰ ਸਾਬਤ ਕਰਨ ਲਈ ਠੋਸ ਆਧਾਰ ਹੋਣਾ ਚਾਹੀਦਾ ਹੈ। ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਕੱਲ੍ਹ ਕਿਹਾ ਸੀ ਕਿ ਅਮਰੀਕੀ ਕੰਪਨੀ ਲੂਈਸ ਬਰਜਰ ਦੀ ਸ਼ਮੂਲੀਅਤ ਵਾਲੇ ਕਥਿਤ ਰਿਸ਼ਵਤ ਕਾਂਡ ਵਿੱਚ ਗੋਆ ਦੇ ਦੋ ਸਾਬਕਾ ਮੰਤਰੀ ਸ਼ਾਮਲ ਹੋ ਸਕਦੇ ਹਨ। ਸ੍ਰੀ ਪਰੀਕਰ ਅਤੇ ਗੋਆ ਦੇ ਮੁੱਖ ਮੰਤਰੀ ਲਕਸ਼ਮੀਕਾਂਤ ਪਰਸੇਕਰ ਨੇ ਦੋਸ਼ਾਂ ਦੀ ਤਹਿ ਤੱਕ ਜਾਣ ਲਈ ਸੀਬੀਆਈ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਸੀ। ਲੂਈਸ ਬਰਜਰ 'ਤੇ ਗੋਆ ਅਤੇ ਗੁਹਾਟੀ ਵਿੱਚ ਜਲ ਵਿਕਾਸ ਪ੍ਰਾਜੈਕਟ ਹਾਸਲ ਕਰਨ ਲਈ ਭਾਰਤੀ ਅਧਿਕਾਰੀਆਂ ਨੂੰ ਕਰੋੜਾਂ ਰੁਪਏ ਰਿਸ਼ਵਤ ਦੇਣ ਦੇ ਦੋਸ਼ ਲੱਗੇ ਹਨ। ਕੱਲ੍ਹ ਮਡਗਾਓ ਵਿੱਚ ਭਾਜਪਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਪਰੀਕਰ ਨੇ ਕਿਹਾ ਸੀ,"ਪ੍ਰਾਜੈਕਟ ਜਪਾਨ ਇੰਟਰਨੈਸ਼ਨਲ ਵੱਲੋਂ ਦਿੱਤੇ ਗਏ ਫੰਡ 'ਤੇ ਆਧਾਰਤ ਸੀ ਅਤੇ ਤਤਕਾਲੀ ਪੀਡਬਲਿਊਡੀ ਮੰਤਰੀ ਇਸ 'ਚ ਸ਼ਾਮਲ ਹੋ ਸਕਦੇ ਹਨ। ਵਿੱਤੀ ਪ੍ਰਵਾਨਗੀ ਲੈਣ ਕਰ ਕੇ ਇਹ ਸੰਭਾਵਨਾ ਵੀ ਹੈ ਕਿ ਇਕ ਹੋਰ ਮੰਤਰੀ ਇਸ ਕਾਂਡ ਨਾਲ ਜੁੜਿਆ ਹੋਵੇ।" ਉਨ੍ਹਾਂ ਕਿਹਾ ਸੀ ਕਿ ਸੀਬੀਆਈ ਜਾਂਚ ਹੀ ਇਸ ਮਾਮਲੇ ਬਾਰੇ ਸਾਰਾ ਸੱਚ ਸਾਹਮਣੇ ਲਿਆ ਸਕਦੀ ਹੈ। ਮੁੱਖ ਮੰਤਰੀ ਪਰਸੇਕਰ ਨੇ ਕਿਹਾ ਸੀ ਕਿ ਇਹ ਕੌਮਾਂਤਰੀ ਮਾਮਲਾ ਹੈ ਅਤੇ ਗੋਆ ਪੁਲੀਸ ਜਾਂਚ ਨਹੀਂ ਕਰ ਸਕਦੀ।

# ਪੰਜਾਬੀ ਗ਼ਜ਼ਲਗੋ: ਅਰੂਜ਼ ਦੇ ਕੈਦੀ



ਡਾ. ਗੁਰੂਮੇਲ ਸਿੱਧੂ
001-559-250-1790

ਸਾਹਿਤ ਵਿਚ ਵਿਸ਼ੇ ਅਤੇ ਰੂਪ ਦੀ ਸੰਧੀ ਬਾਰੇ ਅੰਗ੍ਰੇਜ਼ੀ ਦੇ ਕਵੀ ਅਤੇ ਚਿੰਤਕ, ਚਾਰਲਜ਼ ਓਲਸਨ (Charles Olson), ਦਾ ਮੱਤ ਹੈ, "Form is never more than an extension of content." ਅਰਥਾਤ, ਰੂਪ ਕਦੇ ਵੀ ਵਿਸ਼ੇ ਤੋਂ ਬਾਹਰਾ ਨਹੀਂ ਹੁੰਦਾ, ਜਾਂ ਕਹਿ ਲਉ ਕਿ ਰੂਪ ਵਿਸ਼ੇ ਦਾ ਅੰਗੀਕਾਰ ਹੈ। ਪਰ ਗ਼ਜ਼ਲ ਦੇ ਸੰਬੰਧ ਵਿਚ ਓਲਸਨ ਦੇ ਮੱਤ ਨੂੰ ਪੁੱਠਾ ਕਰਕੇ ਪੜ੍ਹਨਾ ਪਵੇਗਾ: Content is never more than an extension of form. ਭਾਵ ਇਹ ਕਿ, ਵਿਸ਼ਾ ਕਦੇ ਵੀ ਰੂਪ ਤੋਂ ਬਾਹਰਾ ਨਹੀਂ ਹੁੰਦਾ, ਅਰਥਾਤ, ਵਿਸ਼ਾ ਰੂਪ ਦਾ ਤਾਬਿਆਦਾਰ ਹੈ। ਸਿੱਧੇ ਸ਼ਬਦਾਂ ਵਿਚ ਰੂਪ ਵਿਸ਼ੇ ਨੂੰ ਖਿੱਚ ਧੂ ਕੇ ਆਪਣੇ ਮੇਚ ਕਰ ਲੈਂਦਾ ਹੈ। ਕਾਰਨ ਇਹ ਹੈ ਕਿ ਗ਼ਜ਼ਲ ਦੀਆਂ ਬਹਿਰਾਂ ਦਾ ਰੂਪ ਨਿਸਚਿੱਤ (Fixed) ਹੈ ਜੋ ਅੱਠ ਅਰਕਾਨਾਂ ਦੇ ਸਾਲਮ ਜਾਂ ਕ੍ਰਮ ਪ੍ਰਵਰਤਨ (Permutation) ਰਾਹੀਂ ਬਣਦੀਆਂ ਹਨ। ਇਹ ਧਾਰਨਾ ਬਣੇ ਬਣਾਏ ਸੱਚੇ (Pattern) ਵਿਚ ਇੱਟਾਂ ਪੱਥਣ ਵਾਂਗ ਹੈ। ਪੰਜਾਬੀ ਸਾਹਿਤ ਵਿਚ ਬਹੁਤੀ ਗ਼ਜ਼ਲ ਇੱਟਾਂ ਵਾਂਗ ਪੱਥੀ ਹੋਈ ਜਾਪਦੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ, ਕੀ ਸਦੀਆਂ ਤੋਂ ਚਲੀ ਆਉਂਦੀ ਗ਼ਜ਼ਲ ਦੀ ਪ੍ਰੰਪਰਾ, "ਇਕ ਸ਼ਿਅਰ-ਇਕ ਵਿਚਾਰ" ਨੂੰ ਤਲਾਂਜਲੀ ਦੇ ਦੇਣੀ ਚਾਹੀਦੀ ਹੈ? ਬਿਲਕੁੱਲ ਨਹੀਂ; ਇਸ ਨੂੰ ਰੂਪ ਦੀ ਪ੍ਰਮੁੱਖਤਾ ਚੋਂ ਕੱਢ ਕੇ, ਵਿਸ਼ਾ ਪ੍ਰਧਾਨ ਬਣਾਉਣ ਦੀ ਲੋੜ ਹੈ ਜਿਸ ਵਿਚ ਵਿਚਾਰ ਦੀ ਗਹਿਰਾਈ ਤੇ ਬਲ ਦਿੱਤਾ ਜਾਵੇ। ਅਜੇਹੀ ਗ਼ਜ਼ਲ ਲਿਖਣ ਲਈ ਗ਼ਹਿਰ ਗੰਭੀਰ ਅਨੁਭਵ ਅਤੇ ਫਿਲਾਸਫਰਾਂ ਵਰਗੀ ਸੋਚ ਦੀ ਲੋੜ ਹੈ। ਕਿਸੇ ਅਨੁਭਵੀ ਗ਼ਜ਼ਲਗੋ ਲਈ ਗ਼ਜ਼ਲ ਦਾ ਤਕਨੀਕੀ ਪੱਖ ਮਹਿਜ਼ ਸੇਧ ਮਾਤਰ ਹੋਣਾ ਚਾਹੀਦਾ ਹੈ, ਕੈਦ ਨਹੀਂ ਬਣਨਾ ਚਾਹੀਦਾ।ਪਰ ਮੰਦੇ ਭਾਗਾਂ ਨੂੰ ਬਹੁਤੇ ਨਾਮ ਧਰੀਕ ਪੰਜਾਬੀ ਦੇ ਗ਼ਜ਼ਲਗੋ ਇਸ ਦੇ ਕੈਦੀ ਹਨ। ਗ਼ਜ਼ਲ ਦਾ ਤਕਨੀਕੀ ਪੱਖ ਇਕ ਸਿੱਧੇ ਹੋਏ ਅਨੁਭਵੀ ਗ਼ਜ਼ਲਗੋ ਲਈ ਤਾਂ ਵਰਦਾਨ ਹੈ, ਪਰ ਅਰੂਜ਼ ਦੇ ਕੈਦੀ ਲਈ ਸਰਾਪ ਹੈ। ਸਰਾਪ ਉਦੋਂ ਬਣਦਾ ਹੈ ਜਦ ਗ਼ਜ਼ਲਗੋ ਤਕਨੀਕ ਸਿੱਖ ਲੈਣ ਤੋਂ ਬਾਅਦ ਇਸ ਦਾ ਗੁਲੰਮਾ ਕਰਨ ਲੱਗ ਪੈਂਦ ਹਨ। ਉਨ੍ਹਾਂ ਨੂੰ ਇਕ ਨਫਾ ਵੀ ਹੈ ਕਿ, ਕਥਤ ਗ਼ਜ਼ਲਗੋ ਜਦੋਂ ਵੀ ਚਾਹੁਣ ਪੰਜ-ਸੱਤ ਸ਼ਿਅਰ ਜੋੜ ਕੇ ਗ਼ਜ਼ਲਗੋ ਹੋਣ ਦਾ ਭਰਮ ਪਾਲ ਲੈਂਦੇ ਹਨ।

ਗ਼ਜ਼ਲ ਦੀ ਟਕਸਾਲੀ ਪ੍ਰੰਪਰਾ ਅਨੁਸਾਰ ਸ਼ਿਅਰਾਂ ਦਾ ਆਪਸ ਵਿਚੀ ਤਕਨੀਤੀ ਰਾਬਤਾ ਹੋਣਾ ਜ਼ਰੂਰੀ ਹੈ, ਵਿਸ਼ੇ ਦੀ ਇਕਾਗਰਤਾ ਦਾ ਹੋਣਾ ਜ਼ਰੂਰੀ ਨਹੀਂ। ਇਹ ਮਨੌਤ ਓਦੋਂ ਪ੍ਰਚੱਲਤ ਹੋਈ ਸੀ ਜਦ ਗ਼ਜ਼ਲ, ਦਰਬਾਰਾਂ, ਬਾਜ਼ਾਰਾਂ ਅਤੇ ਮਹਿਫਲਾਂ ਦੀ ਬਾਂਦੀ ਸੀ। ਪਹਿਲੇ ਸਮਿਆਂ ਵਿਚ ਰਾਜੇ ਰਜਵਾੜਿਆਂ ਅਤੇ ਧਨਾਡਾਂ ਨੇ ਗਾਇਕਾਂ ਅਤੇ ਕਵੀਆਂ ਨੂੰ ਆਪਣੇ ਮਨੋਰੰਜ ਲਈ ਤਨਖਾਹ ਤੇ ਰੱਖਿਆ ਹੋਇਆ ਹੁੰਦਾ ਸੀ। ਗ਼ਜ਼ਲਗੋ ਹੁਕਮਰਾਨ ਨੂੰ ਖੁਸ਼ ਕਰਨ ਜਾਂ ਮਹਿਫਲ ਦੀ ਫਿਜ਼ਾ ਨੂੰ ਲੋੜ ਅਨੁਸਾਰ ਖੁਸ਼ਗਵਾਰ ਬਨਾਉਣ ਲਈ ਸ਼ਿਅਰ ਕਹਿੰਦੇ ਸਨ, ਜਿਵੇਂ ਜਿਵੇਂ ਮਹਿਫਲ ਦੇ ਮੂਡ ਬਦਲਦੇ ਸਨ ਤਿਵੇਂ ਤਿਵੇਂ ਸ਼ਿਅਰਾਂ ਦੇ ਮਿਜਾਜ਼ ਅਤੇ ਵਿਸ਼ੇ ਬਦਲੀ ਜਾਂਦੇ ਸਨ। ਉਦੋਂ ਲੋਕਾਂ ਪਾਸ ਮਨੋਰੰਜਨ ਲਈ ਵਿਹਲ ਸੀ ਜਿਸ ਨੂੰ ਭਰਨ ਲਈ ਕਲਾ ਨੂੰ ਮਹਿਜ਼ ਕਲਾ ਦੇ ਤੌਰ ਤੇ ਵਰਤਿਆ ਜਾਂਦਾ ਸੀ ((Art for art sake) ਸਮਕਾਲੀ ਜੀਵਨ ਦੀਆਂ ਸਮੱਸਿਆਵਾਂ, ਪੁਚੀਦਾ ਅਤੇ ਗੁੰਝਲਦਾਰ ਹੋਣ ਦੇ ਨਾਤੇ, ਆਦਮੀ ਦੀ ਮਾਨਸਿਕਤਾ ਵਿਚ ਧਸ ਗਈਆਂ ਹਨ। ਇਨਸਾਨੀ ਮਨ ਖਿਆਲਾਂ ਦੀ ਖੱਡੀ ਮਾਤਰ ਹੈ ਜਿਸ ਤੇ ਜੋ ਵੀ ਬੁਣਿਆਂ ਜਾਂਦਾ ਹੈ, ਉਸ ਵਿਚੋਂ ਵਿਸ਼ੇ ਦੀ ਤੰਦ ਨਹੀਂ ਟੁੱਟਦੀ। ਅਜੇਹੀ ਮਨੋਦਸ਼ਾ ਜਾਂ ਮੂਡ ਸ਼ਿਅਰਾਂ ਦੀ ਸੁਜੀਵਕ ਇਕਾਈ (Organic unity) ਨੂੰ ਟੁੱਟਣ ਨਹੀਂ ਦਿੰਦੀ। ਇਸ ਧਾਰਨਾ ਬਾਰੇ ਮੈਂ ਬਹੁਤ ਪਹਿਲਾਂ ਲਿਖ ਚੁਕਿਆਂ ਹਾਂ ਜਿਸ ਦਾ ਸਮਰਥਨ ਸੁਰਜੀਤ ਪਾਤਰ ਨੇ ਆਪਣੀ ਪੁਸਤਕ, 'ਸੁਰਜ਼ਮੀਨ' ਵਿਚ ਬਖ਼ੂਬੀ ਕੀਤਾ ਹੈ ਕਿ, "ਹਰ ਗ਼ਜ਼ਲ ਇਕ ਰਾਗ, ਇਕ ਤਾਲ, ਇਕ ਮੂਡ ਹੁੰਦੀ ਹੈ। ਜੇ ਸ਼ਿਅਰਾਂ ਦੀ ਸੁਤੰਤਰਤਾ ਮੂਡ ਨੂੰ ਭੰਗ ਕਰੇ ਤਾਂ ਗ਼ਜ਼ਲ ਦਾ ਪ੍ਰਭਾਵ ਖੰਡਿਤ ਹੋ ਜਾਂਦਾ ਹੈ।" ਪਰ ਅਰੂਜ਼ ਦੇ ਕੈਦੀਆਂ ਦੀਆਂ ਗ਼ਜ਼ਲਾਂ ਵਿਚ ਵਿਚਾਰ ਦੀ ਫਿਰਕੀ ਇਕ ਥਾਂ ਤੇ ਨਹੀਂ ਟਿਕਦੀ ਕਿਉਂਕਿ ਉਨ੍ਹਾਂ ਦਾ ਧਿਆਨ ਵਿਸ਼ੇ ਨੂੰ ਉਸਾਰਨ ਵਲ ਨਹੀਂ, ਗ਼ਜ਼ਲ ਦਾ ਤਕਨੀਕੀ/ ਸ਼ਿਲਪੀ ਖੱਪਾ ਭਰਨ ਵਲ ਰਹਿੰਦਾ ਹੈ। ਫਲਸਰੂਪ, ਅਰੂਜ਼ ਦੀ ਜਾਣਕਾਰੀ ਉਨ੍ਹਾਂ ਲਈ ਗਲ ਪਿਆ ਢੋਲ ਬਜਾਉਣ ਦਾ ਬੰਧਨ ਬਣ ਜਾਂਦੀ ਹੈ।

ਗ਼ਜ਼ਲ ਕਹਿਣਾ, ਕਵਿਤਾ ਲਿਖਣ ਨਾਲੋਂ ਕਿਤੇ ਔਖਾ ਹੈ। ਕਵਿਤਾ ਵਿਚ ਵਿਚਾਰ ਦੇ ਵਿਸਤਾਰ ਲਈ ਥਾਂ ਹੈ, ਪਰ ਗ਼ਜ਼ਲ ਦੇ ਹਰ ਸ਼ਿਅਰ ਦੇ ਅਰੂਜ਼ ਦੇ ਪਾਬੰਦ ਅਤੇ ਵਿਸ਼ੇ ਪੱਖੋਂ ਆਤਮ ਸੰਪੰਨ ਹੋਣ ਕਰਕੇ, ਅਜੇਹੀ ਕੋਈ ਗੁੰਜਾਇਸ਼ ਨਹੀਂ। ਇਸ ਕਰਕੇ ਸ਼ਿਅਰ ਕੁੱਜੇ ਵਿਚ ਸਮੁੰਦਰ ਬੰਦ ਕਰਨ ਬਰਾਬਰ ਹੈ। ਅਜੇਹਾ ਤਾਂ ਹੀ ਸੰਭਵ ਹੈ ਜੇ ਗ਼ਜ਼ਲਗੋ ਦਾ ਅਨੁਭਵ ਵਿਸ਼ਾਲ ਅਤੇ ਸੋਚਣੀ ਵਿਚ ਫਲਸਫ਼ਾ ਹੋਵੇ। ਇਸ ਕਸਬ ਲਈ ਗਿਆਨ ਦੀ ਸਰਬੱਗਤਾ (Omniscience), ਅਰਥਾਤ, ਵੱਖ ਵੱਖ ਗਆਨ ਖੇਤਰਾਂ ਦੀ ਵਾਕਫੀਅਤ (Consilience) ਦਾ ਬਹੁਤ ਮਹੱਤਵ ਹੈ। ਅਜਿਹੀ ਸੋਚਣੀ ਵਾਲੇ ਕਵੀ ਜੋ ਵੀ ਲਿਖਣਗੇ ਉਸ ਵਿਚ ਜੀਵਨ ਦੀ ਫਿਲੌਸਫੀ ਦਾ ਰਹੱਸ ਜ਼ਰੂਰ ਵਿਦਮਾਨ ਹੋਵੇਗਾ।

ਵਿਸ਼ਾ ਕੋਈ ਵੀ ਹੋਵੇ ਅਤੇ ਗ਼ਜ਼ਲ ਵਿਚ ਇਸ ਦੀ ਇਕਾਗਰਤਾ ਨਾ ਵੀ ਹੋਵੇ, ਪਰ ਇਹ ਸ਼ਿਅਰਾਂ ਵਿਚੋਂ ਨਗ ਦੇ ਨਗੀਨੇ ਵਾਂਗ ਉੱਠਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਵਿਸ਼ੇ ਨੂੰ ਨਜ਼ਾਕਤ (ਸੂਖਮਤਾ), ਲਤਾਫ਼ਤ (ਬਰੀਕੀ), ਅਤੇ ਬਾਂਕਪੰਨ (ਨਖਰਾ) ਨਾਲ ਸ਼ਿੰਗਾਰ ਕੇ ਪੇਸ਼ ਕੀਤਾ ਜਾਵੇ। ਵਿਸ਼ਾ ਦੇ ਚੰਗੇ ਜਾਂ ਮਾੜੇ ਹੋਣ ਦਾ ਤਕਾਜ਼ਾ ਇਸ ਵਿਚਲੀ ਸਮੱਗਰੀ ਦੀ ਵਾਸਤਵਿਕਤਾ ਅਤੇ ਉਸ ਦੇ ਨਿਭਾਉ ਤੇ ਨਿਰਭਰ ਹੈ। ਹਰ ਵਿਸ਼ਾ ਇਨਸਾਨ ਦੀ ਬ੍ਰਹਿਮੰਡਕ ਸਾਪੇਖਤਾ (Cosmic Relativism) ਨਾਲ ਬੱਝਾ ਹੋਇਆ ਹੈ। ਇਸ ਵਿਚ ਜ਼ਾਤ ਤੋਂ ਕਾਇਨਾਤ ਤਕ ਦਾ ਵਿਸਤਾਰ ਹੈ। ਇਨਸਾਨੀ ਹੋਂਦ ਕੇਂਦਰੀ ਬਿੰਦੂ ਹੈ ਜਿਸ ਦੁਆਲੇ ਸਭਿਆਚਾਰਕ ਕਦਰਾਂ ਕੀਮਤਾਂ ਦਾ ਝੁਰਮਟ ਹੈ ਜਿਸ ਵਿਚ ਜੀਣ-ਥੀਣ ਦੇ ਢੰਗ, ਕਾਇਦਾ ਕਾਨੂੰਨਾਂ ਨੈਤਕਤਾ ਅਤੇ ਸਮਾਜਿਕ ਕਦਰਾਂ ਕੀਮਤਾਂ ਦਾ ਬਹੁਤ ਮਹੱਤਵ ਹੈ। ਸਮੇਂ ਨਾਲ ਸਭਿਆਚਾਰਕ ਸਰੋਕਾਰ ਬਦਲਦੇ ਹਨ, ਫਲਸਰੂਪ ਇਨ੍ਹਾਂ ਦਾ ਸਾਹਿਤ ਵਿਚ ਚਿਤਰਨ ਵੀ ਬਦਲਦਾ ਹੈ। ਕਿਸੇ ਵਿਚਾਰ ਨੂੰ ਪੁਰਾਣੇ ਗ਼ਜ਼ਲਗੋ ਜਿਵੇਂ ਵਿਅਕਤ ਕਰਦੇ ਸਨ, ਉਸੇ ਨੂੰ ਨਵੇਂ ਕਿਸੇ ਹੋਰ ਲਹਿਜ਼ੇ ਅਤੇ ਕੋਨ ਤੋਂ ਚਿਤਰਨਗੇ। ਇਨ੍ਹਾਂ ਦੋਹਾਂ ਵਿਚਲਾ ਅੰਤਰ, ਗੱਲ ਕਹਿਣ ਦੇ ਢੰਗ ਅਤੇ ਸ਼ਬਦਾਬਲੀ ਦੀ ਨਵੀਨਤਾ ਵਿਚੋਂ ਪ੍ਰਗਟ ਹੋਵੇਗਾ।

ਪੰਜਾਬੀ ਗ਼ਜ਼ਲ ਉਰਦੂ-ਫਾਰਸੀ ਰਾਹੀਂ ਹੋਂਦ ਵਿਚ ਆਈ ਹੈ। ਇਸ ਲਈ ਇਸ ਦਾ ਮੁਕਾਬਲਾ ਵੀ ਉਰਦੂ ਗ਼ਗ਼ਲਾਂ ਨਾਲ ਕਰਨਾ ਚਾਹੀਦਾ ਹੈ। ਇਸ ਮੰਤਵ ਨੂੰ ਧਿਆਨ ਵਿਚ ਰਖਦਿਆਂ, ਕੁਝ ਉਰਦੂ ਦੇ ਸ਼ਿਅਰਾਂ ਨਾਲ ਪੰਜਾਬੀ ਦੇ ਮੇਚਵੇਂ ਜਾਂ ਨੇੜੇ-ਤੇੜੇ ਢੁੱਕਦੇ ਸ਼ਿਅਰਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਸਹੂਲਤ ਲਈ ਸ਼ਿਅਰਾਂ ਦੀ ਵਿਸ਼ੇ ਵੰਡ ਕੀਤੀ ਗਈ ਹੈ।

ਖੁਦਾ, ਇਨਸਾਨੀਅਤ 'ਤੇ ਅਸਤਿਤਵ ਦੀ ਤ੍ਰਿਵੈਣੀ, ਹਯਾਤੀ ਦਾ ਕੇਂਦਰੀ ਬਿੰਦੂ ਹੈ ਅਤੇ ਇਸ ਦਾ ਕਾਰਜ ਖੇਤਰ ਦਰਸ਼ਨ ਦੇ ਘੇਰੇ ਵਿਚ ਵਿਚਰਦਾ ਹੈ।ਜੇਕਰ ਗ਼ਜ਼ਲ ਵਿਚ ਇਨ੍ਹਾਂ ਦਾ ਚਿਤਰਨ ਦਾਰਸ਼ਨਿਕ ਪੱਧਰ ਤੇ ਹੋਵੇ ਤਾਂ ਸ਼ਿਅਰ 'ਸੋਨੇ ਤੇ ਸੁਹਾਗੇ' ਵਾਂਗ ਚਮਕ ਉਠਦਾ ਹੈ।

ਖ਼ਿਰਦ ਮਰਦੋਂ ਸੇ ਕਯਾ ਪੂਛੂੰ ਕੇ ਮੇਰੀ ਇਬਤਿਦਾ ਕਯਾ ਹੈ।
ਕੇ ਮੈਂ ਇਸ ਫ਼ਿਕਰ ਮੇਂ ਰਹਤਾ ਹੂੰ, ਮੇਰੀ ਇੰਤਿਹਾ ਹੈ।
ਖੁਦੀ ਕੋ ਕਰ ਬਲੰਦ ਇਤਨਾ ਕੇ ਹਰ ਤਕਦੀਰ ਸੇ ਪਹਲੇ,
ਖ਼ੁਦਾ ਬੰਦੇ ਸੇ ਖ਼ੁਦ ਪੂਛੇ ਬਤਾ ਤੇਰੀ ਰਜ਼ਾ ਕਿਯਾ ਹੈ -ਇਕਬਾਲ

ਨਾ ਥਾ ਕੁਛ ਤੋ ਖੁਦਾ ਥਾ, ਕੁਛ ਨਾ ਹੋਤਾ ਤੋ ਖ਼ੁਦਾ ਹੋਤਾ,
ਡਬੋਇਆ ਮੁਝ ਕੋ ਹੋਨੇ ਨੇ, ਨਾ ਹੋਤਾ ਮੈਂ ਤੋ ਕਿਆ ਹੋਤਾ।
-ਗਾਲਬ

ਕੋਈ ਤਾਂ ਹੈ ਜ਼ਰੂਰ ਬਦਨ ਦੇ ਮਕਾਨ ਵਿਚ
ਮੈਨੂੰ ਆਵਾਜ਼ ਦੇ ਰਿਹੈ ਮੇਰੀ ਜ਼ੁਬਾਨ ਵਿਚ -ਜਗਤਾਰ

ਅੱਗ ਹੈ ਪਾਣੀ ਹੈ, ਇਹ ਆਕਾਸ਼ ਹੈ ਜਾਂ ਪੌਣ ਹੈ।
ਮੇਰੇ ਚੇਤਨ ਤੇ ਅਵਚੇਚਨ ਦੇ ਵਿਚਾਲੇ ਕੌਣ ਹੈ। -ਜਸਵਿੰਦਰ

ਮੈਨੂੰ ਮਿੱਟੀ ਬਣਾਇਆ ਤਾਂ ਇਹ ਅਸੀਸ ਵੀ ਦੇ,
ਮੈਂ ਉਗਦੇ ਬੀਜ ਨੂੰ ਖਿੜਦੇ ਗੁਲਾਬ ਤਕ ਦੇਖਾਂ। -ਪਾਤਰ

ਪ੍ਰਗਤੀਵਾਦ ਗ਼ਜ਼ਲ ਕਹਿਣ ਵਾਲਿਆਂ ਦਾ ਮਨਭੌਂਦਾ ਵਿਸ਼ਾ ਹੈ ਕਿਉਂਕਿ ਇਸ ਵਿਚ ਬੁਰਜੁਆਈ/ਧਨਾਡ (Bourgeois) ਸਮਾਜਕ ਕਦਰਾਂ ਕੀਮਤੀ ਦਾ ਪ੍ਰੋਲੋਤਰੀਅਤ/ ਮਜ਼ਦੂਰੀਅਤ (Proletariat) ਕਦਰਾਂ ਕੀਮਤਾਂ ਨਾਲ ਟਾਕਰਾ ਹੁੰਦਾ ਹੈ। ਇਨਸਾਨੀ ਇਤਿਹਾਸ ਦਾ ਅਹਿਮ ਅੰਗ ਹੋਣ ਦੇ ਨਾਤੇ, ਇਹ ਵਿਸ਼ਾ ਗ਼ਜ਼ਲ ਵਿਚ ਬਖ਼ੂਬੀ ਵਿਅਕਤ ਹੋਇਆ ਹੈ।

ਮਤਾਅ-ਏ-ਲੌਹ-ਓ-ਕਲਮ ਛਿਨ ਗਈ ਤੋ ਕਿਆ ਗ਼ਮ ਹੈ
ਕਿ ਖ਼ੂਨ-ਏ-ਦਿਲ ਮੇਂ ਡਬੋ ਲੀਂ ਹੈਂ ਉਂਗਲੀਆਂ ਮੈਂ ਨੇ
ਜ਼ੁਬਾਂ ਪਿ: ਮੁਹਰ ਲਗੀ ਹੈ ਤੋ ਕਿਆ ਕਿ ਰਖ ਦੀ ਹੈ
ਹਰ ਏਕ ਹਲਕਾ-ਏ-ਜ਼ੰਜੀਰ ਮੇਂ ਜ਼ਬਾਂ ਮੈਂ ਨੇ। -ਫੈਜ਼

ਹਮ ਭੀ ਦਰਿਆ ਹੈਂ ਹਮੇਂ ਅਪਨਾ ਹੁਨਰ ਮਾਲੂਕ ਹੈ
ਜਿਸ ਤਰਫ਼ ਵੀ ਚਲ ਪੜੇਂਗੇ ਰਸਤਾ ਹੋ ਜਾਏਗਾ
-ਬਸ਼ੀਰ ਬਦਰ

ਬੜੇ ਲੋਗੋਂ ਸੇ ਮਿਲਨੇ ਮੇਂ ਹਮੇਸ਼ਾ ਫ਼ਾਸਲਾ ਰਖਨਾ
ਜਹਾਂ ਦਰਿਆ ਸਮੁੰਦਰ ਸੇ ਮਿਲਾ ਦਰਿਆ ਨਹੀਂ ਰਹਿਤਾ।
-ਬਸ਼ੀਰ ਬਦਰ

ਸੋ ਜਾਤੇ ਹੈਂ ਫੁਟਪਾਥ ਪੇ ਅਖ਼ਬਾਰ ਵਿਛਾ ਕਰ
ਮਜ਼ਦੂਰ ਭੀ ਨੀਂਦ ਕੀ ਗੋਲੀ ਨਹੀਂ ਖਾਤੇ। -ਮੁਨੱਵਰ ਰਾਨਾ

ਏਦਾਂ ਉਡਾ ਕੇ ਲੈ ਗਈ ਅੱਗੇ ਵਧਣ ਦੀ ਰੀਝ

ਤਕਦੀ ਹਵਾ ਵੀ ਮੇਰਿਆਂ ਪੈਰਾਂ ਨੂੰ ਰਹਿ ਗਈ। -ਤਖਤ ਸਿੰਘ

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨ੍ਹੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਇਤਿਹਾਸ ਦੇ ਵਰਕ 'ਤੇ, ਤੇ ਵਕਤ ਦੇ ਪਰਾਂ 'ਤੇ,
ਉਂਗਲ ਡਬੋ ਲਹੂ ਵਿਚ, ਲਿਖਿਆ ਹੈ ਨਾਮ ਤੇਰਤ। -ਜਗਤਾਰ

**ਰੁਮਾਂਸਵਾਦ:** ਪਿਆਰ ਮੁਹੱਬਤ ਹਯਾਤੀ ਨੂੰ ਅਰਪਤ ਕੀਤਾ ਹੋਇਆ ਵਰਦਾਨ ਹੈ।ਇਸ਼ਕ ਦੀ ਕੋਈ ਜ਼ਾਤ, ਗੁਣ ਜਾਂ ਮਰਿਆਦਾ ਨਹੀਂ ਹੁੰਦੀ ਇਹ ਜੀਵਨ ਦੇ ਕਿਸੇ ਵੀ ਰਿਸ਼ਤੇ ਦੇ ਰੂਪ ਵਿਚ ਵਿਅਕਤ ਹੋ ਸਕਦਾ ਹੈ।

ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।
-ਇਕਬਾਲ

ਨਾਜ਼ੁਕੀ ਉਸ ਕੇ ਲਬ ਕੀ ਕਿਆ ਕਹੀਏ
ਪੰਖੜੀ ਇਕ ਗੁਲਾਬ ਕੀ ਸੀ ਹੈ। -ਮੀਰ ਤਕੀ ਮੀਰ

ਕਿਆ ਏਕ ਹੀ ਡੋਰ ਮੇਂ ਬੰਧੀ ਉਨ ਕੀ ਨਜ਼ਾਕਤ
ਜਬ ਹਿਲਤੀ ਹੈ ਗਰਦਨ ਤੋ ਲਚਕਤੀ ਹੈ ਕਮਰ ਵੀ। -ਦਾਗ਼

ਜਕੜੀ ਹੂਈ ਹੈ ਇਨਮੇਂ ਮੇਰੀ ਸਾਰੀ ਕਾਇਨਾਤ
ਗੋ ਦੇਖਨੇ ਮੇਂ ਨਰਮ ਹੈਂ ਤੇਰੀ ਕਲਾਈਆਂ।
- ਅਹਿਮਦ ਨਦੀਮ ਕਾਸਮੀ

ਰੋਜ਼ ਉਸਦਾ ਹਾਰ ਟੁੱਟ ਜਾਇਆ ਕਰੇ,
ਮੁਸਕ੍ਰਾਂਦੀ ਆਕੇ ਬਣਵਾਇਆ ਕਰੇ।
ਮੇਰੇ ਪੁੱਛਣ ਤੇ ਕਿ ਟੁੱਟਾ ਕਿਸ ਤਰਾਂ,
ਪਾਕੇ ਵਲ ਗਰਦਨ ਨੂੰ ਸ਼ਰਮਾਇਆ ਕਰੇ। -ਬਾਵਾ ਬਲਬੰਤ

ਤੇਰਾ ਹਸ ਕੇ ਬਲਾਉਣਾ ਲਗਾ ਸੀ ਇੰਝ ਮੈਨੂੰ
ਫੁੱਲਾਂ ਚੋਂ ਮੁਸਕਰਾ ਕੇ ਖ਼ੁਸ਼ਬੂ ਨੇ ਹਾਕ ਮਾਰ।
- ਹਰਜਿੰਦਰ ਕੰਗ

ਉਰਦੂ ਅਤੇ ਪੰਜਾਬੀ ਦੇ ਉਤਲੇ ਸ਼ਿਅਰ 'ਚੋਂ ਉਰਦੂ ਸ਼ਿਅਰਾਂ ਵਿਚ ਵਿਚਾਰ ਦੀ ਡੂੰਘਾਈ ਦਾ ਵਧੇਰੇ ਅਹਿਸਸ ਹੁੰਦਾ ਹੈ। ਇਹ ਉਰਦੂ ਭਾਸ਼ਾ ਦੀ ਲਤਾਫਿਤ, ਨਜ਼ਾਕਤ ਅਤੇ ਰਬੜੀਪੁਣੇ ਕਰਕੇ ਹੈ। ਇਸ ਗੱਲ ਦੀ ਤਸਦੀਕ ਉਨ੍ਹਾਂ ਗ਼ਲਗੋਆਂ ਦੇ ਸ਼ਿਅਰਾਂ ਤੋਂ ਭਲੀਭਾਂਤ ਹੁੰਦੀ ਹੈ ਜਿਨ੍ਹਾਂ ਨੇ ਦੋਹਾਂ ਭਾਸ਼ਾਵਾਂ ਵਿਚ ਸ਼ਿਅਰ ਕਹੇ ਹਨ ਜਿਵੇਂ ਫੈਜ਼ ਅਹਿਮਦ ਫੈਜ਼ ਅਤੇ ਤਖਤ ਸਿੰਘ ਆਦਿ। ਇਹ ਗੱਲ ਟਕਸਾਲੀ ਵਿਸ਼ਿਆ ਬਾਰੇ ਲਿਖੀਆਂ ਗ਼ਜ਼ਲਾਂ ਵਿਚ ਵਧੇਰੇ ਉਭਰਵਾਂ ਹੈ ਕਿਉਂਕਿ ਉਰਦੂ ਦੀ ਸ਼ਬਦਾਬਲੀ ਪੰਜਾਬੀ ਨਾਲੋਂ ਬਹੁਤ ਜ਼ਰਖੇਜ਼ ਹੈ।ਪਰ ਆਧੁਨਿਕ ਗ਼ਜ਼ਲ ਵਿਚ ਭਾਸ਼ਾ ਦਾ ਫਰਕ ਪੇਤਲਾ ਪੈਂਦਾ ਜਾਂਦਾ ਹੈ ਕਿਉਂਕਿ ਨਵੇਂ ਵਿਸ਼ਿਆਂ ਲਈ ਭਾਸ਼ਾ ਵੀ ਨਵੀਂ ਚਾਹੀਦੀ ਹੈ। ਇਸ ਗੱਲ ਦੀ ਪੁਸ਼ਟੀ ਲਈ ਕੁਝ ਉਰਦੂ-ਪੰਜਾਬੀ ਦੇ ਆਧੁਨਿਕ ਸ਼ਿਅਰ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚ ਵਿਸ਼ੇ-ਵੰਡ ਨਾਲੋਂ ਸ਼ਿਅਰਾਂ ਦੀ ਆਧੁਨਿਕ ਮਾਰਮਿਕਤਾ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਖੁਸ਼ਕ ਹੋ ਜਾਏਗੀ ਰੋਤੇ ਹੂਏ ਸਹਿਰਾ ਕੀ ਤਰਹ
ਕੁਛ ਵਚਾ ਕਰ ਭੀ ਤੋ ਇਸ ਆਂਖ ਮੇਂ ਆਂਸੂ ਰੱਖੋ।

ਯਾਦ ਆਏਗੀ ਤੁਮਹਾਰੀ ਹੀ ਸਫ਼ਰ ਮੇ ਉਸ ਕੋ
ਉਸ ਕੇ ਰੂਮਾਲ ਮੇਂ ਇਕ ਅੱਛੀ ਸੀ ਖ਼ੁਸ਼ਬੂ ਰੱਖੋ। -
ਇਫ਼ਤਿਖ਼ਾਰ ਨਸੀਮ

ਇਸ ਤਰਹ ਮੇਰੇ ਗੁਨਾਹੋਂ ਕੋ ਧੋ ਦੇਤੀ ਹੈ
ਮਾਂ ਬਹੁਤ ਗੁੱਸੇ ਮੇਂ ਹੋਤੀ ਹੈ ਤੋ ਰੋ ਦੇਤੀ ਹੈ। -ਮੁਨੱਵਰ ਰਾਨਾ

ਵੋਹ ਅਸ਼ਕ ਮਨ ਕੇ ਮੇਰੀ ਚਸ਼ਮੇ ਤਰ ਮੇਂ ਰਹਿਤਾ ਹੈ
ਅਜੀਬ ਸ਼ਖ਼ਸ ਹੈ ਪਾਨੀ ਕੇ ਘਰ ਮੇਂ ਰਹਿਤਾ ਹੈ।
-ਪਰਵੀਨ ਸ਼ਾਕਿਰ

ਕੋਈ ਹਾਥ ਭੀ ਨਾ ਮਿਲਾਏਗਾ ਜੋ ਗਲੇ ਮਿਲੋਗੇ ਤਪਾਕ ਸੇ
ਯੇ ਨਏ ਮਿਜ਼ਾਕ ਦਾ ਸ਼ਹਿਰ ਹੈ ਜ਼ਰਾ ਫ਼ਾਸਲੇ ਸੇ ਮਿਲਾ ਕਰੋ।

ਯੇ ਖ਼ਿਜ਼ਾਂ ਕੀ ਜ਼ਰਦ ਸੀ ਸ਼ਾਲ ਮੇਂ ਜੋ ਉਦਾਸ ਪੇੜ ਕੇ ਪਾਸ ਹੈ
ਯੇ ਤੁਮਹਾਰੇ ਘਰ ਕੀ ਬਹਾਰ ਹੈ ਇਸੇ ਆਂਸੂਓਂ ਸੇ ਹਰਾ ਕਰੋ।
-ਬਸ਼ੀਰ ਬਦਰ

ਇਹ ਜੀਵਨ, ਜਿਸਮ ਤੇ ਧਰਤੀ ਦੇ ਵਿਚ ਇਕ ਅਹਿਦਨਾਮਾ ਹੈ,
ਉਹੀ ਬੰਦਾ ਹੈ ਜੋ ਇਸ ਅਹਿਦ ਦੇ ਖ਼ਾਕੇ 'ਚ ਢਲ ਜਾਏ।
ਫ਼ਿਰ ਉਸ ਦੇ ਪਾਰਦਰਸ਼ੀ ਹੋਣ ਦਾ ਕੀ ਅਰਥ ਰਹਿ ਜਾਂਦੈ,
ਜੇ ਸ਼ੀਸ਼ਾ ਪਰਦਿਆਂ ਵਿਚ ਹੋ ਰਹੀ ਸਾਜਿਸ਼ 'ਚ ਰਲ ਜਾਏ।
-ਸੁਰਜੀਤ ਸਖੀ

ਇਕ ਥਾਂ 'ਤੋਂ ਪਰਦਾ ਖਿੱਚ ਕੇ ਦੂਜੀ 'ਤੇ ਪਾਉਂਦਿਆਂ।
ਮੈਂ ਅਲਫ਼ ਨੰਗਾ ਹੋ ਗਿਆ ਚਿਹਰਾ ਛੁਪਾਉਂਦਿਆਂ।
ਮੇਰੇ ਕੰਢੇ 'ਤੋਂ ਜੇ ਪਿਆਸੀ ਹੀ ਪਰਤ ਜਾਂਦੀ ਤਾਂ
ਮੈਂ ਪਾਣੀ ਹੋਣ ਦਾ ਗੌਰਵ ਗਵਾ ਲਿਆ ਹੁੰਦਾ।
- ਵਿਜੇ ਵਿਵੇਕ

ਹਨ੍ਹੇਰਾ ਮਨ ਦਾ ਤੇ ਅੱਖਾਂ ਦਾ ਘੱਟਾ ਧੋਣ ਲੱਗਾ ਹਾਂ
ਐ ਜਗਦੇ ਦੀਵਿਓ ! ਛੁਪ ਕੇ ਤੁਹਾਥੋਂ ਰੋਣ ਲੱਗਾ ਹਾਂ
ਕਈ ਅੱਖਰ ਬਦਲ ਬੈਠਾ ਮੈਂ ਅਪਣਾ ਤਰਜੁਮਾ ਕਰਦਾ
ਮੈਂ ਕੀ ਕੀ ਹੋਣ ਵਾਲ਼ਾ ਸਾਂ ਤੇ ਕੀ ਕੀ ਹੋਣ ਲੱਗਾ ਹਾਂ
-ਗੁਰਤੇਜ ਕੁਹਾਰਵਾਲਾ

ਸਿਰਾਂ 'ਤੇ ਕਿਸ਼ਤੀਆਂ ਧਰ ਕੇ ਮਲਾਹਾਂ ਨੂੰ ਪਿਆ ਮੁੜਨਾ,
ਗਏ ਸੀ ਟਾਪੂਆਂ ਦੀ ਭਾਲ ਵਿਚ, ਸਾਗਰ ਗੁਆ ਆਏ।
ਅੱਜ ਵੀ ਕਟ ਸਕਿਆ ਨਾ ਮੋਹ ਦਾ ਜਾਲ ਤੇ ਹਰਨਾ ਪਿਆ।
ਅੱਜ ਵੀ ਮੈਨੂੰ ਬੁੱਧ ਹੋਣਾ ਮੁਲਤਵੀ ਕਰਨਾ ਪਿਆ।

ਇਹੀ ਤਾਂ ਦੁੱਖ ਹੈ ਯਾਰੋ ਇਹੀ ਤਾਂ ਰੋਣਾ ਹੈ
ਕਿ ਹੋ ਕੇ ਬੂੰਦ ਮੈਂ ਇਕ ਥਲ 'ਚੋਂ ਪਾਰ ਹੋਣਾ ਹੈ।-ਜਸਵਿੰਦਰ

ਇਸੇ ਬਲਾ ਦਾ, ਇਸੇ ਕਹਿਰ ਦਾ ਤਾਂ ਰੋਣਾ ਸੀ।
ਪੁਲਾਂ ਬਿਨਾਂ ਅਸੀਂ ਅੱਗਾਂ ਤੋਂ ਪਾਰ ਹੋਣਾ ਸੀ। -ਤਖਤ ਸਿੰਘ

ਮੈਂ ਨਿਸਦਿਨ ਸੋਚਦਾ ਰਹਿਨਾਂ ਮੈਂ ਹਰ ਪਲ ਸੁਲਗਦਾ ਰਹਿੰਨਾਂ।
ਮੈਂ ਗੌਤਮ ਹਾਂ ਅਤੇ ਬੁੱਧ ਹੋਣ ਖ਼ਾਤਰ ਤੜਪਦਾ ਰਹਿੰਨਾਂ।

ਤਾਰਿਆਂ ਤੋਂ ਰੇਤ ਵੀ ਬਣਿਆ ਹਾਂ ਮੈਂ,
ਤੈਨੂੰ ਹਰ ਇਕ ਕੋਣ ਤੋਂ ਦੇਖਣ ਲਈ।

ਨੰਗੀਆ ਸ਼ਾਖਾਂ ਨੂੰ ਮੇਰੇ ਮਾਲਕਾ,
ਦੇ ਦੇ ਦੋ ਪੱਤੀਆਂ ਪਹਿਨਣ ਲਈ। - ਸੁਰਜੀਤ ਪਾਤਰ

ਤੂੰ ਖੜੇ ਪਾਣੀ ਦੇ ਅੰਦਰ ਇੱਕ ਪੱਥਰ ਤਾਂ ਉਛਾਲ
ਕੀ ਪਤਾ ਤੂਫਾਨ ਬਣ ਜਾਂਦਾ ਹੈ ਕਿਹੜੀ ਲਹਿਰ ਦਾ।
- ਬਰਜਿੰਦਰ ਚੌਹਾਨ

ਮੈਂ ਤਾਂ ਮਿੱਟੀ ਹਾਂ ਜੇ ਰੁੜਦੀ ਨਾ ਤਾਂ ਉਡਦੀ ਖਾਕ ਬਣ,
ਇਹ ਨਦੀ ਕਿਉਂ ਆਫਰੀ ਫਿਰਦੀ ਹੈ ਮੈਨੂੰ ਰੋੜ੍ਹ ਕੇ।
ਨਾ ਕਿਸੇ ਦਾ ਕਫਨ ਬਣ ਸੱਕੀ ਨਾ ਬਣ ਸੱਕੀ ਲਿਬਾਸ,
ਬਹੁਤ ਛੋਟੀ ਮੇਰੀਆਂ ਗ਼ਜ਼ਲਾਂ ਦੀ ਚਾਦਰ ਹੈ ਅਜੇ।
-ਜਗਤਾਰ

ਬਿਰਛ ਘਣਛੱਤਾ ਜੇ ਛਾਂਗਣ ਲਗ ਗਿਐਂ ਤਾਂ ਸੋਚ ਲੈ,
ਮੌਤ ਤੇਰੀ ਵੀ ਕਿਸੇ ਦਿਨ ਇਸ ਤਰਾਂ ਹੀ ਆਏਗੀ।
-ਕੁਵਿੰਦਰ

ਚੁਰਾ ਕੇ ਲੈਗਈ ਮੇਰੇ ਤੋਂ ਮੇਰੇ ਹੋਣ ਦਾ ਦਾਅਵਾ,
ਮਿਰੀ ਭਟਕਣ ਦਾ ਦੱਸੋ ਉਸ ਬਿਨਾ ਫਿਰ ਕੌਣ ਮੁਜਰਮ ਹੈ।
-ਸਸੁਰਿੰਦਰ ਸੀਰਤ

ਏਸ ਖ਼ਬਰ ਦਾ ਭੇਦ ਸਿਆਸੀ ਚਿਹਰੇ ਵਾਲਾ ਲਗਦਾ ਹੈ,
ਪੱਥਰਾਂ ਦੇ ਮੀਂਹ ਚੋਂ ਉਹ ਕੱਚ ਦੀ ਛਤਰੀ ਲੈ ਕੇ ਗੁਜ਼ਰੇਗਾ।
ਮਹਿਲ ਬਣਾ ਕੇ ਬਰਫ ਦਾ, ਉਸ ਨੇ ਮੋਮ ਦੇ ਬੂਹੇ ਲਾਏ ਨੇ,
ਰਾਤ ਪਈ ਤਾਂ ਬਾਲ ਕੇ ਦੀਵਾ ਕਿਸ ਖੂੰਜੇ ਵਿਚ ਰੱਖੇਗਾ।
-ਸੁਰਿੰਦਰ ਸੋਹਲ

ਕਿਹਾ ਜਾਂ ਬੱਚਿਆਂ ਨੂੰ ਮੈਂ ਕਿ ਕੀ ਹੈ ਅੱਗ ਦਾ ਕਾਰਜ,
ਸਿਵੇ ਬਲਦੇ ਬਣਾ ਦਿੱਤੇ ਉਨ੍ਹਾਂ ਨੇ ਕਾਗ਼ਜ਼ਾਂ ਉੱਤੇ।
ਇਨ੍ਹਾਂ ਚੋਂ ਮਿਲਣਗੇ ਕਾਤਿਲਾਂ ਦੇ ਪੈਰ ਚਿੰਨ ਸਾਨੂੰ,
ਹਟਾਓ ਗਰਦ ਜੋ ਜੰਮੀ ਪਈ ਹੈ ਸਰਦਲਾਂ ਉੱਤੇ।
-ਹਰਜਿੰਦਰ ਕੰਗ

ਉਪਰੋਕਤ ਸ਼ਿਅਰਾਂ ਵਿਚ ਕੁਝ ਨਵਾਂ, ਹਟਵਾਂ ਅਤੇ ਅਨੋਖਾ ਹੈ ਅਤੇ ਕਹਿਣ ਦਾ ਅੰਦਾਜ਼ ਵੱਖਰਾ ਹੈ। ਇਨ੍ਹਾਂ ਵਿਚ ਸਾਮਿਅਕ ਵਿਕਾਸ ਦੀ ਝਲਕ ਕਰਕੇ ਪੰਜਾਬੀ ਗ਼ਜ਼ਲ ਦੀ ਚੜ੍ਹਦੀ ਕਲਾ ਦਾ ਦੀਦਾਰ ਹੁੰਦਾ ਹੈ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਹੁਤੀ ਪੰਜਾਬੀ ਗ਼ਜ਼ਲ ਅਜੇ ਵੀ ਇੱਟਾਂ ਵਾਂਗ ਪੱਥੀ ਹੋਈ ਜਾਪਦੀ ਹੈ।

## ਬ੍ਰਿਟਿਸ਼ ਸੰਸਦ ਵਿੱਚ ਹੋਵੇਗਾ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦਾ ਸਨਮਾਨ

**ਨਵੀਂ ਦਿੱਲੀ-** ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਨੂੰ ਬ੍ਰਿਟਿਸ਼ ਸੰਸਦ ਦੇ ਹਾਊਸ ਆਫ ਕਾਮਨਜ਼ ਵਿੱਚ 25 ਜੁਲਾਈ ਨੂੰ 'ਭਾਰਤ ਗੌਰਵ' ਪੁਰਸਕਾਰ ਦਿੱਤਾ ਜਾਵੇਗਾ। ਇਹ ਸਨਮਾਨ ਹਾਸਲ ਕਰਨ ਲਈ ਧਿਆਨਚੰਦ ਦੇ ਬੇਟੇ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਅਸ਼ੋਕ ਕੁਮਾਰ ਨੂੰ ਸੱਦਾ ਦਿੱਤਾ ਗਿਆ ਹੈ। ਅਸ਼ੋਕ ਕੁਮਾਰ ਨੇ ਭੋਪਾਲ ਤੋਂ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਦੌਰਾਨ ਕਿਹਾ, 'ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਬਰਤਾਨਵੀ ਸੰਸਦ ਵਿੱਚ ਇਹ ਕੌਮਾਂਤਰੀ ਸਨਮਾਨ ਮਿਲਣ ਜਾ ਰਿਹਾ ਹੈ ਪਰ ਉਨ੍ਹਾਂ ਦੇ ਆਪਣੇ ਮੁਲਕ ਵਿੱਚ ਉਨ੍ਹਾਂ ਨੂੰ ਹਾਲੇ ਤਕ 'ਭਾਰਤ ਰਤਨ' ਨਹੀਂ ਦਿੱਤਾ ਗਿਆ। ਦੁਨੀਆਂ ਭਰ ਨੇ ਉਨ੍ਹਾਂ ਦੀ ਖੇਡ ਦਾ ਲੋਹਾ ਮੰਨਿਆ ਹੈ।'

# TANDOOR Indian Restaurant

## 27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:

Ph. 510-885-1212
Fax. 510-885-1532

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

## KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



FREE WiFi

Ram Gopal

# Annabelle's Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

## Annabelle's Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat italian Buffet

*(Our Dough is Freshly Rolled Daily and Made of the Finest Ingredients)*

Now Serving Beer &Wine!




Ram Gopal (916) 448-6239
200 "J" Street, Sacramento, CA 95814

Varieties of Video Games Available
Variety of Sandwiches are also available
FREE WiFi
FREE WiFi
FREE WiFi
FREE WiFi

# Bala

## EYE BROW THREADING

NOW OPEN 06-24-15



**Grand Opening Price $6 Eyebrows**

Services Provided:
Threading, Facial, Heena

(Past Walmart Super Center, on the opposite side of the Home Depot, next to Chiropractor)

For more information Call us

916-519-6935

### Price List:

| | |
|---|---|
| Eyebrows - | $8 |
| Lip - | $4 |
| Chin - | $4 |
| Cheeks - | $5 |
| Side - | $6 |
| Jawline - | $8 |
| Forehead - | $4 |
| Neck - | $5 |
| Full Face - | $25+ |
| Half Face - | $15+ |
| Basic Facial - | $45 |
| Signature Facial | $65 |

Visit Us

5800 Antelope RD.
Suite 4
Sacramento, CA 95842

# Teeyan Da Celebration (Ladies ONLY)

sponsored by the

# Punjabi Multicultural Society

**All ladies and girls are invited**



# July 25th, 2015 (Saturday)

## 1:00 - 4:00 PM

**Pittsburg Senior Community Center**
**(Across from Small World Park)**
**300 Presidio Lane, Pittsburg, CA 94565**

Entry Fee: $5
(Children under 5 are FREE)

Preformances & Entertainment: Giddha, Bhangra, Bollywood, Hip-Hop, Live DJ & more. Food & raffle tickets will be sold!

**For participation & further details please contact:**

Ruby Raju at (925)-550-1088 (Cell) or (925)-642-5953 (Cell)

Rebecca White at (925)-759-4180 (Cell)

Kashmir Kaur at (925)-267-4737 (Cell)

Balbir Kaur at (925)-864-3855 (Cell)

**Sponsors**

Balbir Kaur, Jasbinder Kaur Paramjit Kaur, Sudesh Kumari, Kashmir Kaur, Manjit Kaur, Kulbinder Kaur, Kuljit Raju, Satpal Kaur Jhall, Sukhminder Kaur, Surjit Kaur, Mohinder Kaur, Karamjit Kaur, Sonia Resham Kaur, Sayta, Charanjit Kaur, Surinder Kaur Sandhh, Leshmi, Manjit Kaur, Surinder Kaur, Rakesh Rani, Kajol Raju, Gian Kaur - Sapna, Davinder Kaur Bains, Debo Bainse, Renu Phadar, Amrik Chand (CPA) Fremont / Ram Saroay Broker, Saroay Investment Realty Fremont/ Majestic Homes Antioch / Aashian Travel Berkeley/ Mountian Mike's Pizza Hercules/ Spice of India Pittsburg/ Ambedkar Times & Desh Doaba/ Punjab Mail/ GR Video Production Fremont/ India Bazaar Stockton/ Apna Bazaar Antioch/ Crown North Insurance Marketing Inc. Pittsburg/ Shingara Singh President of Shri Guru Ravidass Temple Yuba City/ Parshotam Sood Chairman Shri Guru Ravidass Temple Yuba City, Sandhu Immigration.